


ਮਹਾਨ ਇਨਕਲਾਬੀ ਗਦਰੀ ਯੋਧੇ ਭਾਈ ਪਿਆਰਾ ਸਿੰਘ ਲੰਗੇਰੀ ਨੂੰ ਯਾਦ ਕਰਦਿਆਂ ਵਿਸ਼ੇਸ਼ ਲੇਖ ਅੰਦਰ ਦੇਖੋ


12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL - 12 ISSUE - 40

January 10, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




ਅਦਾਰਾ 'ਦੇਸ ਦੁਆਬਾ' ਵੱਲੋਂ ਅਜ਼ਾਦੀ ਘੁਲਾਟੀਏ, ਗਦਰ ਲਹਿਰ ਅਤੇ ਆਦਿ ਧਰਮ ਦੇ ਬਾਨੀ ਬਾਬੂ ਮੰਗੂ ਰਾਮ ਮੂਗੋਵਾਲੀਆ ਦੇ ਜਨਮ ਦਿਵਸ ਦੀਆਂ ਸਭ ਨੂੰ ਲੱਖ-ਲੱਖ ਵਧਾਈਆਂ। ਸਬੰਧਤ ਸੰਪਾਦਕੀ ਅਤੇ ਵਿਸ਼ੇਸ਼ ਲੇਖ ਅੰਦਰ ਦੇਖੋ।

## ਮੋਦੀ ਨੇ ਪਰਵਾਸੀ ਭਾਰਤੀ ਦਿਵਸ ਮੌਕੇ ਸ਼ੁਭਕਾਮਨਾਵਾਂ ਦਿੱਤੀਆਂ



**ਨਵੀਂ ਦਿੱਲੀ-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਰਵਾਸੀ ਭਾਰਤੀ ਦਿਵਸ ਮੌਕੇ ਪਰਵਾਸੀ ਭਾਰਤੀਆਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਦੇਸ਼ ਦੀ ਅਮੀਰ ਵਿਰਾਸਤ ਨੂੰ ਸੰਭਾਲਣ ਅਤੇ ਵਿਸ਼ਵ ਸਬੰਧਾਂ ਨੂੰ ਮਜ਼ਬੂਤ ਕਰਨ ਪ੍ਰਤੀ ਉਨ੍ਹਾਂ ਦਾ ਸਮਰਪਣ ਸ਼ਲਾਘਾਯੋਗ ਹੈ। ਪਰਵਾਸੀ ਭਾਰਤੀ ਦਿਵਸ ਹਰ ਸਾਲ 9 ਜਨਵਰੀ ਨੂੰ ਭਾਰਤ ਦੇ ਵਿਕਾਸ ਵਿੱਚ ਵਿਦੇਸ਼ੀ ਭਾਰਤੀ ਭਾਈਚਾਰੇ ਦੇ ਯੋਗਦਾਨ ਦਾ ਸਨਮਾਨ ਕਰਨ ਲਈ ਮਨਾਇਆ ਜਾਂਦਾ ਹੈ। ਪ੍ਰਧਾਨ ਮੰਤਰੀ ਨੇ ਐਕਸ 'ਤੇ ਪੋਸਟ ਵਿੱਚ ਕਿਹਾ, 'ਪਰਵਾਸੀ ਭਾਰਤੀ ਦਿਵਸ ਦੀ ਮੁਬਾਰਕਬਾਦ। ਇਹ ਦੁਨੀਆ ਭਰ ਵਿੱਚ ਪਰਵਾਸੀ ਭਾਰਤੀਆਂ ਦੇ ਯੋਗਦਾਨ ਅਤੇ ਪ੍ਰਾਪਤੀਆਂ ਦਾ ਜਸ਼ਨ ਮਨਾਉਣ ਦਾ ਦਿਨ ਹੈ।'

## ਬਿਲਕੀਸ ਬਾਨੋ ਬਲਾਤਕਾਰ ਤੇ ਪਰਿਵਾਰ ਦੀ ਹੱਤਿਆ ਦੇ 11 ਦੋਸ਼ੀਆਂ ਦੀ ਸਜ਼ਾ ਮੁਆਫ਼ੀ ਰੱਦ



**ਨਵੀਂ ਦਿੱਲੀ (ਬਿਊਰੋ)-** ਸੁਪਰੀਮ ਕੋਰਟ ਨੇ ਗੁਜਰਾਤ ਵਿੱਚ 2002 ਵਿੱਚ ਹੋਏ ਦੰਗਿਆਂ ਦੌਰਾਨ ਬਿਲਕੀਸ ਬਾਨੋ ਨਾਲ ਸਮੂਹਿਕ ਬਲਾਤਕਾਰ ਅਤੇ ਉਸ ਦੇ ਪਰਿਵਾਰ ਦੇ ਸੱਤ ਮੈਂਬਰਾਂ ਦੀ ਹੱਤਿਆ ਦੇ ਮਾਮਲੇ ਵਿੱਚ 11 ਦੋਸ਼ੀਆਂ ਨੂੰ ਛੋਟ ਦੇਣ ਦੇ ਗੁਜਰਾਤ ਸਰਕਾਰ ਦੇ ਫੈਸਲੇ ਨੂੰ ਰੱਦ ਕਰਦਿਆਂ ਕਿਹਾ ਕਿ ਇਹ ਹੁਕਮ ਬੜਾ ਬੇਕਾਰ ਜਿਹਾ ਸੀ। ਅਤੇ ਬਿਨਾਂ ਸੋਚੇ ਸਮਝੇ ਦਿੱਤਾ ਗਿਆ ਸੀ। ਜਸਟਿਸ ਬੀਵੀ ਨਾਗਰਤਨਾ ਅਤੇ ਜਸਟਿਸ ਉਜਵਲ ਭੂਈਆਂ ਦੇ ਬੈਂਚ ਨੇ ਦੋਸ਼ੀਆਂ ਨੂੰ ਦੋ ਹਫ਼ਤਿਆਂ ਦੇ ਅੰਦਰ ਜੇਲ੍ਹ ਅਧਿਕਾਰੀਆਂ ਦੇ ਸਾਹਮਣੇ ਆਤਮ ਸਮਰਪਣ ਕਰਨ ਦਾ ਵੀ ਨਿਰਦੇਸ਼ ਦਿੱਤਾ ਹੈ। ਸਜ਼ਾ ਦੇ ਤਬਾਦਲੇ ਨੂੰ ਚੁਣੌਤੀ ਦੇਣ ਵਾਲੀਆਂ ਜਨਹਿੱਤ ਪਟੀਸ਼ਨਾਂ ਨੂੰ ਸੁਣਵਾਈਯੋਗ ਕਰਾਰ ਦਿੰਦੇ ਹੋਏ ਬੈਂਚ ਨੇ ਕਿਹਾ ਕਿ ਗੁਜਰਾਤ ਸਰਕਾਰ ਸਜ਼ਾ ਨੂੰ ਬਦਲਣ ਦਾ ਹੁਕਮ ਦੇਣ ਲਈ ਢੁਕਵੀਂ ਨਹੀਂ ਹੈ। ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਕਿ ਇੱਕ ਰਾਜ ਜਿਸ ਵਿੱਚ ਅਪਰਾਧੀ ਦਾ ਮੁਕੱਦਮਾ ਚਲਾਇਆ ਜਾਂਦਾ ਹੈ ਅਤੇ ਸਜ਼ਾ ਸੁਣਾਈ ਜਾਂਦੀ ਹੈ, ਉਹ ਦੋਸ਼ੀ ਦੀ ਮੁਆਫ਼ੀ ਦੀ ਪਟੀਸ਼ਨ 'ਤੇ ਫੈਸਲਾ ਕਰਨ ਲਈ ਸਮਰੱਥ ਹੈ। ਦੋਸ਼ੀਆਂ ਖਿਆਫ਼ ਮਹਾਰਾਸ਼ਟਰ 'ਚ ਮੁਕੱਦਮਾ ਚੱਲਿਆ ਸੀ।

**ਗਵਾਹਾਂ ਤੇ ਬਾਨੋ ਦੇ ਰਿਸ਼ਤੇਦਾਰਾਂ ਵੱਲੋਂ ਫੈਸਲੇ ਦਾ ਸਵਾਗਤ**

ਬਿਲਕੀਸ ਬਾਨੋ ਕੇਸ ਦੇ ਗਵਾਹਾਂ ਤੇ ਬਾਨੋ ਦੇ ਸਕੇ-ਸਬੰਧੀਆਂ ਨੇ ਸੁਪਰੀਮ ਕੋਰਟ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ ਕਿ ਬਾਨੋ ਨੂੰ 'ਅੱਜ ਨਿਆਂ ਮਿਲਿਆ' ਹੈ। ਬਾਨੋ ਦੇ ਰਿਸ਼ਤੇਦਾਰਾਂ ਨੇ ਫੈਸਲੇ ਮਗਰੋਂ ਦਾਹੋਦ ਜ਼ਿਲ੍ਹੇ ਦੇ ਦੇਵਗੜ੍ਹ ਬਾਰੀਆ ਕਸਬੇ ਵਿੱਚ ਪਟਾਖ਼ੇ ਚਲਾ ਕੇ ਜਸ਼ਨ ਮਨਾਇਆ। ਕੇਸ ਦੇ ਗਵਾਹਾਂ ਵਿਚੋਂ ਇਕ ਅਬਦੁਲ ਰਜ਼ਾਕ ਮਨਸੂਰੀ ਨੇ ਕਿਹਾ, 'ਮੈਂ ਕੇਸ ਦੇ ਗਵਾਹਾਂ ਵਿਚੋਂ ਇਕ ਸੀ। ਮਹਾਰਾਸ਼ਟਰ ਕੋਰਟ ਨੇ ਇਨ੍ਹਾਂ 11 ਦੋਸ਼ੀਆਂ ਨੂੰ ਸਜ਼ਾ ਸੁਣਾਈ ਸੀ। ਇਨ੍ਹਾਂ ਨੂੰ ਰਿਹਾਅ ਕਰਨ ਦਾ ਗੁਜਰਾਤ ਸਰਕਾਰ ਦਾ ਫੈਸਲਾ ਗ਼ਲਤ ਸੀ। ਇਸੇ ਕਰਕੇ ਅਸੀਂ ਕੋਰਟ ਵਿੱਚ ਫੈਸਲੇ ਨੂੰ ਚੁਣੌਤੀ ਦਿੱਤੀ। ਮੈਨੂੰ ਖੁਸ਼ੀ ਹੈ ਕਿ ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਦਾ ਫੈਸਲਾ ਰੱਦ ਕਰਕੇ ਦੋਸ਼ੀਆਂ ਨੂੰ ਆਤਮ-ਸਮਰਪਣ ਕਰਨ ਲਈ ਕਿਹਾ ਹੈ। ਮੇਰਾ ਮੰਨਣਾ ਹੈ ਕਿ ਸਾਨੂੰ ਅੱਜ ਨਿਆਂ ਮਿਲਿਆ ਹੈ।''

## ਸੀਟਾਂ ਦੀ ਵੰਡ ਬਾਰੇ ਕਾਂਗਰਸ ਤੇ 'ਆਪ' ਵਿਚਾਲੇ ਗੱਲਬਾਤ ਫਿਰ ਲਟਕੀ

**ਨਵੀਂ ਦਿੱਲੀ (ਬਿਊਰੋ)-** ਅਗਾਮੀ ਲੋਕ ਸਭਾ ਚੋਣਾਂ 'ਚ ਪੰਜਾਬ ਅਤੇ ਦਿੱਲੀ 'ਚ ਸੀਟਾਂ ਦੀ ਵੰਡ ਨੂੰ ਲੈ ਕੇ ਕਾਂਗਰਸ ਅਤੇ 'ਆਪ' ਵਿਚਕਾਰ ਇਥੇ ਮੀਟਿੰਗ ਹੋਈ। ਮੀਟਿੰਗ ਦੌਰਾਨ ਫ਼ੈਸਲਾ ਲਿਆ ਗਿਆ ਕਿ 'ਇੰਡੀਆ' ਗੱਠਜੋੜ ਦੀਆਂ ਦੋਵੇਂ ਅਹਿਮ ਧਿਰਾਂ ਵਿਚਕਾਰ ਸੀਟਾਂ ਦਾ ਫਾਰਮੂਲਾ ਤੈਅ ਕਰਨ ਲਈ ਮੁੜ ਤੋਂ ਮੀਟਿੰਗ ਕੀਤੀ ਜਾਵੇਗੀ। ਮੀਟਿੰਗ ਦੌਰਾਨ ਕਾਂਗਰਸ ਵੱਲੋਂ ਮੁਕੁਲ ਵਾਸਨਿਕ, ਅਸ਼ੋਕ ਗਹਿਲੋਤ, ਅਰਵਿੰਦਰ ਸਿੰਘ ਲਵਲੀ ਤੇ ਮੋਹਨ ਪ੍ਰਕਾਸ਼ ਜਦਕਿ 'ਆਪ' ਦੇ ਰਾਜ ਸਭਾ ਮੈਂਬਰ ਸੰਦੀਪ ਪਾਠਕ, ਦਿੱਲੀ 'ਚ ਮੰਤਰੀ ਆਤਿਸ਼ੀ ਅਤੇ ਸੌਰਭ ਭਾਰਦਵਾਜ ਹਾਜ਼ਰ ਸਨ। ਦੋਵੇਂ ਪਾਰਟੀਆਂ ਦੇ ਆਗੂਆਂ ਨੇ ਸੀਟਾਂ ਦੀ ਵੰਡ ਬਾਰੇ ਸੰਭਾਵਨਾਵਾਂ ਤਲਾਸ਼ੀਆਂ ਪਰ ਉਨ੍ਹਾਂ ਕੋਈ ਵੀ ਵੇਰਵਾ ਦੇਣ ਤੋਂ ਇਨਕਾਰ ਕਰ ਦਿੱਤਾ। ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁਕੁਲ ਵਾਸਨਿਕ ਨੇ ਕਿਹਾ,''ਸੁਖਾਵੇਂ ਮਾਹੌਲ 'ਚ ਬਹੁਤ ਸਾਰਥਕ ਮੀਟਿੰਗ ਹੋਈ ਹੈ। ਅਰਵਿੰਦ ਕੇਜਰੀਵਾਲ ਤਰਫ਼ੋਂ ਸੀਟਾਂ ਦੀ ਵੰਡ ਲਈ ਵਿਚਾਰ ਵਟਾਂਦਰਾ ਕਰਨ ਵਾਸਤੇ 'ਆਪ' ਦੇ ਸੀਨੀਅਰ ਆਗੂਆਂ ਨੂੰ ਭੇਜਿਆ ਗਿਆ ਸੀ। ਕਾਂਗਰਸ ਪ੍ਰਧਾਨ ਵੱਲੋਂ ਬਣਾਈ ਗਈ ਕੌਮੀ ਗੱਠਜੋੜ ਕਮੇਟੀ (ਐੱਨਏਸੀ) ਨੇ 'ਆਪ' ਆਗੂਆਂ ਨਾਲ ਸੀਟਾਂ ਦੀ ਵੰਡ ਬਾਰੇ ਚਰਚਾ ਕੀਤੀ ਅਤੇ ਅੰਤਿਮ ਫ਼ੈਸਲਾ ਬਾਅਦ 'ਚ ਲਿਆ ਜਾਵੇਗਾ।'' ਕਾਂਗਰਸ ਦੀ ਐੱਨਏਸੀ ਦੇ ਕਨਵੀਨਰ ਵਾਸਨਿਕ ਨੇ ਕਿਹਾ ਕਿ ਮੀਟਿੰਗ ਦੌਰਾਨ ਸੀਟਾਂ ਦੀ ਵੰਡ ਤੋਂ ਇਲਾਵਾ ਵੱਖ ਵੱਖ ਵਿਸ਼ਿਆਂ 'ਤੇ ਡੂੰਘਾਈ ਨਾਲ ਚਰਚਾ ਕੀਤੀ ਗਈ। ਉਨ੍ਹਾਂ ਕਿਹਾ ਕਿ ਕੁਝ ਦਿਨਾਂ ਮਗਰੋਂ ਦੋਵੇਂ ਧਿਰਾਂ ਦੀ ਮੁੜ ਮੀਟਿੰਗ ਹੋਵੇਗੀ ਅਤੇ ਸੀਟਾਂ ਦੀ ਵੰਡ ਬਾਰੇ ਅੰਤਿਮ ਫ਼ੈਸਲਾ ਲਿਆ ਜਾਵੇਗਾ। 'ਅਸੀਂ ਸੀਟਾਂ ਦੀ ਵੰਡ ਦੀ ਯੋਜਨਾ ਨੂੰ ਬਾਅਦ 'ਚ ਅੰਤਿਮ ਰੂਪ ਦੇਵਾਂਗੇ।

## ਗੈਬਰੀਅਲ ਐੱਟਲ ਬਣੇ ਫਰਾਂਸ ਦੇ ਸਭ ਤੋਂ ਘੱਟ ਉਮਰ ਦੇ ਪ੍ਰਧਾਨ ਮੰਤਰੀ



**ਪੈਰਿਸ (ਬਿਊਰੋ)-** ਰਾਸ਼ਟਰਪਤੀ ਇਮੈਨੁਏਲ ਮੈਕਰੋਂ ਨੇ ਅੱਜ ਗੈਬਰੀਅਲ ਐੱਟਲ ਨੂੰ ਫਰਾਂਸ ਦੇ ਸਭ ਤੋਂ ਘੱਟ ਉਮਰ ਦੇ ਪ੍ਰਧਾਨ ਮੰਤਰੀ ਵਜੋਂ ਨਾਮਜ਼ਦ ਕੀਤਾ ਹੈ। ਗੈਬਰੀਅਲ (34) ਸਰਕਾਰ ਦੇ ਬੁਲਾਰੇ ਤੇ ਸਿੱਖਿਆ ਮੰਤਰੀ ਦੇ ਰੂਪ ਵਿਚ ਪ੍ਰਮੁੱਖਤਾ ਨਾਲ ਉੱਭਰੇ ਹਨ। ਉਹ ਫਰਾਂਸ ਦੇ ਪਹਿਲੇ ਅਜਿਹੇ ਪ੍ਰਧਾਨ ਮੰਤਰੀ ਵੀ ਹਨ, ਜਿਨ੍ਹਾਂ ਆਪਣੇ ਸਮਲਿੰਗੀ ਹੋਣ ਨੂੰ ਲੁਕੋਇਆ ਨਹੀਂ ਹੈ। ਉਨ੍ਹਾਂ ਤੋਂ ਪਹਿਲੀ ਪ੍ਰਧਾਨ ਮੰਤਰੀ ਐਲਿਜ਼ਾਬੈੱਥ ਬੋਰਨ ਨੇ ਵਿਦੇਸ਼ੀਆਂ ਨੂੰ ਡਿਪੋਰਟ ਕਰਨ ਦੀ ਸਰਕਾਰ ਦੀ ਸਮਰੱਥਾ ਨੂੰ ਮਜ਼ਬੂਤ ਕਰਨ ਵਾਲੇ ਇਮੀਗ੍ਰੇਸ਼ਨ ਕਾਨੂੰਨ ਉਤੇ ਹੋਈ ਹਾਲੀਆ ਉਥਲ-ਪੁਥਲ ਮਗਰੋਂ ਸੋਮਵਾਰ ਅਸਤੀਫਾ ਦੇ ਦਿੱਤਾ ਸੀ। ਗੌਰਤਲਬ ਹੈ ਕਿ ਮੈਕਰੋਂ (46) ਦਾ ਕਾਰਜਕਾਲ 2027 ਵਿਚ ਖ਼ਤਮ ਹੋਵੇਗਾ।




Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SAROAY INVESTMENT REALTY



Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823



RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434




Dr. Paramjit S Takhar, MD

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed



Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SKY TRANSPORT SOLUTIONS



ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

# SUNSHINE AUTO CARE INC.

WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español

We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE

VISA MasterCard AMERICAN EXPRESS DISCOVER NETWORK





1003 Moffat Blvd,
Manteca CA 95336

209-239-1551

# SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਜੀ. ਐਚ. ਜੀ. ਅਕੈਡਮੀ ਫਰਿਜ਼ਨੋ ਵੱਲੋਂ ਨਵੇਂ ਸਾਲ ਦੀ ਪਰਿਵਾਰਿਕ ਮਿਲਣੀ ਸਮੇਂ ਸਨਮਾਨ ਸਮਾਰੋਹ

## "ਵਿਰਾਸਤੀ ਮੇਲਾ 23 ਮਾਰਚ ਨੂੰ ਹੋਵੇਗਾ"

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਫਰਿਜ਼ਨੋ ਸ਼ਹਿਰ ਦੀ ਸਥਾਨਿਕ ਸੰਸਥਾ ਜੀ. ਐਚ. ਜੀ.



ਡਾਂਸ਼ ਅਤੇ ਸੰਗੀਤ ਅਕੈਡਮੀਂ ਵੱਲੋ ਹਰ ਸਾਲ ਦੀ ਤਰਾਂ ਇਸ ਸਾਲ ਦਾ ਪਲੇਠਾ ਪਰਿਵਾਰਕ ਮਿਲਣੀ ਅਤੇ ਸਨਮਾਨ ਦਾ ਪ੍ਰੋਗਰਾਮ ਜਸਵੰਤ ਸਿੰਘ ਖਾਲੜਾ ਪਾਰਕ ਵਿੱਚ ਆਯੋਜਿਤ ਕੀਤਾ ਗਿਆ। ਜਿਸ ਵਿੱਚ ਅਕੈਡਮੀਂ ਦੇ ਸਮੂੰਹ ਪ੍ਰਬੰਧਕ ਮੈਂਬਰ, ਵਲੰਟੀਅਰ, ਕੋਚ ਅਤੇ ਸਹਾਇਕ ਆਪਣੇ ਪਰਿਵਾਰਾਂ ਸਮੇਤ ਹਾਜ਼ਰ ਹੋਏ। ਇਸ ਸਮੇਂ ਜਿੱਥੇ ਬੀਤੇ ਵਰੇ ਦੇ ਪ੍ਰੋਗਰਾਮਾਂ ਬਾਰੇ ਵਿਚਾਰ ਚਰਚਾ ਅਤੇ ਲੇਖਾ-ਜੋਖਾ ਕੀਤਾ ਗਿਆ, ਉੱਥੇ ਇਸ ਸਾਲ ਕਰਵਾਏ ਜਾਣ ਵਾਲੇ ਪ੍ਰੋਗਰਾਮ ਵੀ ਉਲੀਕੇ ਗਏ।

ਇਸ ਪਰਿਵਾਰਿਕ ਮਿਲਣੀ ਦੀ ਸੁਰੂਆਤ ਹਮੇਸ਼ਾ ਦੀ ਤਰਾਂ ਗੁਰਦੀਪ ਸਿੰਘ ਸ਼ੇਰਗਿੱਲ ਨੇ ਕੀਤੀ। ਜਦ ਕਿ ਪਰਮਾਤਮਾ ਦਾ ਸ਼ੁਕਰਾਨਾ ਕਰਦੇ ਹੋਏ ਅਕੈਡਮੀਂ ਦੇ ਸੀਨੀਅਰ ਮੈਂਬਰ ਬਸੰਤ ਸਿੰਘ ਧਾਲੀਵਾਲ ਨੇ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਆਗਮਨ ਬਾਰੇ ਵਿਚਾਰਾਂ ਦੀ ਸਾਂਝ ਪਾਈ। ਜਦ ਕਿ ਬਾਕੀ ਮੁੱਖ ਮੈਂਬਰਾਂ ਵਿੱਚ ਸ। ਪਰਮਜੀਤ ਸਿੰਘ ਧਾਲੀਵਾਲ ਅਤੇ ਸ. ਉਦੈਦੀਪ ਸਿੰਘ ਸਿੱਧੂ ਨੇ ਅਗਲੇਰੇ ਇਸ ਸਾਲ 2024 ਦੇ ਪ੍ਰੋਗਰਾਮਾਂ ਅਤੇ ਪ੍ਰਬੰਧਾਂ ਬਾਰੇ ਸਭ ਨਾਲ ਸਾਂਝ ਪਾਈ। ਇਸ ਸਮੇਂ ਵਿਸ਼ੇਸ਼ ਤੌਰ 'ਤੇ ਸਭ ਦੀ ਸਹਿਮਤੀ ਨਾਲ ਇਹ ਤਹਿ ਕੀਤਾ ਗਿਆ ਕਿ ਅਕੈਡਮੀਂ ਵੱਲੋਂ ਵਿਰਾਸਤੀ ਖੇਡ ਮੇਲਾ ਅਤੇ ਪਰਿਵਾਰਿਕ ਪਿਕਨਿਕ ਹਰ ਸਾਲ ਦੀ ਤਰਾਂ ਇਸ ਸਾਲ 23 ਮਾਰਚ 2024 ਨੂੰ ਸ਼ਹੀਦ ਜਸਵੰਤ ਸਿੰਘ ਖਾਲੜਾ ਪਾਰਕ ਵਿੱਚ ਕਰਵਾਈ ਜਾਵੇਗੀ। ਇਸੇ ਤਰਾਂ ਸਲਾਨਾ ਦੋ ਹਫਤੇ ਦੇ ਗਿੱਧੇ ਅਤੇ ਭੰਗੜੇ ਦੇ ਸਿੱਖਲਾਈ ਕੈਂਪ ਦੇ ਆਖ਼ਰੀ ਦਿਨ 20 ਜੁਲਾਈ ਨੂੰ ਅੰਤਰ-ਰਾਸ਼ਟਰੀ ਯੁਵਕ ਮੇਲਾ (ਯੂਥ ਫਿਸਟੀਵਲ) ਕਰਵਾਇਆ ਜਾਵੇਗਾ। ਇਸ ਪ੍ਰੋਗਰਾਮ ਦੌਰਾਨ ਬੀਤੇ ਸਾਲ ਵੱਖ-ਵੱਖ ਥਾਵਾਂ 'ਤੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਮੁਕਾਬਲਿਆ ਵਿੱਚ ਜੇਤੂ ਰਹੀਆਂ ਟੀਮਾਂ ਅਤੇ ਉਨ੍ਹਾਂ ਦੇ ਕੋਚਾਂ ਨੂੰ ਇਸ ਪਰਿਵਾਰਕ ਇਕੱਤਰਤਾ ਦੌਰਾਨ ਵਿਸ਼ੇਸ਼ ਤੌਰ ਸਨਮਾਨਿਤ ਕੀਤਾ ਗਿਆ। ਇਸ ਸਮੇਂ ਹਾਜ਼ਰ ਸਮੂੰਹ ਬੱਚਿਆਂ ਅਤੇ ਪਰਿਵਾਰਾਂ ਨੇ ਜਿੱਥੇ ਆਪਸੀ ਗੱਲਬਾਤ ਅਤੇ ਵਿਚਾਰਾਂ ਦੀ ਸਾਂਝ ਪਾਈ। ਉੱਥੇ ਵੱਖ-ਵੱਖ ਸੁਆਦਿਸ਼ਟ ਖਾਣਿਆ ਦਾ ਵੀ ਅਨੰਦ ਮਾਣਿਆ। ਇਸ ਸਮੇਂ ਚਾਹ-ਪਕੌੜੇ ਆਦਿਕ ਦੀ ਸੇਵਾ ਵੀ ਹਮੇਸ਼ਾ ਵਾਂਗ ਸ਼ਾਨੇ-ਪੰਜਾਬ ਵਾਲੇ ਸ। ਸੁਖਦੇਵ ਸਿੰਘ ਵੱਲੋਂ ਕੀਤੀ ਗਈ ਸੀ। ਪ੍ਰੋਗਰਾਮ ਦੇ ਅੰਤ ਵਿੱਚ ਬੱਚਿਆਂ ਨੂੰ ਆਪਣੇ ਸੱਭਿਆਚਾਰਕ ਵਿਰਸੇ ਨਾਲ ਜੋੜਨ ਅਤੇ ਨਸ਼ਿਆਂ ਤੋਂ ਬਚਾਉਣ ਦਾ ਨਾਅਰਾ ਲਾਉਂਦੇ ਹੋਏ ਪ੍ਰਬੰਧਕਾਂ ਵੱਲੋਂ ਸਮੂੰਹ ਹਾਜ਼ਰੀਨ ਦਾ ਧੰਨਵਾਦ ਕੀਤਾ ਗਿਆ। ਜਦ ਕਿ ਭਵਿੱਖ ਵਿੱਚ ਹੋਣ ਵਾਲੇ ਪ੍ਰੋਗਰਾਮਾਂ ਵਿੱਚ ਸਭ ਤੋਂ ਸਹਿਯੋਗ ਦੀ ਮੰਗ ਕੀਤੀ ਗਈ। ਅੰਤ ਆਪਣੇ ਸੱਭਿਆਚਾਰਕ ਵਿਰਸੇ ਨੂੰ ਸਿਜਦਾ ਕਰਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

## ਈਵੀਐਮ ਬਾਰੇ 'ਚਿੰਤਾਵਾਂ' ਦਾ ਚੋਣ ਕਮਿਸ਼ਨ ਨੇ ਠੋਸ ਜਵਾਬ ਨਹੀਂ ਦਿੱਤਾ: ਜੈਰਾਮ

**ਨਵੀਂ ਦਿੱਲੀ-** ਸੀਨੀਅਰ ਕਾਂਗਰਸ ਆਗੂ ਜੈਰਾਮ ਰਮੇਸ਼ ਨੇ ਅੱਜ ਕਿਹਾ ਕਿ ਚੋਣ ਕਮਿਸ਼ਨ ਇਕ ਵਾਰ ਮੁੜ ਈਵੀਐਮ 'ਤੇ ਜ਼ਾਹਿਰ ਕੀਤੀਆਂ ਚਿੰਤਾਵਾਂ ਦਾ 'ਠੋਸ ਜਵਾਬ' ਦੇਣ ਵਿਚ ਨਾਕਾਮ ਹੋਇਆ ਹੈ। ਦੱਸਣਯੋਗ ਹੈ ਕਿ 'ਇੰਡੀਆ' ਗੁੱਟ ਦੀਆਂ ਪਾਰਟੀਆਂ ਨੇ ਈਵੀਐਮ ਮਸ਼ੀਨਾਂ ਸਬੰਧੀ ਕੁਝ ਫਿਕਰ ਜ਼ਾਹਿਰ ਕੀਤੇ ਸਨ।

ਰਮੇਸ਼ ਨੇ ਕਿਹਾ ਕਿ ਇਸ ਤੋਂ ਉਲਟ ਚੋਣ ਕਮਿਸ਼ਨ ਉਨ੍ਹਾਂ ਨੂੰ ਵਾਰ-ਵਾਰ ਸਾਰੇ ਸਵਾਲਾਂ ਦਾ ਜਵਾਬ 'ਐਫਏਕਿਊਜ਼' ਤੋਂ ਦੇਖਣ ਲਈ ਕਹਿੰਦਾ ਰਿਹਾ ਹੈ। ਰਮੇਸ਼ ਨੇ ਆਪਣੇ ਪਿਛਲੇ ਪੱਤਰ ਦੇ ਚੋਣ ਕਮਿਸ਼ਨ ਵੱਲੋਂ ਦਿੱਤੇ ਜਵਾਬ ਉਤੇ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੂੰ ਪੱਤਰ ਲਿਖਿਆ ਹੈ। ਪਿਛਲੇ ਪੱਤਰ ਵਿਚ ਕਾਂਗਰਸ ਆਗੂ ਨੇ ਵੀਵੀਪੈਟ ਬਾਰੇ ਚਿੰਤਾ ਜ਼ਾਹਿਰ ਕੀਤੀ ਸੀ ਜਿਸ ਨੂੰ ਕਮਿਸ਼ਨ ਨੇ ਖਾਰਜ ਕਰ ਦਿੱਤਾ ਸੀ। ਕਾਂਗਰਸ ਆਗੂ ਨੇ ਕਿਹਾ ਕਿ 7 ਜਨਵਰੀ ਦੇ ਪੱਤਰ ਵਿਚ ਉਨ੍ਹਾਂ 'ਇੰਡੀਆ' ਦੀਆਂ ਪਾਰਟੀਆਂ ਦੇ ਆਗੂਆਂ ਵੱਲੋਂ ਕਮਿਸ਼ਨ ਤੋਂ ਮੀਟਿੰਗ ਦੀ ਮੰਗ ਕੀਤੀ ਸੀ।







## ਸ਼ੋਕ ਸਮਾਚਾਰ

# ਕਰਮਨ ਨਿਵਾਸੀ ਮਾਤਾ ਹਰਬੰਸ ਕੌਰ ਦੇ ਅਕਾਲ ਚਲਾਣੇ ‘ਤੇ ਧੂਤ ਅਤੇ ਬਧੇਸਾਂ ਪਰਿਵਾਰ ਨੂੰ ਸਦਮਾ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਬੀਤੇ ਦਿਨੀ ਕਰਮਨ ਨਿਵਾਸੀ ਮਾਤਾ ਹਰਬੰਸ ਕੌਰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਉਹ ਸਵ. ਸ। ਮਲਕੀਤ ਸਿੰਘ ਬਧੇਸਾ (ਚੌਕੀਮਾਨ, ਲੁਧਿਆਣਾ ਵਾਲੇ) ਦੀ ਪਤਨੀ ਰਵਿੰਦਰ ਕੌਰ ਬਧੇਸਾਂ ਦੇ ਮਾਤਾ ਜੀ ਸਨ। ਜੋ ਪਿਛਲੇ 30 ਸਾਲ ਤੋਂ ਵਧੀਕ ਸਮੇਂ ਤੋਂ ਇੰਨਾਂ ਕੋਲ ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰਮਨ ਵਿਖੇ ਰਹਿ ਰਹੇ ਸਨ। ਮਾਤਾ ਜੀ ਦਾ ਪੰਜਾਬ ਤੋਂ ਪਿਛਲਾ ਪਿੰਡ ਪੁਰ ਹੀਰਾ, ਜਿਲ੍ਹਾਂ ਹੁਸ਼ਿਆਰਪੁਰ ਸੀ। ਉਹ ਆਪਣੀਆਂ ਦੋ ਧੀਆਂ ਰਵਿੰਦਰ ਕੌਰ ਬਧੇਸਾਂ, ਕੁਲਵਿੰਦਰ ਕੌਰ ਅਤੇ ਇਕ ਪੁੱਤਰ ਬਲਜੀਤ ਸਿੰਘ ਧੂਤ ਦੀ ਪਰਿਵਾਰਕ ਫੁੱਲਬਾੜੀ ਨੂੰ ਪਿੱਛੇ ਛੱਡ ਗਏ।



ਉਨ੍ਹਾਂ ਦਾ ਅੰਤਮ ਸੰਸਕਾਰ ਅਤੇ ਸਰਧਾਜ਼ਲੀਆਂ ਦੀ ਰਸਮ “ਸਾਂਤ ਭਵਨ ਪੰਜਾਬੀ ਫਿਊਨਰਲ ਹੋਮ” ਵਿਖੇ 11 ਜਨਵਰੀ 2024, ਦਿਨ ਵੀਰਵਾਰ ਨੂੰ ਸਵੇਰੇ 11 ਵਜ਼ੇ ਤੋਂ 1 ਵਜ਼ੇ ਤੱਕ ਹੋਵੇਗੀ। ਜਿਸ ਦਾ ਪਤਾ: 4800 E. Clayton Avenue, Fowler CA 93625 ਹੈ। ਇਸ ਉਪਰੰਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ “ਗੁਰਦੁਆਰਾ ਅਨੰਦਗੜ ਸਾਹਿਬ , ਕਰਮਨ ਵਿਖੇ ਹੋਵੇਗੀ। ਜਿਸ ਦਾ ਪਤਾ: 680 S. iVneland Ave. Kerman, CA 93630 ਹੈ। ਪਰਮਾਤਮਾ ਅੱਗੇ ਅਰਦਾਸ ਹੈ ਕਿ ਮਾਤਾ ਹਰਬੰਸ ਕੌਰ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਦੁੱਖ ਸਾਝਾ ਕਰਨ ਅਤੇ ਹੋਰ ਜਾਣਕਾਰੀ ਲਈ ਉਨ੍ਹਾਂ ਦੀ ਧੀ ਰਵਿੰਦਰ ਕੌਰ ਬਧੇਸਾਂ ਨਾਲ ਫੋਨ ਨੰਬਰ (559) 269-9842 ਜਾਂ ਪੁੱਤਰ ਬਲਜੀਤ ਸਿੰਘ ਧੂਤ ਨਾਲ ਫੋਨ ਨੰਬਰ (559) 367-5885 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰਦੁਆਰਾ ਸਾਹਿਬ ਐਲਸਬਰਾਂਟੇ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

**ਐਲਸਬਰਾਂਟੇ (ਪ੍ਰਵਾਨਾ)** ਬੀਤੇ ਦਿਨੀਂ ਅਮਰੀਕੀ ਪੰਜਾਬੀ ਕਵੀਆਂ ਵੱਲੋਂ 3550, ਹਿਲਕ੍ਰੀਸਟ ਰੋਡ, ਐਲਸਬਰਾਂਟੇ (ਕੈਲੇਫੋਰਨੀਆ) 94803 ਵਿਖੇ ਨਵੇਂ ਸਾਲ 2024 ਦੀ ਆਮਦ ਦੇ ਸਜੇ ਦੀਵਾਨਾਂ ਵਿਚ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਨਾਲ ਸਜਾਇਆ ਗਿਆ। ਪ੍ਰਵਾਨ ਵੱਲੋਂ ਮੰਚ ਸੰਭਾਲਦਿਆਂ ਗੁਰੂ ਸਾਹਿਬ ਜੀ ਦੇ ਜੀਵਨ ਅਤੇ ਸਿੱਖਿਆਵਾਂ ਤੇ ਰੌਸ਼ਨੀ ਪਾਈ ਗਈ।



ਧਾਰਮਿਕ ਕਵੀ ਦਰਬਾਰ ਵਿਚ ਅਮਰਜੀਤ ਸਿੰਘ ਇਬਰਾਹੀਮਪੁਰੀ, ਤਰਸੇਮ ਸਿੰਘ ਸੁੰਮਨ, ਬੀਬੀ ਬਲਵਿੰਦਰ ਕੌਰ, ਜਸਦੀਪ ਸਿੰਘ ਫਰੀਮਾਂਟ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਸ਼ਾਮਲ ਸਨ, ਜਿਹਨਾਂ ਨੇ ਬੀਰ ਰਸ ਦੀਆਂ ਗੁਰੂ ਸਾਹਿਬ ਦਾ ਜਸ ਗਾਉਂਦਿਆਂ ਰਚਨਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਦੇ ਸਕੱਤਰ ਭਾਈ ਰਵਿੰਦਰ ਸਿੰਘ ਰੰਧਾਵਾ ਵੱਲੋਂ ਪ੍ਰੋਗਰਾਮ ਦੀ ਸਫਲਤਾ ਤੇ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਅਮਰੀਕਨ ਪੰਜਾਬੀ ਕਵੀ ਸਮੇਂ-ਸਮੇਂ ਵਿਸ਼ੇਸ਼ ਬੁਲਾਵੇ ਤੇ ਅਕਸਰ ਹੀ ਗੁਰੂ ਘਰ ਵਿਖੇ ਪ੍ਰੋਗਰਾਮ ਸਜਾਉਂਦੇ ਰਹਿੰਦੇ ਹਨ।

# ਸਾਡੇ ਲੋਕਾਂ ਦੀ ਵਿਰਾਨੀ ਜਮੀਨ ਨੂੰ ਨਹਿਰੀ ਪਾਣੀ ਦੀ ਸਹੂਲਤ ਕਦੋਂ ਮਿਲੇਗੀ - ਮਹਾਂ ਸਿੰਘ ਰੌੜੀ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)** ਕੰਢੀ ਸੰਘਰਸ਼ ਕਮੇਟੀ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਮਹਾਂ ਸਿੰਘ ਰੌੜੀ ਨੇ ਪ੍ਰੈਸ ਬਿਆਨ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਵਾਲ ਕਰਦਿਆਂ ਪੁੱਛਿਆ ਕਿ ਕੰਢੀ ਨਹਿਰ ਹੁਣ ਕਦੋਂ ਚੱਲੇਗੀ ਅਤੇ ਕੰਢੀ ਦੀ ਵਿਰਾਨੀ ਜਮੀਨ ਨੂੰ ਸਿੰਜਾਈ ਦੀ ਸਹੂਲਤ ਕਦੋਂ ਮਿਲੇਗੀ।



ਉਹਨਾਂ ਇਹ ਵੀ ਕਿਹਾ ਕਿ 1978 ਤੋਂ ਕੰਢੀ ਨਹਿਰ ਬਣ ਰਹੀ ਹੈ, ਜੋ ਅੱਜ ਤੱਕ ਵੀ ਅਧੂਰੀ ਹੀ ਪਈ ਹੈ। ਨਹਿਰ ਨੂੰ ਚਾਲੂ ਕਰਵਾਉਣ ਲਈ ਕੰਢੀ ਸੰਘਰਸ਼ ਕਮੇਟੀ ਵਲੋਂ 2006 ਤੋਂ ਅੱਜ ਤੱਕ ਸੰਘਰਸ਼ ਕੀਤਾ, ਮੰਗ ਪੱਤਰ ਦਿੱਤੇ, ਧਰਨੇ ਮੁਜਾਹਰੇ, ਭੁੱਖ ਹੜਤਾਲਾਂ ਕੀਤੀਆਂ ਬਹੁਤ ਲੋਕ ਕੰਢੀ ਨਹਿਰ ਦੇ ਪਾਣੀ ਦੀ ਸਹੂਲਤ ਲਈ ਸੰਘਰਸ਼ ਕਰਦੇ ਰੱਬ ਨੂੰ ਵੀ ਪਿਆਰੇ ਹੋ ਗਏ, ਪਰ ਅਫਸੋਸ ਪਰਨਾਲਾ ਉਥੇ ਦਾ ਉਥੇ ਹੀ ਰਿਹਾ। ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਇਸ ਸਰਕਾਰ ਨੇ ਵੀ ਲੋਕਾਂ ਨੂੰ ਸਬਜਬਾਗ ਹੀ ਵਿਖਾਏ। 4 ਮਹੀਨੇ ਪਹਿਲਾਂ ਚਾਂਦਪੁਰ ਰੁੜਕੀ ਵਿਖੇ ਭਾਰੀ ਇਕੱਠ ਵਿੱਚ ਐਲਾਨ ਕੀਤਾ ਅਤੇ ਮੀਟਿੰਗ ਵਿੱਚ ਸੰਘਰਸ਼ ਕਮੇਟੀ ਨੂੰ ਬਲਾਚੌਰ ਦੀ ਵਿਧਾਇਕਾ ਸੰਤੋਸ਼ ਕਟਾਰੀਆ ਦੇ ਸਾਹਮਣੇ ਵਿਸਵਾਸ਼ ਦੁਆਇਆ ਸੀ ਕਿ 6 ਮਹੀਨੇ ਦੇ ਵਿੱਚ ਵਿੱਚ ਕੰਢੀ ਨਹਿਰ ਦਾ ਪਾਣੀ ਤੁਹਾਡੇ ਖੇਤਾਂ ਵਿੱਚ ਆ ਜਾਏਗਾ।

ਪਰ ਅਫਸੋਸ ਅੱਜ ਤੱਕ ਲਾਰਿਆਂ ਤੋਂ ਸਿਵਾਏ ਕੁਝ ਵੀ ਨਹੀਂ ਮਿਲਿਆ। ਕੰਢੀ ਖੇਤਰ ਦੇ ਲੋਕ ਅੱਜ ਵੀ ਨਹਿਰੀ ਪਾਣੀ ਨੂੰ ਤਰਸ ਰਹੇ ਹਨ। ਉਹਨਾਂ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ 75 ਸਾਲਾਂ ਤੋਂ ਅਜਾਦੀ ਤੋਂ ਬਾਅਦ ਵੀ ਕੰਢੀ ਦੇ ਲੋਕਾਂ ਨੂੰ ਪਸ਼ੂਆਂ ਦੇ ਲਈ ਹਰਾ ਚਾਰਾ 400 ਰੁਪਏ ਕੁਇੰਟਲ ਖਰੀਦਣਾ ਪੈ ਰਿਹਾ ਹੈ, ਤੇ ਲੋਕਾਂ ਨੂੰ ਅੱਜ ਵੀ ਆਪਣੇ ਖਾਣ ਲਈ ਵੀ ਦਾਣੇ ਖਰੀਦਣੇ ਪੈ ਰਹੇ ਹਨ। ਮਹਾਂ ਸਿੰਘ ਰੌੜੀ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆ ਕਿਹਾ ਕਿ ਕੰਢੀ ਦੇ ਲੋਕ ਹੁਣ ਬਹੁਤਾ ਇੰਤਜਾਰ ਨਹੀਂ ਕਰਨਗੇ। ਅਗਰ ਇਹ ਮੰਗ ਛੇਤੀ ਨਾ ਪੂਰੀ ਹੋਈ ਤਾਂ ਕੰਢੀ ਸੰਘਰਸ਼ ਕਮੇਟੀ ਬਲਾਚੌਰ ਵਿਖੇ ਪੱਕਾ ਧਰਨਾ ਲਗਾਉਣ ਲਈ ਮਜਬੂਰ ਹੋਵੇਗੀ।

‘ਦੇਸ਼ ਦੁਆਬਾ’
‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



KB USED AUTO SALES



8655 B Monterey Street Gilroy, CA 95020

Kashmiri Bhatia, Dealer/Broker 408-848-2365

50% OFF WARRANTY with Qualifying Car Purchase

IN HOUSE FINANCING AVALIABLE www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR and Car Wash

63 Muckelemi St San Juan Bautista 95045

Kashmiri Bhatia (Owner) 831-623-4702

20% OFF LABOUR on your next qualifying service

Car Care You Can Trust

# ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ) ਦੀ ਨਵੀਂ ਬਾਡੀ ਦੀ ਹੋਵੇਗੀ ਚੋਣ

**ਜਲੰਧਰ (ਵਿਵੇਕ ਭਾਟੀਆ)–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਕਿਹਾ ਕਿ ਅੰਬੇਡਕਰ ਮਿਸ਼ਨ ਸੁਸਾਇਟੀ ਦੀ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਸੋਹਨ ਲਾਲ ਸਾਬਕਾ ਡੀਪੀਆਈ (ਕਾਲਜਾਂ) ਦੀ ਪ੍ਰਧਾਨਗੀ ਹੇਠ ਅੰਬੇਡਕਰ ਭਵਨ, ਜਲੰਧਰ ਵਿਖੇ ਹੋਈ। ਮੀਟਿੰਗ ਵਿੱਚ ਬਹੁਤ ਅਹਿਮ ਫੈਸਲੇ ਲਏ ਗਏ। ਭਾਰਦਵਾਜ ਨੇ ਕਿਹਾ ਕਿ ਮੀਟਿੰਗ ਵਿੱਚ 11 ਫਰਵਰੀ 2024 ਨੂੰ ਸੁਸਾਇਟੀ ਦਾ ਜਨਰਲ ਇਜਲਾਸ ਬੁਲਾ ਕੇ ਨਵੀਂ ਬਾਡੀ ਦੀ ਚੋਣ ਕਰਨ ਦਾ ਫੈਸਲਾ ਲਿਆ ਗਿਆ। ਸੁਸਾਇਟੀ ਦੇ ਨਵੇਂ ਮੈਂਬਰ 4 ਫਰਵਰੀ ਤੱਕ ਬਣ ਸਕਣਗੇ ਅਤੇ ਪੁਰਾਣੇ ਮੈਂਬਰਾਂ ਦੀ ਮੈਂਬਰਸ਼ਿਪ ਦਾ ਨਵੀਨੀਕਰਨ 11 ਫਰਵਰੀ ਸਵੇਰੇ 11 ਵਜੇ ਤੱਕ ਹੋਵੇਗਾ। ਉਹਨਾਂ ਦੱਸਿਆ ਕਿ ਸੁਸਾਇਟੀ ਦੀ ਚੋਣ ਵਿੱਚ ਉਹੀ ਮੈਂਬਰ ਭਾਗ ਲੈ ਸਕਣਗੇ ਜ਼ਿਨ੍ਹਾਂ ਦੀ ਨਵੀਂ ਮੈਂਬਰਸ਼ਿਪ 4 ਫਰਵਰੀ ਤੱਕ ਹੋਈ ਹੋਵੇਗੀ ਜਾਂ ਜ਼ਿਨ੍ਹਾਂ ਮੈਂਬਰਾਂ ਦੀ ਮੈਂਬਰਸ਼ਿਪ ਦਾ ਨਵੀਨੀਕਰਨ 11 ਫਰਵਰੀ ਨੂੰ 11 ਵਜੇ ਤੱਕ ਹੋ ਚੁੱਕਾ ਹੋਵੇਗਾ। ਮੀਟਿੰਗ ਵਿੱਚ ਸਰਬ ਸੰਮਤੀ ਨਾਲ ਐਡਵੋਕੇਟ ਹਰਭਜਨ ਦਾਸ ਸਾਂਪਲਾ ਨੂੰ ਚੋਣ ਅਧਿਕਾਰੀ ਨਿਯੁਕਤ ਕੀਤਾ ਗਿਆ ਜੋ ਸੁਸਾਇਟੀ ਦੀ ਚੋਣ 11 ਫਰਵਰੀ ਨੂੰ ਕਰਵਾਉਣਗੇ । ਸੁਸਾਇਟੀ ਦੁਆਰਾ ਉਹਨਾਂ 500 ਮਹਾਰ ਸੈਨਿਕਾਂ ਦੀ ਬਹਾਦਰੀ ਦੀ ਤਾਰੀਫ ਕੀਤੀ ਗਈ ਜ਼ਿਨ੍ਹਾਂ ਨੇ ਭੀਮਾਕੋਰੇਗਾਓਂ ਵਿਖੇ 1 ਜਨਵਰੀ, 1818 ਨੂੰ ਕੋਰੇਗਾਓਂ ਦੀ ਲੜਾਈ ਵਿਚ ਮਰਾਠਾ ਪੇਸ਼ਵਾ ਬਾਜੀ ਰਾਓ II ਦੀ ਫੌਜ ਦੇ 28 ਹਜਾਰ ਉੱਤਮ ਸੈਨਿਕਾਂ ਨੂੰ ਹਰਾ ਕੇ ਸ਼ੂਦਰਾਂ ਦੇ ਗਲਾਂ ਵਿੱਚੋਂ ਕੁੱਜੇ ਉਤਾਰੇ ਅਤੇ ਲੱਕ ਪਿੱਛੋਂ ਝਾੜੂ ਉਤਾਰ ਕੇ ਆਜ਼ਾਦੀ ਵਾਲਾ ਜੀਵਨ ਜੀਣ ਲਈ ਨੇਕ ਕਾਰਜ ਕੀਤਾ। ਮੀਟਿੰਗ ਵਿੱਚ ਦੇਸ਼ ਦੀ ਪਹਿਲੀ ਮਹਿਲਾ ਅਧਿਆਪਕ ਅਤੇ ਸਮਾਜ ਸੇਵਿਕਾ ਮਾਤਾ ਸਵਿਤਰੀ ਬਾਈ ਫੂਲੇ ਨੂੰ ਯਾਦ ਕਰਦਿਆਂ ਉਨ੍ਹਾਂ ਦੁਆਰਾ ਵਿਦਿਆ ਦੇ ਖੇਤਰ ਵਿਚ ਪਾਏ ਗਏ ਯੋਗਦਾਨ ਦੀ ਭਰਪੂਰ ਸ਼ਲਾਘਾ ਕੀਤੀ ਗਈ। ਮੈਡਮ ਸੁਦੇਸ਼ ਕਲਿਆਣ, ਪ੍ਰੋਫੈਸਰ ਬਲਬੀਰ, ਬਲਦੇਵ ਰਾਜ ਭਾਰਦਵਾਜ, ਜਸਵਿੰਦਰ ਵਰਿਆਣਾ, ਰਾਜਕੁਮਾਰ ਅਤੇ ਪਰਮਿੰਦਰ ਸਿੰਘ ਖੁੱਤਣ ਮੀਟਿੰਗ ਵਿੱਚ ਸ਼ਾਮਲ ਹੋਏ। ਮੀਟਿੰਗ ਦੀ ਸ਼ੁਰੂਆਤ ਤੋਂ ਪਹਿਲਾਂ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਮੀਤ ਪ੍ਰਧਾਨ ਰਹੇ ਡਾ। ਰਵੀ ਕਾਂਤ ਪਾਲ, ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ) ਮਹਾਰਾਸ਼ਟਰ ਇਕਾਈ ਦੇ ਸਾਬਕਾ ਸੂਬਾ ਪ੍ਰਧਾਨ ਰਹੇ ਦਾਦਾ ਰਾਓ ਅੰਬਾੜੇ ਅਤੇ ਮਿਸ਼ਨਰੀ ਸਾਥੀ ਕੇ. ਡੀ. ਸਿੰਘ ਦੀ ਯਾਦ ਵਿੱਚ ਦੋ ਮਿੰਟ ਦਾ ਮੋਨ ਰੱਖ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ।




# ਮਿਸਾਲਾਂ ਹਨ ਚਾਰ, ਸੁਣਿਉਂ 'ਭਰਦਾਨ' ਬਰਖੁਰਦਾਰ !




ਸ਼ੁਰੂ ਵਿੱਚ ਥੋੜਾ ਜਿਹਾ ਨਿਜੀ ਵੇਰਵਾ ਇਸ ਕਰਕੇ ਦੇ ਰਿਹਾਂ ਕਿਉਂਕਿ ਅਜੋਕੇ 'ਬਾਦਲ ਦਲ' ਨੂੰ ਜੇ ਮੁੜ ਸ਼੍ਰੋਮਣੀ ਅਕਾਲੀ ਦਲ ਬਣਾਉਣ ਵਾਸਤੇ ਕੋਈ ਸਿਧਾਂਤਕ ਸਲਾਹ ਦੇਵੇ ਤਾਂ ਬਾਦਲ ਦਲੀਏ ਉਹਦੇ 'ਤੇ ਕਾਂਗਰਸੀ ਹੋਣ ਦਾ 'ਲੇਬਲ' ਝੱਟਪਟ ਚੇਪ ਦਿੰਦੇ ਹਨ!

ਮੈਂ ਓਸ ਕੱਟੜ ਅਕਾਲੀ ਬਾਪ ਦਾ ਪੁੱਤ ਹਾਂ ਜੋ ਮਾਸਟਰ ਤਾਰਾ ਸਿੰਘ ਹੁਣਾ ਦੇ ਸਮੇਂ ਅਕਾਲੀ ਦਲ ਦਾ ਨਵਾਂ ਸ਼ਹਿਰ ਤਹਿਸੀਲ ਤੋਂ 'ਡੈਲੀਗੇਟ' ਹੋਣ ਨਾਤੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਸਾਈਕਲ 'ਤੇ ਜਾਂਦਾ ਹੁੰਦਾ ਸੀ ਦਲ ਦੇ ਪ੍ਰਧਾਨ ਦੀ ਚੋਣ ਮੌਕੇ। ਜਮ੍ਹਾਂਦਰੂ ਅਕਾਲੀ ਹੋਣ ਨਾਤੇ ਮੈਂ ਸ਼੍ਰੋਮਣੀ ਕਮੇਟੀ ਦਾ ਮੈਂਬਰ ਵੀ ਰਿਹਾ ਹਾਂ! ਕਹਿਣ ਦਾ ਮਤਲਬ ਕਿ ਅਕਾਲੀ ਦਲ ਦਾ ਸ਼ੁੱਭਚਿੰਤਕ ਹਾਂ ਵਿਰੋਧੀ ਨਹੀਂ!

ਮਿਸਾਲ ਪਹਿਲੀ–ਮੇਰੇ ਬਾਪ ਵਰਗੇ ਹੀ ਅਕਾਲੀ ਇੱਕ ਬਜ਼ੁਰਗ ਦਾ ਬੇਟਾ ਮੇਰਾ ਦੋਸਤ ਹੈ।ਮੇਰੇ ਵਾਂਗ ਹੀ ਉਹ ਪੰਜਾਬ ਵਿਧਾਨ ਸਭਾ ਦੀ ਹੋਈ ਚੋਣ ਮੌਕੇ 'ਆਪ' ਦਾ ਹਮਾਇਤੀ ਸੀ! ਫੇਸ-ਬੁੱਕ 'ਤੇ ਪਾਈ ਇੱਕ ਪੋਸਟ ਵਿੱਚ ਉਸਨੇ ਲਿਖਿਆ ਕਿ ਜੇ ਸਵਰਗਾਂ 'ਚ ਗਏ ਮੇਰੇ ਬਾਪ ਨੂੰ ਪਤਾ ਲੱਗ ਜਾਵੇ ਕਿ ਮੈਂ ਅਕਾਲੀ ਦਲ ਦੇ ਖਿਲਾਫ ਹਾਂ,ਤਾਂ ਉਹ ਗੁੱਸੇ 'ਚ ਡਾਂਗ ਲੈ ਕੇ ਮੇਰੇ ਦੁਆਲ਼ੇ ਹੋ ਜਾਵੇ! ਪਰ ਜਦ ਉਹ ਦੇਖੇ ਕਿ ਹੁਣ ਅਕਾਲੀ ਦਲ 'ਕੀ ਤੋਂ ਕੀ' ਬਣਿਆਂ ਹੋਇਆ ਹੈ ਤਾਂ ਉਹ ਮੈਨੂੰ ਛੱਡ ਕੇ ਉਹੀ ਡਾਂਗ ਲੈ ਕੇ ਬਾਦਲ ਟੱਬਰ ਮਗਰ ਸਿੱਧਾ ਹੋ ਜਾਵੇ!

ਮਿਸਾਲ ਦੂਜੀ- ਜਦੋਂ ਮਨਪ੍ਰੀਤ ਸਿੰਘ ਬਾਦਲ ਨਵੀਂ ਪਾਰਟੀ 'ਪੀ।ਪੀ।ਪੀ' ਬਣਾ ਕੇ ਪ੍ਰਵਾਸੀਆਂ ਦਾ ਸਹਿਯੋਗ ਲੈਣ ਹਿਤ ਅਮਰੀਕਾ ਗਿਆ ਤਾਂ ਉੱਥੇ ਨਿਊਯਾਰਕ ਵਿਖੇ ਇੱਕ ਪ੍ਰਭਾਵਸ਼ਾਲੀ ਇਕੱਠ ਵਿੱਚ ਉਸਨੇ ਆਪਣੀ ਪਾਰਟੀ ਦੇ ਏਜੰਡੇ ਬਾਰੇ ਸ਼ਾਨਦਾਰ ਲੈਕਚਰ ਦਿੱਤਾ। ਬਾਅਦ ਵਿੱਚ ਇੱਕ ਪੰਜਾਬੀ ਮੁੰਡਾ ਸਟੇਜ 'ਤੇ ਜਾ ਕੇ ਕਹਿੰਦਾ-'ਮਨਪ੍ਰੀਤ ਜੀ ਪੰਜਾਬ ਲਈ ਤੁਹਾਡਾ ਦਰਦ ਅਤੇ ਤੁਹਾਡੀਆਂ ਭਵਿੱਖੀ ਯੋਜਨਾਵਾਂ ਸੁਣਕੇ ਅਸੀਂ ਬੇਹੱਦ ਪ੍ਰਭਾਵਤ ਹੋਏ ਹਾਂ। ਤੁਹਾਡਾ ਏਜੰਡਾ ਸੁਣ ਕੇ ਤਾਂ ਅਸੀਂ ਬਾਗੋ ਬਾਗ ਹੋ ਗਏ ਹਾਂ ਪਰ ਜਦ ਤੁਹਾਡੇ ਨਾਂ ਪਿੱਛੇ ਲੱਗੇ 'ਬਾਦਲ' ਸ਼ਬਦ ਵੱਲ੍ਹ ਨਜ਼ਰ ਜਾਂਦੀ ਹੈ ਤਾਂ ਉਦੇ ਈ ਸਾਡੇ ਦਿਲ ਨੂੰ ਡੋਬੂ ਪੈਣ ਲਗਦੇ ਹਨ ! ਇਹ ਉਪ-ਨਾਮ ਸੁਣਕੇ ਸਾਨੂੰ ਝੁਣਝੁਣੀ ਛਿੜਦੀ ਐ!! ਮਿਸਾਲ ਤੀਜੀ-ਇੱਕ ਸਮੇਂ ਸਵਰਗੀ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਕਾਲੀ ਦਲ ਦੀ ਪ੍ਰਧਾਨਗੀ ਦਾ ਅਹੁਦਾ ਨਹੀਂ ਸਨ ਛੱਡ ਰਹੇ। ਵੱਡੇ ਬਾਦਲ ਸੰਤ ਲੌਂਗੋਵਾਲ ਨੂੰ ਪ੍ਰਧਾਨ ਬਣਾਉਣਾ ਚਾਹੁੰਦੇ ਸਨ ਪਰ ਤਲਵੰਡੀ ਜੀ ਅਹੁਦੇ ਨਾਲ ਸੁਖਬੀਰ ਬਾਦਲ ਵਾਂਗ ਚਿੰਬੜੇ ਬੈਠੇ ਸਨ।ਉਦੋਂ ਬਜ਼ੁਰਗ ਬਾਦਲ ਨੇ ਤਲਵੰਡੀ ਹੁਣਾ ਨੂੰ ਟਿੱਚਰ ਕੀਤੀ ਸੀ ਅਖੇ ਤਲਵੰਡੀ ਸਾਬ੍ਹ ਜੇ ਤੁਹਾਥੋਂ ਪ੍ਰਧਾਨਗੀ ਛੱਡ ਨਹੀਂ ਹੁੰਦੀ ਤੁਹਾਨੂੰ ਇਹ ਏਨੀ ਹੀ ਪਿਆਰੀ ਲਗਦੀ ਐ ਤਾਂ ਤੁਹਾਡਾ ਨਾਂ ਹੀ 'ਭਰਧਾਨ ਸਿੰਘ' ਰੱਖ ਦੇਨੇ ਆਂ ! ਮਿਸਾਲ ਚੌਥੀ-ਗੁਰਬਾਣੀ ਵਿੱਚ ਵੀ ਇੱਕ ਅਜਿਹਾ ਸਲੋਕ ਆਉਂਦਾ ਹੈ (ਅਜਾ ਭੋਗੰਤ ਕੰਦ ਮੂਲੰ ਬਸੰਤੇ ਸਮੀਪਿ ਕੇਹਰਹ) ਭਾਵ ਕਿ ਕਸਾਈ ਦੇ ਵਿਹੜੇ ਵਿਚਲੇ ਖੁੰਡੇ ਨਾਲ ਬੰਨ੍ਹੀਂ ਹੋਈ ਬੱਕਰੀ ਨੂੰ ਭਾਵੇਂ ਕੰਦ ਮੂਲ਼ ਖਿ਼ਲਾਈ ਜਾਵੋ ਉਹਨੂੰ ਖਾਧੀ ਹੋਈ ਕੋਈ ਖੁਰਾਕ ਬਿਲਕੁਲ ਵੀ ਨਹੀਂ ਲਗਦੀ ਹੁੰਦੀ। ਸਗੋਂ ਉਹ ਦਿਨ-ਬ-ਦਿਨ ਸੁੱਕੀ ਹੀ ਜਾਂਦੀ ਐ ! ਸੋ ਜੇ ਉਹਦਾ ਦੁੱਧ ਪੀਣਾ ਹੋਵੇ ਤਾਂ ਸਭ ਤੋਂ ਪਹਿਲਾਂ ਉਹਨੂੰ ਕਸਾਈ ਦੇ ਖੁੰਡੇ ਨਾਲ਼ੋਂ ਖੋਲ੍ਹਣਾ ਚਾਹੀਦਾ ਤਦੇ ਹੀ ਉਹ 'ਰਾਜੀ ਬਾਜੀ' ਤਕੜੀ ਹੋ ਕੇ ਦੁੱਧ ਦੇ ਸਕਦੀ ਹੈ !



**–ਤਰਲੋਚਨ ਸਿੰਘ ਦੁਪਾਲ ਪੁਰ**
tsdupalpuri@yahoo.com
78146-92724


# Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



**Call : Dharminder Singh**




**Cell : 530-870-6600**
**Fax : (530) 870-1429**
**532 Houston St.**
**West Sacramento, CA 95691**
**Email: myfuturetruck@gmail.com**

## ਬੇਮੁਖ ਲੋਕਾਂ ਨੂੰ ਸੁਨੇਹਾ

1905 ਈ: ਦੇ ਬਰਸਾਤੀ ਦਿਨ ਇਕ ਨੌਵੀਂ ਜਮਾਤ ਦਾ ਵਿਦਿਆਰਥੀ ਮੀਂਹ ਕਾਰਨ ਸਕੂਲ ਦੇ ਕਮਰੇ ਵਿਚ ਆ ਵੜਿਆ। ਉਸ ਵਿਦਿਆਰਥੀ ਦੇ ਬ੍ਰਾਹਮਣ ਮਾਸਟਰ ਨੇ ਉਸ ਨੂੰ ਅਛੂਤ ਹੁੰਦਿਆਂ ਕਮਰੇ ਵਿਚ ਵੜਨ 'ਤੇ ਕੁੱਟ-ਕੁੱਟ ਅਧਮੋਇਆ ਕਰ ਦਿੱਤਾ। ਇਹ ਮਾਰ ਕੁੱਟ ਅਤੇ ਬਦਸਲੂਕੀ ਨੇ ਉਸ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਸਿਰਫ ਉਸ ਨਾਲ ਹੀ ਅਜਿਹਾ ਸਲੂਕ ਕਿਉਂ? ਇਸ ਬਦਸਲੂਕੀ ਕਾਰਨ ਉਸ ਨੂੰ ਪੜ੍ਹਾਈ ਛੱਡਣੀ ਪਈ।

1909 ਈ. ਵਿਚ ਇਹੀ ਨੌਜਵਾਨ ਅਮਰੀਕਾ ਵਿਚ ਰੁਜ਼ਗਾਰ ਲਈ ਗਿਆ, ਜਿੱਥੇ ਉਸ ਦਾ ਲਾਲਾ ਹਰਦਿਆਲ ਗਦਰ ਪਾਰਟੀ ਦੇ ਆਗੂ ਨਾਲ ਵਾਹ ਪਿਆ ਅਤੇ ਗਦਰ ਪਾਰਟੀ ਦੇ ਉਘੇ ਆਗੂ ਬਣ ਨਿਕਲੇ। ਇਹ ਨੌਜਵਾਨ ਪੰਜਾਬ ਦਾ ਜੰਮਪਲ ਬਾਬੂ ਮੰਗੂ ਰਾਮ ਮੁੱਗੋਵਾਲੀਆ ਸੀ। ਬਾਬੂ ਜੀ ਦੇਸ਼ ਦੀ ਆਜ਼ਾਦੀ ਲਈ ਚਾਰ ਸਾਥੀਆਂ ਸਣੇ ਅਸਲਾ ਲੈ ਕੇ ਭਾਰਤ ਵੱਲ ਵਧੇ ਪਰ ਦੇਸ਼ ਧ੍ਰੋਹੀਆਂ ਕਾਰਨ ਫੜੇ ਗਏ ਅਤੇ ਦੋ ਵਾਰੀ ਸ਼ਹੀਦ ਹੁੰਦੇ-ਹੁੰਦੇ ਬਚੇ। ਦਸੰਬਰ 1925 ਵਿਚ 40 ਵਰ੍ਹਿਆਂ ਦੀ ਉਮਰ ਵਿਚ ਬਾਬੂ ਜੀ ਭਾਰਤ ਵਾਪਸ ਪਰਤੇ। ਪੰਜਾਬ ਪੁੱਜਦਿਆਂ ਬਾਬੂ ਜੀ ਦੇ ਖਿਆਲਾਂ ਵਿਚ ਮਹਾਨ ਤਬਦੀਲੀ ਆਈ। ਅਮਰੀਕਾ ਆਦਿ ਦੇਸ਼ਾਂ ਵਿਚ ਬਰਾਬਰੀ ਦਾ ਗੁਜ਼ਾਰਿਆ ਜੀਵਨ ਅਤੇ ਭਾਰਤ ਵਿਚ ਅਛੂਤਾਂ ਦੀ ਦੁਰਦਸ਼ਾ ਦੇਖ ਕੇ ਬਾਬੂ ਜੀ ਨੇ ਅਛੂਤਾਂ ਦੀ ਬਿਹਤਰ ਲਈ ਆਪਣਾ ਰਹਿੰਦਾ ਜੀਵਨ ਗੁਜ਼ਾਰਨ ਦਾ ਪ੍ਰਣ ਕੀਤਾ। ਉਨ੍ਹਾਂ ਨੇ ਅਛੂਤਾਂ ਨੂੰ ਅੰਗਰੇਜਾਂ ਦੀ ਗੁਲਾਮੀ ਦੇ ਨਾਲ-ਨਾਲ ਬ੍ਰਾਹਮਣਵਾਦ ਦੀ ਗੁਲਾਮੀ ਤੋਂ ਛੁਟਕਾਰਾ ਦਿਵਾਉਣ ਲਈ ਹੰਭਲਾ ਮਾਰਨਾ ਸ਼ੁਰੂ ਕੀਤਾ। ਪਿੰਡ ਵਿਚ ਸਕੂਲ ਖੋਲ੍ਹ ਕੇ ਆਦਿ ਧਰਮੀਆਂ ਦੇ ਬੱਚਿਆਂ ਨੂੰ ਵਿੱਦਿਆ ਦਾ ਚਾਨਣ ਦਿੱਤਾ। ਇਸੇ ਕਰਕੇ ਪੰਜਾਬ ਖਾਸ ਕਰ ਦੁਆਬੇ ਦੇ ਆਦਿ-ਧਰਮੀ ਵੱਧ ਪੜ੍ਹੇ-ਲਿਖੇ ਅਤੇ ਜਾਗਰਿਤ ਹਨ। ਉੱਤਰੀ ਭਾਰਤ ਦੇ ਆਦਿ-ਧਰਮੀਆਂ ਨੂੰ ਜਾਗਰਿਤ ਕਰਨ ਲਈ 11-12 ਜੂਨ 1926 ਨੂੰ ਪਿੰਡ ਮੁੱਗੋਵਾਲ (ਹੁਸ਼ਿਆਰਪੁਰ) 'ਚ ਜਲਸੇ ਵਿਚ ਆਦਿ-ਧਰਮ ਦੀ ਸਥਾਪਨਾ ਕਰਕੇ ਆਦਿ-ਧਰਮੀ ਵੱਖਰੀ ਕੌਮ ਹੈ ਦਾ ਐਲਾਨ ਕੀਤਾ। ਮਰਦਮ ਸ਼ੁਮਾਰੀ ਲਈ ਵੀ ਸਰਕਾਰ ਵੱਲੋਂ ਆਦਿ-ਧਰਮ ਮਨਜ਼ੂਰ ਕਰਵਾਇਆ। ਕਮਿਊਨਲ ਅਵਾਰਡ ਵਿਚ ਆਦਿ-ਧਰਮੀਆਂ ਨੂੰ ਮਿਲੇ ਹੱਕਾਂ ਖਿਲਾਫ ਬ੍ਰਾਹਮਣਵਾਦੀ ਗਾਂਧੀ ਵੱਲੋਂ ਰੱਖੇ ਮਰਨ ਵਰਤ ਦੇ ਵਿਰੋਧ ਵਿਚ ਆਪ ਨੇ ਮਰਨ ਵਰਤ ਰੱਖਿਆ, ਜਿਸ ਦੀ ਮਿਸਾਲ ਨਹੀਂ ਮਿਲਦੀ। 1937 ਦੀਆਂ ਅਸੈਂਬਲੀ ਚੋਣਾਂ ਵਿਚ ਆਦਿ ਧਰਮੀਆਂ ਲਈ ਰਾਖਵੀਆਂ 8 ਸੀਟਾਂ ਵਿਚੋਂ 7 'ਤੇ ਬਾਬੂ ਜੀ ਦੇ ਉਮੀਦਵਾਰ ਜਿੱਤੇ। 1945 ਤੋਂ 1952 ਤੱਕ ਉਹ ਆਪ ਵੀ ਐਮ. ਐਲ. ਏ. ਰਹੇ। ਮਜ਼ਲੂਮ ਹੁਣ ਮਜ਼ਲੂਮ ਨਹੀਂ ਰਹੇ ਸਨ।

ਬਾਬੂ ਜੀ ਦੀ ਤੇਜ਼ ਨਜ਼ਰ ਨੇ ਦੇਖਿਆ ਕਿ ਆਦਿ-ਧਰਮੀਆਂ (ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ) ਦੀ ਮੰਦਹਾਲੀ ਦਾ ਕਾਰਨ ਸਿਰਫ ਬ੍ਰਾਹਮਣ ਹੈ। ਇਸ ਲਈ ਉਨ੍ਹਾਂ ਨੇ ਬ੍ਰਾਹਮਣਵਾਦ ਦੇ ਸਿੱਕੇ ਦੇ ਦੂਜੇ ਪਾਸੇ ਆਰੀਆ ਸਮਾਜ ਅਤੇ ਕਾਂਗਰਸ ਦੀ ਵਿਰੋਧਤਾ ਕੀਤੀ। ਭਾਰਤ ਦੇ ਵੀਹਵੀਂ ਸਦੀ ਦੇ ਇਤਿਹਾਸ ਵਿਚ ਬਾਬੂ ਮੁੱਗੋਵਾਲੀਆ ਅਤੇ ਡਾ. ਅੰਬੇਡਕਰ ਜੀ ਨੇ ਕਾਂਗਰਸ ਅਤੇ ਆਰੀਆ ਸਮਾਜ ਦਾ ਉਹੋ ਜਿਹਾ ਮੁਕਾਬਲਾ ਕੀਤਾ, ਜਿਸ ਤਰ੍ਹਾਂ ਸਿੰਧੂ-ਘਾਟੀ ਦੀ ਸਭਿਅਤਾ ਦੇ ਆਦਿ-ਧਰਮੀਆਂ (ਆਦਿ ਵਾਸੀਆਂ) ਨੇ ਵਿਦੇਸ਼ੀ ਆਰੀਆ ਹਮਲਾਵਰਾਂ ਨਾਲ ਮੁਕਾਬਲਾ ਕੀਤਾ।

ਆਦਿ-ਧਰਮੀਆਂ ਲਈ ਅਗਰ ਖੁਸ਼ਹਾਲੀ ਦਾ ਕੋਈ ਰਸਤਾ ਹੈ ਤਾਂ ਬਾਬੂ ਜੀ ਦਾ ਦੱਸਿਆ ਰਸਤਾ ਹੈ ਜਿਸ ਨਾਲ ਅਸੀਂ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਦੇ ਹਾਂ। ਬਾਬੂ ਜੀ ਨੇ ਮਹਾਂਰਿਸ਼ੀ ਵਾਲਮੀਕ, ਗੁਰੂ ਰਵਿਦਾਸ, ਗੁਰੂ ਨਾਮਦੇਵ ਅਤੇ ਗੁਰੂ ਕਬੀਰ ਦੀਆਂ ਸਿੱਖਿਆਵਾਂ 'ਤੇ ਚੱਲ ਕੇ ਤਰੱਕੀ ਕਰਨਾ ਲੋਕਾਂ ਨੂੰ ਦੱਸਿਆ। ਇਤਿਹਾਸ ਕਦੇ ਵੀ ਉਨ੍ਹਾਂ ਲੋਕਾਂ ਨੂੰ ਮੁਆਫ ਨਹੀਂ ਕਰੇਗਾ, ਜੋ ਦੱਬੇ ਕੁਚਲੇ ਲੋਕਾਂ ਦੇ ਨਾਂ 'ਤੇ ਸਹੂਲਤਾਂ ਲੈ ਕੇ ਬੇਮੁਖ ਹੋ ਗਏ।

**-ਸੀ. ਐਲ. ਚੁੰਬਰ**
ਕੌਮੀ ਉਡਾਰੀਆਂ (ਜਲੰਧਰ)
14 ਜਨਵਰੀ 1986 'ਚੋਂ ਧੰਨਵਾਦ ਸਹਿਤ

### ਅਣਵੰਡੇ ਪੰਜਾਬ ਵਿਚ ਦਲਿਤ ਰਾਜਨੀਤੀ ਦਾ ਮੋਢੀ

# ਬਾਬੂ ਮੰਗੂ ਰਾਮ ਮੁਗੋਵਾਲੀਆ

ਭਾਰਤ ਵਿਚ ਵਿਦੇਸ਼ੀ ਧਾੜਵੀਆਂ ਦੇ ਪ੍ਰਵੇਸ਼ ਤੋਂ ਪਹਿਲਾਂ ਇਸ ਦੇਸ ਵਿਚ ਵਰਣ-ਵੰਡ, ਵਰਗ-ਵੰਡ, ਜਾਤ-ਪਾਤ, ਉਚ-ਨੀਚ ਅਤੇ ਨਾ-ਬਰਾਬਰੀ ਵਰਗੀਆਂ ਕੁਰੀਤੀਆਂ ਨਹੀਂ ਸਨ। ਇੱਥੋਂ ਦੇ ਮੂਲ ਨਿਵਾਸੀ ਕੁਦਰਤੀ ਨਿਯਮਾਂ ਅਧੀਨ ਵਿਚਰਦੇ ਸਨ ਅਤੇ ਅੱਜ ਵਰਗੀ ਰਹਿਤ ਮਰਿਆਦਾ ਦੇ ਕਠੋਰ ਜ਼ਾਬਤੇ ਮੁੱਢ-ਕਦੀਮੀਂ ਲੋਕ ਧਰਮ ਦੇ ਅੰਗ ਨਹੀਂ ਸਨ। ਉਹ ਆਪਸੀ ਸਾਂਝ, ਮਿਲਵਰਤਣ, ਪ੍ਰੇਮ-ਪਿਆਰ, ਸਤਿਕਾਰ ਅਤੇ ਸਦਭਾਵਨਾ ਅਧੀਨ ਆਪਣਾ ਜੀਵਨ ਬਸਰ ਕਰਦੇ ਸਨ। ਉਹ ਦੁਨੀਆ ਦੀ ਮਹਾਨ ਸਭਿਅਤਾ ਸਿੰਧ ਘਾਟੀ ਅਤੇ ਮਾਨਵ ਧਰਮ ਦੇ ਸਿਰਜਕ ਸਨ। ਪ੍ਰੰਤੂ ਆਰੀਆ ਦੇ ਆਉਣ ਉਪਰੰਤ ਸਿਆਸੀ ਕੂਟਨੀਤਿਕ ਚਾਲਾਂ ਅਧੀਨ ਇਸ ਮਾਨਵਵਾਦੀ ਵਿਵਸਥਾ ਨੂੰ ਤਹਿਸ-ਨਹਿਸ ਕਰ ਦਿੱਤਾ ਗਿਆ। ਆਰੀਅਨ ਦੁਆਰਾ ਸਿਰਜੀ ਵਰਣ-ਵਿਵਸਥਾ ਸਮਾਂ ਪੈ ਕੇ ਅਨੇਕ ਜਾਤੀਆਂ ਵਿਚ ਪਰਿਵਰਤਿਤ ਹੋ ਗਈ ਅਤੇ ਫਿਰ ਸਦੀਆਂ ਤੱਕ ਭਾਰਤ ਦੇ ਆਦਿਵਾਸੀਆਂ ਲਈ ਇਕ ਤ੍ਰਾਸਦੀ ਹੋ ਨਿੱਬੜੀ। ਆਰੀਆਂ ਦੁਆਰਾ ਸਿਰਜੀ ਇਸ ਸਮਾਜਿਕ, ਧਾਰਮਿਕ ਅਤੇ ਆਰਥਿਕ ਵਿਵਸਥਾ ਨੇ ਇਸ ਦੇਸ਼ ਦੇ ਕਰੋੜਾਂ ਮੂਲ ਨਿਵਾਸੀਆਂ ਨੂੰ ਸ਼ੂਦਰ, ਅਤੀ ਸ਼ੂਦਰ, ਅਛੂਤ ਅਤੇ ਗੁਲਾਮ ਬਣਾ ਕੇ ਪਸ਼ੂਆਂ ਤੋਂ ਵੀ ਭੈੜਾ ਜੀਵਨ ਜਿਉਣ ਲਈ ਮਜਬੂਰ ਕਰ ਦਿੱਤਾ।



ਸਦੀਆਂ ਪਹਿਲਾਂ ਤਥਾਗਤ ਬੁੱਧ ਨੇ ਇਸ ਅਮਾਨਵੀ ਸਿਸਟਮ ਵਿਰੁੱਧ ਆਵਾਜ਼ ਬੁਲੰਦ ਕੀਤੀ, ਮੱਧਕਾਲੀਨ ਯੁੱਗ ਵਿਚ ਭਗਤੀ ਅੰਦੋਲਨ ਦੇ ਸ਼੍ਰੋਮਣੀ ਸੰਤਾਂ-ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਰਵਿਦਾਸ ਜੀ, ਸਤਿਗੁਰੂ ਨਾਨਕ ਦੇਵ ਜੀ ਅਤੇ ਹੋਰ ਅਨੇਕ ਸੰਤਾਂ, ਮਹਾਂਪੁਰਖਾਂ ਨੇ ਆਰੀਆ ਦੇ ਇਸ ਘਿਨੌਣੇ ਸਿਸਟਮ ਵਿਰੁੱਧ ਕਈ ਸਦੀਆਂ ਤੱਕ ਨਿਰੰਤਰ ਸੰਘਰਸ਼ ਕੀਤਾ। 20ਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਸੰਤ ਮੱਤ ਦੇ ਪ੍ਰਚਾਰ-ਪਸਾਰ ਅਧੀਨ ਪੰਜਾਬ ਵਿਚ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਅਗਵਾਈ ਅਧੀਨ ਆਦਿ-ਵਾਸੀਆਂ ਦੀ ਬਹੁਲਤਾ ਵਾਲੇ ਖੇਤਰ ਦੁਆਬੇ ਵਿਚੋਂ ਆਦਿ ਧਰਮ ਲਹਿਰ ਇਕ ਅੰਦੋਲਨ ਦੇ ਰੂਪ ਵਿਚ ਆਰੰਭ ਹੋ ਕੇ ਪੰਜ ਤੋਂ ਦਸ ਸਾਲ ਦੇ ਅਲਪ ਅਰਸੇ ਵਿਚ ਹੀ ਪੂਰੇ ਪੰਜਾਬ ਵਿਚ ਫੈਲ ਗਈ।

ਬਾਬੂ ਮੰਗੂ ਰਾਮ ਮੁਗੋਵਾਲੀਆ 1947 ਤੋਂ ਪਹਿਲਾਂ ਅਣਵੰਡੇ ਪੰਜਾਬ ਵਿਚ ਦਲਿਤ ਰਾਜਨੀਤੀ ਦੇ ਸਿਰਜਕ ਹਨ। ਪੰਜਾਬ ਦੀ ਦਲਿਤ ਰਾਜਨੀਤੀ ਦੇ ਇਤਿਹਾਸ ਵਿਚ ਉਨ੍ਹਾਂ ਦਾ ਮਹੱਤਵਪੂਰਨ ਸਥਾਨ ਹੈ। ਇੱਥੋਂ ਦੇ ਦਲਿਤ ਵਰਗਾਂ ਨੂੰ ਏਕਤਾ ਦੀ ਲੜੀ ਵਿਚ ਪਰੋ ਕੇ ਇਕ ਮੰਚ ਤੇ ਲਿਆਉਣ ਵਿਚ ਉਨ੍ਹਾਂ ਨੇ ਮੁਢਲਾ ਤੇ ਇਤਿਹਾਸਕ ਯੋਗਦਾਨ ਪਾਇਆ। ਭਾਰਤ ਦੀ ਸੁਤੰਤਰਤਾ ਤੋਂ ਲਗਭਗ ਦੋ ਦਹਾਕੇ ਪਹਿਲਾਂ ਦਲਿਤ ਰਾਜਨੀਤੀ ਦਾ ਜਿਹੜਾ ਮੈਦਾਨ ਉਨ੍ਹਾਂ ਨੇ ਤਿਆਰ ਕੀਤਾ ਸੀ, ਆਜ਼ਾਦੀ ਉਪਰੰਤ ਵੀ ਉਸ ਪਿੱਚ ਤੇ ਹੀ ਪੰਜਾਬ ਦੀ ਰਾਜਨੀਤੀ ਨੇ ਇਤਿਹਾਸ ਦੇ ਹਰ ਪੜਾਅ 'ਤੇ ਆਪਣੀ ਖੇਡ ਖੇਡੀ ਹੈ। ਬੇਸ਼ੱਕ ਆਪਣੀਆਂ ਨਿੱਜੀ, ਸਵਾਰਥੀ ਅਤੇ ਹਉਮੈ-ਗ੍ਰਸਤ ਕੂਟਨੀਤੀਆਂ ਕਾਰਨ ਸਿਆਸਤਦਾਨ ਸਫਲ ਜਾਂ ਅਸਫਲ ਹੋਏ, ਇਹ ਇਕ ਵੱਖਰਾ ਵਿਸ਼ਾ ਹੈ। ਪਰ ਪੰਜਾਬ ਦੇ ਦਲਿਤਾਂ ਵਿਚ ਜਨ-ਚੇਤਨਾ ਪੈਦਾ ਕਰਨ ਵਿਚ ਬਾਬੂ ਮੰਗੂ ਰਾਮ ਦੇ ਯਤਨ ਬੇਮਿਸਾਲ ਹਨ।



**ਡਾ. ਜੀ. ਸੀ. ਕੌਲ**
ਐਮ. ਏ., ਪੀ. ਐਚ. ਡੀ.
91-94632-23223

ਇਹ ਹੈਰਾਨੀ ਵਾਲੀ ਗੱਲ ਹੈ ਕਿ ਬਾਬੂ ਮੰਗੂ ਰਾਮ ਵੱਲੋਂ ਦਲਿਤਾਂ ਦੀ ਆਜ਼ਾਦੀ, ਬਰਾਬਰੀ, ਏਕਤਾ ਅਤੇ ਸਨਮਾਨ ਲਈ ਆਰੰਭਿਆ ਗਿਆ ਇਹ ਸੰਘਰਸ਼ ਪੰਜਾਬੀ ਦਲਿਤਾਂ ਦੀ ਚੇਤਨਾ ਵਿਚੋਂ ਅਲੋਪ ਕਿਵੇਂ ਹੋ ਗਿਆ? ਗਦਰ ਪਾਰਟੀ ਦੀ ਰਹਿਨੁਮਾਈ ਹੇਠ ਸਟਾਕਟਨ, ਸਾਨਫਰਾਂਸਿਸਕੋ (ਕੈਲੀਫੋਰਨੀਆ) ਤੋਂ ਆਜ਼ਾਦੀ ਸੰਗਰਾਮੀਏ ਵਜੋਂ ਆਪਣਾ ਜੀਵਨ-ਸੰਘਰਸ਼ ਸ਼ੁਰੂ ਕਰਨ, 11-12 ਜੂਨ 1926 ਨੂੰ ਪੰਜਾਬ ਦੇ ਹਜ਼ਾਰਾਂ ਅਛੂਤਾਂ ਨੂੰ ਹੁਸ਼ਿਆਰਪੁਰ ਦੇ ਪਿੰਡ ਮੁੱਗੋਵਾਲ ਵਿਖੇ ਇਕ ਵਿਸ਼ਾਲ ਇਕੱਤਰਤਾ ਵਿਚ ਇਕ ਨਵੇਂ 'ਆਦਿ ਧਰਮ' ਦੀ ਸਿਰਜਣਾ ਕਰਕੇ, ਉਨ੍ਹਾਂ ਦੀ ਦਸ਼ਾ ਨੂੰ ਪਰਿਵਰਤਿਤ ਕਰਨ ਲਈ ਇਕ ਨਵੀਂ ਦਿਸ਼ਾ ਦੇਣ, ਦਲਿਤਾਂ ਵਿਚ ਵਿੱਦਿਆ ਪ੍ਰਾਪਤੀ ਦੀ ਚਿਣਗ ਪੈਦਾ ਕਰਨ ਲਈ 'ਆਦਿ ਧਰਮ ਸਕੂਲ' ਖੋਲ੍ਹਣ, ਆਪਣੇ ਮੀਡੀਆ ਵਜੋਂ 'ਆਦਿ ਡੰਕਾ' ਪੇਪਰ ਸ਼ੁਰੂ ਕਰਨ, 1930 ਵਿਚ ਬਰਤਾਨਵੀ ਸਰਕਾਰ ਕੋਲੋਂ ਪੰਜਾਬ ਦੇ ਅਛੂਤਾਂ ਲਈ ਹਿੰਦੂਆਂ ਤੋਂ ਵੱਖਰਾ ਨਵਾਂ 'ਆਦਿ ਧਰਮ' ਸਵੀਕ੍ਰਿਤ ਕਰਵਾਉਣ, ਦੂਸਰੀ ਗੋਲਮੇਜ਼ ਕਾਨਫਰੰਸ (1931), ਲੰਡਨ ਵਿਖੇ ਗਾਂਧੀ ਜੀ ਦੇ ਮੁਕਾਬਲੇ ਤੋਂ ਬਾਬਾ ਸਾਹਿਬ ਡਾ. ਅੰਬੇਡਕਰ ਨੂੰ ਭਾਰਤ ਦੇ ਅਛੂਤਾਂ ਦੇ ਇਕੋ-ਇਕ ਨੁਮਾਇੰਦੇ ਵਜੋਂ ਆਦਿ ਧਰਮ ਵੱਲੋਂ ਜ਼ੋਰਦਾਰ ਹਮਾਇਤ ਦੇਣ, ਬਰਤਾਨੀਆ ਸਰਕਾਰ ਵੱਲੋਂ ਵਿਭਿੰਨ ਸਮਿਆਂ 'ਤੇ ਭਾਰਤੀਆਂ ਦੀਆਂ ਮੰਗਾਂ ਤੇ ਵਿਚਾਰ ਕਰਨ ਲਈ ਭੇਜੇ ਜਾਂਦੇ ਅਨੇਕ ਰਾਇਲ ਕਮਿਸ਼ਨਾਂ ਅੱਗੇ ਪੰਜਾਬ ਦੇ ਸਦੀਆਂ-ਪੀੜਤ ਅਛੂਤਾਂ ਦੀਆਂ ਹੱਕੀ ਮੰਗਾਂ ਸਬੰਧੀ ਜ਼ੋਰਦਾਰ ਢੰਗ ਨਾਲ ਆਵਾਜ਼ ਬੁਲੰਦ ਕਰਨ ਅਤੇ ਮੈਮੋਰੰਡਮ ਦੇਣ, 1936-37 ਦੀ ਪਹਿਲੀ ਚੋਣ ਵਿਚ ਸਦੀਆਂ ਉਪਰੰਤ ਪਹਿਲੀ ਵਾਰੀ ਪੰਜਾਬ ਦੀਆਂ ਅੱਠ ਰਿਜ਼ਰਵ ਸੀਟਾਂ 'ਤੇ ਕਾਂਗਰਸੀ ਉਮੀਦਵਾਰਾਂ ਦੇ ਮੁਕਾਬਲੇ ਤੇ ਆਦਿ ਧਰਮ ਮੰਡਲ ਦੇ ਸੱਤ ਐਮ. ਐਲ. ਏ. ਜਿਤਾ ਕੇ ਲਾਹੌਰ ਅਸੰਬਲੀ ਵਿਚ ਭੇਜਣ ਅਤੇ 1946 ਵਿਚ ਹੁਸ਼ਿਆਰਪੁਰ ਤੋਂ ਜਿੱਤ ਕੇ ਖੁਦ ਐਮ. ਐਲ. ਏ. ਬਣਨ ਵਾਲੇ ਬਾਬੂ ਮੰਗੂ ਰਾਮ ਨੂੰ 1952 ਵਿਚ ਗੜ੍ਹਸ਼ੰਕਰ ਵਿਧਾਨ ਸਭਾ ਸੀਟ ਤੋਂ ਕਾਂਗਰਸੀ ਉਮੀਦਵਾਰ ਤੋਂ ਹਾਰ ਜਾਣ ਉਪਰੰਤ, ਗੁਮਨਾਮੀ ਵਾਲਾ ਜੀਵਨ ਬਤੀਤ ਕਰਨ ਲਈ ਮਜਬੂਰ ਕਿਉਂ ਹੋਣਾ ਪਿਆ? ਇਹ ਕੁਝ ਅਜਿਹੇ ਪ੍ਰਸ਼ਨ ਹਨ ਜਿਹੜੇ ਜੁਆਬਾਂ ਦੀ ਮੰਗ ਕਰਦੇ ਹਨ।

ਪਿਛਲੇ ਲਗਭਗ ਪੰਜ ਦਹਾਕਿਆਂ ਤੋਂ ਅਰਥਾਤ 1970 ਵਿਚ ਜਲੰਧਰ ਤੋਂ ਹਫਤਾਵਾਰੀ 'ਰਵਿਦਾਸ ਪੱਤ੍ਰਿਕਾ' ਸ਼ੁਰੂ ਹੋਣ ਦੇ ਨਾਲ ਬਾਬੂ ਮੰਗੂ ਰਾਮ ਬਨਵਾਸ ਵਰਗੀ ਗੁੰਮਨਾਮੀ ਭਰੀ ਜ਼ਿੰਦਗੀ ਤੋਂ ਬਾਹਰ ਆਏ ਅਤੇ ਪੰਜਾਬ ਵਿਚ ਆਦਿ ਧਰਮ ਬਾਰੇ ਪੁਨਰ ਵਿਚਾਰ-ਚਰਚਾ ਸ਼ੁਰੂ ਹੋਈ। ਕੁਝ 'ਵਿਦਵਾਨਾਂ' ਨੇ ਤਾਂ ਬਾਬੂ ਮੰਗੂ ਰਾਮ ਮੁੱਗੋਵਾਲੀਆ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਅੰਦੋਲਨਾਂ ਨੂੰ ਇਕ ਦੂਸਰੇ ਦੇ ਵਿਰੋਧ ਵਿਚ ਖੜ੍ਹਿਆਂ ਕਰ ਦਿੱਤਾ, ਹਮਾਇਤੀਆਂ ਅਤੇ ਵਿਰੋਧੀਆਂ ਨੇ ਸਵਾਰਥੀ ਭਾਵਨਾ ਅਧੀਨ ਇਨ੍ਹਾਂ ਅੰਦੋਲਨਾਂ ਨੂੰ ਇਕ ਅਜੀਬੋ-ਗਰੀਬ ਆਪੇ ਸਿਰਜੀ ਨਵੀਂ ਰੰਗਤ ਦੇਣੀ ਸ਼ੁਰੂ ਕਰ ਦਿੱਤੀ। 17 ਫਰਵਰੀ 1970 ਨੂੰ 'ਹਫਤਾਵਾਰੀ 'ਰਵਿਦਾਸ ਪੱਤ੍ਰਿਕਾ' ਸ਼ੁਰੂ ਹੋਣ ਉਪਰੰਤ ਮੇਰੇ ਵਰਗੇ ਅਨੇਕਾਂ ਤਤਕਾਲੀ ਨੌਜਵਾਨ ਬਾਬੂ ਮੰਗੂ ਰਾਮ ਦੇ ਸੰਪਰਕ ਵਿਚ ਆਏ ਅਤੇ ਉਨ੍ਹਾਂ ਦੀ ਅਗਵਾਈ ਹੇਠ ਆਦਿ ਧਰਮ ਨੂੰ ਇਕ ਨਵੇਂ ਨਾਂ ਅਧੀਨ ਆਦਿ ਧਰਮ 'ਸ਼ਡਿਊਲਡ ਕਾਸਟਸ ਫੈਡਰੇਸ਼ਨ' ਵਿਚ ਕੰਮ ਕਰਨ ਦਾ ਅਵਸਰ ਪ੍ਰਾਪਤ ਹੋਇਆ, ਬੇਸ਼ੱਕ ਕੁਝ ਆਪਣਿਆਂ ਦੀਆਂ ਲੂੰਬੜ-ਚਾਲਾਂ ਅਤੇ ਪੰਜਾਬ ਵਿਚ ਤਤਕਾਲੀ ਸਰਕਾਰਾਂ ਵਿਚ ਦਲਿਤਾਂ ਦੀ ਪ੍ਰਤੀਨਿਧਤਾ ਕਰਨ ਵਾਲਿਆਂ ਦੀਆਂ ਕੂਟਨੀਤਿਕ ਚਾਲਾਂ ਨੇ ਇਸ ਲਹਿਰ ਨੂੰ ਪੁਨਰ ਸੁਰਜੀਤ ਨਾ ਹੋਣ ਦੇਣ ਵਿਚ ਆਪਣਾ ਭਰਪੂਰ ਯੋਗਦਾਨ ਪਾਇਆ।

1980 ਵਿਚ ਬਾਬੂ ਮੰਗੂ ਰਾਮ ਅਤੇ 1983 ਵਿਚ ਚੌ. ਹਜ਼ਾਰਾ ਰਾਮ ਪਿੱਪਲਾਂਵਾਲਾ, ਸਾਬਕਾ ਜਨਰਲ ਸਕੱਤਰ ਆਦਿ ਧਰਮ ਮੰਡਲ (1930) ਦੇ ਦੇਹਾਂਤ ਨਾਲ ਪੁਨਰ ਸੁਰਜੀਤੀ ਦੀ ਇਹ ਲਹਿਰ ਆਪੇ ਹੀ ਦਮ ਤੋੜ ਗਈ। ਮੌਕੇ ਦੀ ਸਰਕਾਰ ਵੱਲੋਂ ਇਸ ਲਹਿਰ ਦੀਆਂ ਸਰਗਰਮੀਆਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਕਈਆਂ ਨਾਲ ਬੇਇਨਸਾਫੀਆਂ ਵੀ ਹੋਈਆਂ। ਭਾਰਤ ਵਿਚ ਲੱਗੀ ਐਮਰਜੈਂਸੀ ਦਾ ਬਹਾਨਾ ਬਣਾ ਕੇ ਕਈ ਸਰਗਰਮ ਸਾਥੀਆਂ ਨੂੰ ਨੌਕਰੀਆਂ ਤੋਂ ਵੀ ਹੱਥ ਧੋਣੇ ਪਏ, ਪਰ ਕਈ ਸਵਾਰਥੀਆਂ ਨੇ ਹੱਥ ਵੀ ਰੰਗੇ ਅਤੇ ਸਿਆਸੀ ਫਾਇਦੇ ਵੀ ਚੁੱਕੇ।

ਮੈਨੂੰ ਇਸ ਗੱਲ ਦਾ ਫਖਰ ਹੈ ਕਿ 'ਦੀ ਪੰਜਾਬ ਸਰਵਿਸ ਕੋਆਪਰੇਟਿਵ ਸੁਸਾਇਟੀ ਲਿਮਿਟਿਡ ਮਨਜ਼ੂਰ ਸ਼ੁਦਾ ਯੂ. ਕੇ. ਦੀ ਸਰਪ੍ਰਸਤੀ ਹੇਠ ਸ੍ਰੀ ਮੰਗੂ ਰਾਮ ਜਸਪਾਲ, ਪ੍ਰੋਪਰਾਈਟਰ ਅਤੇ ਐਡੀਟਰ ਦੀ ਅਗਵਾਈ ਹੇਠ 17 ਫਰਵਰੀ 1970 ਤੋਂ ਹਫਤਾਵਾਰੀ 'ਰਵਿਦਾਸ ਪੱਤ੍ਰਿਕਾ' ਪ੍ਰਕਾਸ਼ਿਤ ਕੀਤੇ ਜਾਣ ਉਪਰੰਤ ਆਦਿ ਧਰਮ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲ ਅਤੇ ਜਨਰਲ ਸਕੱਤਰ ਚੌਧਰੀ ਹਜ਼ਾਰਾ ਰਾਮ ਪਿੱਪਲਾਂਵਾਲਾ ਦੇ ਅੰਤਿਮ ਸਮੇਂ ਤੱਕ ਇਨ੍ਹਾਂ ਮਹਾਨ ਸ਼ਖ਼ਸੀਅਤਾਂ ਦੀ ਸੰਗਤ ਮਾਣਨ, ਇਨ੍ਹਾਂ ਦੀ ਰਹਿਨੁਮਾਈ ਹੇਠ ਆਦਿ ਧਰਮ ਨੂੰ ਪੰਜਾਬ ਵਿਚ ਮੁੜ ਸੁਰਜੀਤ ਕਰਨ ਦੇ ਅੰਦੋਲਨ ਵਿਚ ਕਾਰਜਸ਼ੀਲ ਹੋਣ ਅਤੇ ਇਨ੍ਹਾਂ ਤੋਂ ਬਹੁਤ ਕੁਝ ਸਿੱਖਣ ਦਾ ਮੌਕਾ ਮਿਲਦਾ ਰਿਹਾ ਹੈ। ਜਿੱਥੇ ਸਮਾਜ ਦੇ ਇਨ੍ਹਾਂ ਨਿਧੜਕ ਜਰਨੈਲਾਂ ਦੇ ਜੀਵਨ ਨੂੰ ਨੇੜਿਉਂ ਤੱਕਣ ਦਾ ਅਵਸਰ ਮਿਲਿਆ, ਉਥੇ ਇਨ੍ਹਾਂ ਦੁਆਰਾ ਆਦਿ ਧਰਮ ਮੰਡਲ ਦੀ ਸਥਾਪਨਾ, ਇਸਦੇ ਉਦੇਸ਼ਾਂ, ਸੰਘਰਸ਼ਾਂ, ਸ਼ਾਨਦਾਰ ਪ੍ਰਾਪਤੀਆਂ ਦਾ ਵਿਵੇਚਨ, ਵਿਸ਼ਲੇਸ਼ਣ ਕਰਨ ਅਤੇ ਇਸਦੇ ਪਤਨ ਲਈ ਜ਼ਿੰਮੇਵਾਰ ਸਥਿਤੀਆਂ, ਸ਼ਖਸੀਅਤਾਂ ਅਤੇ ਕਾਰਨਾਂ ਦੇ ਪ੍ਰਗਟਾਵਿਆਂ ਦੇ ਚਿੱਤਰ ਅੱਜ ਵੀ ਮੇਰੇ ਮਨ ਦੀ ਕੈਨਵਸ 'ਤੇ ਉਲੀਕੇ ਪਏ ਹਨ।

ਨਿਰਸੰਦੇਹ ਇਹ ਇਕ ਖੋਜ ਤੇ ਗਹਿਰੇ ਅਧਿਐਨ ਦਾ ਵਿਸ਼ਾ ਹੈ ਅਤੇ ਇਸ ਪਾਸੇ ਸਾਡੇ 'ਵਿਦਵਾਨਾਂ' ਦਾ ਹਾਲੇ ਧਿਆਨ ਨਹੀਂ ਗਿਆ। ਪੰਜਾਬ ਵਿਚ ਆਦਿ ਧਰਮ ਲਹਿਰ, ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੁਆਰਾ ਸਥਾਪਿਤ ਦੋ ਸਿਆਸੀ ਪਾਰਟੀਆਂ ਆਲ ਇੰਡੀਆ ਸ਼ਡਿਊਲਡ ਕਾਸਟਸ ਫੈਡਰੇਸ਼ਨ ਅਤੇ ਆਰ. ਪੀ. ਆਈ. ਦੇ ਸੰਘਰਸ਼, ਪ੍ਰਾਪਤੀਆਂ ਤੇ ਪਤਨ ਬਾਰੇ ਨਾ ਕੋਈ ਵਿਚਾਰ-ਚਰਚਾ ਹੋਈ ਅਤੇ ਨਾ ਹੀ ਇਸ ਸੰਦਰਭ ਵਿਚ ਕੋਈ ਖੋਜ ਅਧਿਐਨ ਪ੍ਰਸਤੁਤ ਕੀਤੇ ਗਏ। ਆਦਿ ਧਰਮ ਦੇ ਸੰਦਰਭ ਵਿਚ

(ਬਾਕੀ ਅਗਲੇ ਸਫੇ 'ਤੇ)

**Postal Address of Desh Doaba : 5101 Doe Hollow Pl, Antelope, CA. 95843**
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅਣਵੰਡੇ ਪੰਜਾਬ ਵਿਚ ਦਲਿਤ ਰਾਜਨੀਤੀ ਦਾ ਮੋਢੀ ਬਾਬੂ ਮੰਗੂ ਰਾਮ ਮੁਗੋਵਾਲੀਆ







(ਸਫਾ 6 ਦੀ ਬਾਕੀ)

ਕੈਲੇਫੋਰਨੀਆ ਯੂਨੀਵਰਸਿਟੀ ਦੇ ਵਿਦਵਾਨ ਪ੍ਰੋ. ਜੇ. ਮਾਰਕ, ਮਿ. ਸੀ. ਐਲ. ਚੁੰਬਰ, ਡਾ. ਰੌਣਕੀ ਰਾਮ, ਡਾ. ਜਸਵੰਤ ਰਾਏ, ਮਿ. ਮੇਘ ਰਾਜ ਐਮ. ਏ. ਨੇ ਕੁਝ ਦਸਤਾਵੇਜ਼ੀ ਸਬੂਤਾਂ ਦੇ ਆਧਾਰ 'ਤੇ ਪ੍ਰਸੰਸਾਯੋਗ ਖੋਜ ਅਧਿਐਨ ਪ੍ਰਸਤੁਤ ਕੀਤੇ ਹਨ।

ਆਦਿ ਧਰਮ ਦੇ ਬਾਨੀ, ਗਦਰੀ ਯੋਧੇ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ ਜਨਮ 14 ਜਨਵਰੀ 1986 ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਦੇ ਪਿੰਡ ਮੁੱਗੋਵਾਲ ਵਿਖੇ ਹੋਇਆ। ਵਰਣ-ਵੰਡ, ਜਾਤ-ਪਾਤ ਅਤੇ ਛੂਆ-ਛੂਤ ਦੇ ਵਿਤਕਰੇ ਅਧੀਨ ਉਹ ਉਚੇਰੀ ਵਿਦਿਆ ਪ੍ਰਾਪਤ ਨਾ ਕਰ ਸਕੇ। ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਪੱਖਪਾਤੀ ਰਵੱਈਏ ਦਾ ਸ਼ਿਕਾਰ ਹੋ ਕੇ, ਹੁਸ਼ਿਆਰ ਵਿਦਿਆਰਥੀ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਹਾਈ ਸਕੂਲ ਦੀ ਸੀਨੀਅਰ ਕਲਾਸ ਦੀ ਪੜ੍ਹਾਈ ਅੱਧਵਾਟੇ ਹੀ ਛੱਡਣੀ ਪਈ। 1909 ਵਿਚ ਖੁਸ਼ਹਾਲ ਜੀਵਨ ਦੀਆਂ ਸੱਧਰਾਂ ਲੈ ਕੇ ਉਹ ਅਮਰੀਕਾ ਚਲੇ ਗਏ ਅਤੇ ਸਾਨਫਰਾਂਸਿਸਕੋ, ਕੈਲੇਫੋਰਨੀਆ ਵਿਖੇ 1912 ਤੱਕ ਫਲ ਤੋੜਨ ਦਾ ਰੋਜ਼ਗਾਰ ਕਰਦੇ ਰਹੇ। ਕੈਲੇਫੋਰਨੀਆ ਵਿਖੇ ਸਟੈਨਫੋਰਡ ਯੂਨੀਵਰਸਿਟੀ ਵਿਚ ਹਿੰਦੂ ਫਿਲਾਸਫ਼ੀ ਅਤੇ ਸੰਸਕ੍ਰਿਤ ਦੇ ਪ੍ਰੋਫੈਸਰ ਲਾਲਾ ਹਰਦਿਆਲ, ਜੋ ਗਦਰ ਪਾਰਟੀ ਦੇ ਪ੍ਰਮੁੱਖ ਬਾਨੀਆਂ ਵਿਚੋਂ ਸਨ, ਦੇ ਕ੍ਰਾਂਤੀਕਾਰੀ ਭਾਸ਼ਣਾਂ ਅਤੇ ਵਿਚਾਰਾਂ ਦਾ ਤਤਕਾਲੀ ਨੌਜਵਾਨ ਮੰਗੂ ਰਾਮ 'ਤੇ ਐਨਾ ਪ੍ਰਭਾਵ ਪਿਆ ਕਿ 1913 ਵਿਚ ਉਹ ਗਦਰ ਪਾਰਟੀ ਵਿਚ ਸ਼ਾਮਲ ਹੋ ਗਏ। ਉਹ ਸਟਾਕਟਨ ਗੁਰਦੁਆਰੇ ਦੇ ਬਾਨੀ ਮੈਂਬਰਾਂ ਵਿਚੋਂ ਇਕ ਸਨ। ਇਸ ਸਬੰਧੀ ਚਰਨਜੀਤ ਸਿੰਘ ਪੰਨੂ ਲਿਖਦੇ ਹਨ:

*"ਦਲਿਤ ਭਾਈਚਾਰੇ ਨਾਲ ਸਬੰਧਤ ਮੰਗੂ ਰਾਮ ਜੋ ਬਾਅਦ ਵਿਚ ਬਾਬਾ ਮੰਗੂ ਰਾਮ ਕਹਾਇਆ ਵੀ ਇਸ ਗੁਰਦੁਆਰੇ ਦਾ ਮੁਢਲਾ ਮੈਂਬਰ ਸੀ।" (ਮੇਰੀ ਵਾਈਟ ਹਾਊਸ ਫੇਰੀ 149)*

1913 ਵਿਚ ਹੀ ਉਹ ਗਦਰ ਪਾਰਟੀ ਦੇ ਛਾਪੇਖਾਨੇ ਵਿਚ ਕੰਮ ਕਰਨ ਲੱਗੇ, ਜਿੱਥੋਂ ਹਫਤਾਵਾਰੀ 'ਗਦਰ' ਨਾਂ ਦਾ ਅਖ਼ਬਾਰ, ਪਾਰਟੀ ਵੱਲੋਂ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ ਗਿਆ। 1915 ਵਿਚ ਜਰਮਨ ਸਰਕਾਰ ਦੀ ਸਹਾਇਤਾ ਨਾਲ ਗਦਰ ਪਾਰਟੀ ਵੱਲੋਂ ਜਹਾਜ਼ ਰਾਹੀਂ ਭਾਰਤ ਦੀ ਆਜ਼ਾਦੀ ਲਈ ਲੜਨ ਵਾਲੇ ਦੇਸ਼ ਭਗਤ ਗਦਰੀ ਯੋਧਿਆਂ ਨੂੰ ਹਥਿਆਰ ਭੇਜਣ ਦੀ ਯੋਜਨਾ ਅਧੀਨ ਪਾਰਟੀ ਦੇ ਜਿਹੜੇ ਪੰਜ ਮੈਂਬਰਾਂ ਦੀ ਡਿਊਟੀ ਲਾਈ ਗਈ, ਉਨ੍ਹਾਂ ਵਿਚ ਬਾਬੂ ਮੰਗੂ ਰਾਮ ਵੀ ਸ਼ਾਮਲ ਸਨ। ਪ੍ਰੰਤੂ ਹਾਲਾਤ ਅਤੇ ਕੁਝ ਗੱਦਾਰਾਂ ਦੀਆਂ ਸਾਜ਼ਿਸ਼ਾਂ ਅਧੀਨ ਪਾਰਟੀ ਦੀ ਇਹ ਯੋਜਨਾ ਨੇਪਰੇ ਨਾ ਚੜ੍ਹ ਸਕੀ। ਇਨ੍ਹਾਂ ਵਿਰੁੱਧ ਬਰਤਾਨੀਆ ਸਰਕਾਰ ਦੇ ਵਿਰੁੱਧ ਸਾਜ਼ਿਸ਼ ਰਚੇ ਜਾਣ ਦੇ ਦੋਸ਼ ਦੇ ਅੰਤਰਗਤ ਕੈਲੀਫੋਰਨੀਆ ਦੀ ਅਦਾਲਤ ਵਿਚ ਮੁਕੱਦਮਾ ਚੱਲਿਆ ਅਤੇ 1917 ਵਿਚ ਅਦਾਲਤ ਵੱਲੋਂ ਬਾਬੂ ਮੰਗੂ ਰਾਮ ਤੇ ਉਹਨਾਂ ਦੇ ਸਾਥੀਆਂ ਨੂੰ ਫਾਂਸੀ ਦੀ ਸਜ਼ਾ ਦਾ ਐਲਾਨ ਕੀਤਾ ਗਿਆ। ਪਰ ਜਰਮਨਾਂ ਦੀ ਸਹਾਇਤਾ ਨਾਲ ਇਹ ਪੰਜੇ ਸਾਥੀ ਰੂਪੋਸ਼ ਹੋ ਗਏ ਅਤੇ ਇਕ ਦੂਜੇ ਤੋਂ ਵਿੱਛੜ ਵੀ ਗਏ। ਲਗਭਗ ਅੱਠ ਸਾਲ ਪੂਰਬੀ ਦੇਸ਼ਾਂ ਵਿਚ ਰੂਪੋਸ਼ ਹੋਣ ਦੀਆਂ ਦੁਸ਼ਵਾਰੀਆਂ ਸਹਿੰਦਿਆਂ 1925 ਵਿਚ ਬਾਬੂ ਮੰਗੂ ਰਾਮ ਦਸੰਬਰ 1925 ਵਿਚ ਆਪਣੇ ਪਿੰਡ ਮੁਗੋਵਾਲ ਪਹੁੰਚ ਗਏ।

1932 ਵਿਚ ਪੈਦਾ ਹੋਏ ਅਤੇ ਅਮਰੀਕਾ ਦੀਆਂ ਕਾਲਰਾਡੋ, ਸ਼ਿਕਾਗੋ ਅਤੇ ਕੈਲੇਫੋਰਨੀਆ ਯੂਨੀਵਰਸਿਟੀ ਵਿਚ ਲਗਭਗ ਢਾਈ ਦਹਾਕੇ ਅਧਿਆਪਨ ਦਾ ਕਾਰਜ ਕਰਨ ਵਾਲੇ ਪ੍ਰੋ. ਵੇਦ ਪ੍ਰਕਾਸ਼ ਵਟੁਕ ਨੇ ਆਪਣੀ ਪੁਸਤਕ 'ਵਿਪੱਨਤਾ ਸੇ ਕ੍ਰਾਂਤੀ ਕੀ ਔਰ' ਵਿਚ ਗਦਰ ਪਾਰਟੀ ਦੇ ਉਦੇਸ਼, ਸੰਘਰਸ਼ ਅਤੇ ਕਾਰਗੁਜ਼ਾਰੀ ਬਾਰੇ ਵਿਸਤ੍ਰਿਤ ਚਰਚਾ ਕੀਤੀ ਹੈ। ਇਸ ਪੁਸਤਕ ਵਿਚ ਬਾਬੂ ਜੀ ਬਾਰੇ ਜ਼ਿਕਰ ਕਰਦਿਆਂ ਉਹ ਲਿਖਦੇ ਹਨ:

(ੳ) "ਮੰਗੂ ਰਾਮ ਇਕ ਦਲਿਤ ਸੀ, ਜਿਸਨੂੰ ਗਦਰ ਪਾਰਟੀ ਨੇ ਪੂਰਾ ਸੱਮਾਨ ਦਿੱਤਾ, ਮਨੁੱਖ ਦੇ ਰੂਪ ਵਿਚ ਦੇਖਿਆ। ਪਹਿਲੀ ਵਾਰ ਉਸ ਨੂੰ ਗੌਰਵ ਦਾ ਅਹਿਸਾਸ ਕਰਵਾਇਆ। ਐਨੀ ਲਾਰਸਨ ਅਤੇ ਮੈਵਰਿਕ ਜਹਾਜ਼ਾਂ ਵਿਚ ਭਾਰਤ ਵਿਚ ਸ਼ਸਤਰ ਭੇਜਣ ਵਾਲੇ ਪੰਜ ਭਾਰਤੀਆਂ ਵਿਚ ਉਸਨੂੰ ਚੁਣਿਆ। ਬਰਤਾਨੀਆ ਸਰਕਾਰ ਉਸਨੂੰ ਗੋਲੀ ਨਾਲ ਉਡਾਉਣਾ ਚਾਹੁੰਦੀ ਸੀ ਜਾਂ ਫਾਂਸੀ 'ਤੇ ਲਟਕਾਉਣਾ। ਇਕ ਦਿਨ ਇਕ ਅਖ਼ਬਾਰ ਵਿਚ ਛਪਿਆ, ਮੰਗੂ ਰਾਮ ਮਾਰਿਆ ਗਿਆ ਹੈ। ਸ਼ਾਇਦ ਮ੍ਰਿਤਕ ਦੇ ਪਾਸ ਮੰਗੂ ਰਾਮ ਨਾਮ ਦਾ ਪਾਸਪੋਰਟ ਸੀ। ਉਸ ਸਮਾਚਾਰ ਦਾ ਲਾਭ ਉਠਾ ਕੇ ਪਹਿਲੇ ਮਹਾਂਯੁੱਧ ਦੇ ਸਮਾਪਤ ਹੋਣ 'ਤੇ ਮੰਗੂ ਰਾਮ ਲੁਕਵੇਂ ਪਹਿਰਾਵੇ ਵਿਚ ਭਾਰਤ ਵਾਪਸ ਆਇਆ, ਆਪਣੀ ਜਨਮ ਭੂਮੀ ਪੰਜਾਬ ਵਿਚ ਪਹੁੰਚਿਆ। ਪ੍ਰੰਤੂ ਉਸਦੀ ਜਨਮ ਭੂਮੀ ਨੇ ਉਸਨੂੰ ਮਾਨਵ ਦੇ ਰੂਪ ਵਿਚ ਸਵੀਕਾਰ ਨਹੀਂ ਕੀਤਾ। ਉਹ ਉਥੇ ਆ ਕੇ ਫਿਰ ਦਲਿਤ ਹੋ ਗਿਆ- ਘ੍ਰਿਣਾ ਅਤੇ ਅਪਮਾਨ ਦਾ ਪਾਤਰ।"




L to R : Megh Raj, Gurmail, Karamchand, Gurdev Mehmi, Babu Mangu Ram, Harbans Hira, Nirmal, Ashwani, Mr. Randhawa, Charan Dass Puar, Karamchand, Maghi Ram, Parshini & Charano Kaur

(ਪੰਨਾ 179)

(ਅ) "ਉਸਦੀ ਆਜ਼ਾਦ ਆਤਮਾ ਤੜਫ ਉੱਠੀ। ਉਸਨੇ ਉਸ ਬ੍ਰਿਛ ਤੋਂ, ਜੋ ਉਸਨੂੰ ਬਿਮਾਰ ਸ਼ਾਖਾ ਦੇ ਰੂਪ ਵਿਚ ਦੇਖਦਾ ਸੀ, ਆਪਣੇ ਸਮੁਦਾਇ ਨੂੰ ਅਲੱਗ ਕਰਨ ਦੀ ਠਾਣ ਲਈ।" (ਪੰਨਾ 180)

(ੲ) "ਆਪਣੀ ਆਜ਼ਾਦੀ ਦੀ ਲੜਾਈ ਲੜਨ ਲਈ ਉਸਨੇ 'ਆਦਿ ਧਰਮ' ਦੀ ਸਥਾਪਨਾ ਕੀਤੀ। .. ਉਸਨੇ ਆਪਣੇ ਸਮਾਜ ਨੂੰ ਨਿਰਭੈ ਹੋ ਕੇ ਆਪਣਾ ਸੁਤੰਤਰ ਜੀਵਨ ਜਿਊਣ ਦਾ ਆਹਵਾਨ ਕੀਤਾ। ਇਸ ਤੋਂ ਬਾਅਦ ਮੰਗੂ ਰਾਮ ਨੇ ਜ਼ਿੰਦਗੀ ਭਰ ਦਲਿਤ ਵਰਗ ਵਿਚ ਸਵੈ-ਮਾਣ ਨਾਲ ਜਿਊਣ ਦੀ ਭਾਵਨਾ ਪੈਦਾ ਕਰਨ ਦਾ ਕੰਮ ਕੀਤਾ।" (ਪੰਨਾ 180)

## ਆਦਿ ਧਰਮ ਲਹਿਰ ਦੀ ਸਥਾਪਨਾ

ਵਤਨ ਪਰਤ ਕੇ ਬਾਬੂ ਮੰਗੂ ਰਾਮ ਦੇ ਸਾਹਮਣੇ ਸਭ ਤੋਂ ਵੱਡਾ ਪ੍ਰਸ਼ਨ ਸੀ, ਅਛੂਤਾਂ ਦੀ ਦਰਿਦ੍ਰਤਾ ਅਤੇ ਦੁਰਦਸ਼ਾ ਭਰੀ ਸਥਿਤੀ ਅਤੇ ਇਸ ਸਮਾਜਿਕ ਵਿਵਸਥਾ ਨੂੰ ਕਿਵੇਂ ਪਰਿਵਰਤਿਤ ਕੀਤਾ ਜਾਵੇ। ਇਸ ਸਬੰਧੀ ਨਿਰੰਤਰ ਚਿੰਤਨ ਅਤੇ ਡੂੰਘੀ ਸੋਚ ਵਿਚੋਂ ਹੀ 11-12 ਜੂਨ 1926 ਨੂੰ ਬਾਬੂ ਜੀ ਦੇ ਆਪਣੇ ਹੀ ਪਿੰਡ ਮੁਗੋਵਾਲ ਵਿਖੇ ਹਜ਼ਾਰਾਂ ਅਛੂਤਾਂ ਦੇ ਭਰਵੇਂ ਇਕੱਠ ਵਿਚ 'ਆਦਿ ਧਰਮ' ਦੀ ਸਥਾਪਨਾ ਹੋਈ।

1926 ਦੇ ਆਰੰਭ ਵਿਚ ਵਿਦੇਸ਼ੋਂ ਪਰਤਦਿਆਂ ਹੀ ਪੰਜਾਬ ਦੇ ਅਛੂਤਾਂ ਦੀ ਜ਼ਿੰਦਗੀ ਵਿਚ ਖੁਸ਼ਹਾਲੀ ਅਤੇ ਬਹਾਰ ਲਿਆਉਣ ਲਈ ਬਾਬੂ ਮੰਗੂ ਰਾਮ ਨੇ ਦੁਆਬੇ ਦੇ ਅਗਾਂਹਵਧੂ ਸੋਚ ਰੱਖਣ ਵਾਲੇ ਅਛੂਤ ਸਾਥੀਆਂ ਦੇ ਸਹਿਯੋਗ ਨਾਲ ਮੂਲ ਨਿਵਾਸੀਆਂ ਦੇ ਸਮਾਨ ਅਧਿਕਾਰਾਂ ਪ੍ਰਤੀ ਜਨ-ਚੇਤਨਾ ਪੈਦਾ ਕਰਨ ਲਈ ਅਨੇਕ ਪਿੰਡਾਂ ਵਿਚ ਜਲਸੇ ਤੇ ਮੀਟਿੰਗਾਂ ਕੀਤੀਆਂ। ਸਿੱਟੇ ਵਜੋਂ ਜਲੰਧਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਜਾਗ੍ਰਿਤ ਪਿੰਡਾਂ ਦੇ ਅਨੇਕ ਨੌਜਵਾਨਾਂ ਦਾ ਭਰਪੂਰ ਸਹਿਯੋਗ ਉਨ੍ਹਾਂ ਨੂੰ ਪ੍ਰਾਪਤ ਹੋਇਆ। ਪਿੰਡ ਮੁਗੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 11-12 ਜੂਨ 1926 ਨੂੰ ਅਛੂਤਾਂ ਦੇ ਹੋਏ ਬੇਮਿਸਾਲ ਇਕੱਠ ਵਿਚ ਬੇਪਨਾਹ ਜਜ਼ਬੇ ਅਤੇ ਉਤਸ਼ਾਹ ਨਾਲ ਲਬਰੇਜ਼ ਤਤਕਾਲੀਨ ਨੌਜਵਾਨਾਂ ਨੇ ਬਾਬੂ ਮੰਗੂ ਰਾਮ ਦੀ ਰਹਿਨੁਮਾਈ ਹੇਠ ਹਿੰਦੂ ਧਰਮ ਵਿਰੁੱਧ ਬਗਾਵਤ ਦਾ ਬਿਗਲ ਵਜਾਉਂਦਿਆਂ ਇਕ ਨਵੇਂ ਧਰਮ ਦਾ ਆਗਾਜ਼ ਕੀਤਾ।

ਪੰਜਾਬ ਦੇ ਅਛੂਤਾਂ ਲਈ 'ਆਦਿ ਧਰਮ' ਦੀ ਸਿਰਜਣਾ ਕਰਦਿਆਂ ਇਸ ਬੇਮਿਸਾਲ ਇਕੱਠ ਵਿਚ ਪਾਸ ਹੋਏ ਮਤਿਆਂ ਦੇ ਰੂਪ ਵਿਚ ਹਜ਼ਾਰਾਂ ਸਾਲਾਂ ਤੋਂ ਪੀੜਾਂ ਭੋਗ ਰਹੇ ਮੂਲ ਨਿਵਾਸੀਆਂ ਦਾ ਪਹਿਲਾ 'ਐਲਾਨਨਾਮਾ' ਜਾਰੀ ਕੀਤਾ ਗਿਆ। ਜਿਸ ਵਿਚੋਂ ਕੁਝ ਨੁਕਤੇ ਇੱਥੇ ਪੇਸ਼ ਹਨ:

(ੳ) ਅਸੀਂ ਹਿੰਦੂ ਨਹੀਂ ਹਾਂ। ...ਅਸੀਂ ਹਿੰਦੂ ਧਰਮ ਦਾ ਹਿੱਸਾ ਨਹੀਂ ਹਾਂ ਅਤੇ ਨਾ ਹੀ ਹਿੰਦੂ ਸਾਡਾ ਹਿੱਸਾ ਹਨ।

(ਅ) ਮਰਦਮਸ਼ੁਮਾਰੀ ਵਿਚ ਆਦਿ ਧਰਮ ਨੂੰ ਵੱਖਰੇ ਧਰਮ ਵਜੋਂ ਸ਼ਾਮਲ ਕੀਤਾ ਜਾਵੇ ਅਤੇ ਸਾਨੂੰ ਹਿੰਦੂਆਂ ਦੇ ਬਰਾਬਰ ਹੱਕ ਦਿੱਤੇ ਜਾਣ।

(ੲ) ਜਿਹੜੇ ਗ੍ਰੰਥ ਅਤੇ ਸ਼ਾਸਤਰ ਅਛੂਤਾਂ ਨੂੰ ਗੁਲਾਮ ਦਿਖਾਉਂਦੇ ਹਨ, ਉਨ੍ਹਾਂ ਦਾ ਬਾਈਕਾਟ ਕਰਨਾ ਚਾਹੀਦਾ ਹੈ। ਅਜਿਹੀਆਂ ਪੁਸਤਕਾਂ ਨੂੰ ਮੰਨਣਾ ਇਕ ਨੈਤਿਕ ਪਾਪ ਹੈ।

(ਸ) ਉਹ ਸ਼ਾਸਤਰ ਜਿਵੇਂ ਕਿ ਮਨੂੰ ਸਿਮ੍ਰਿਤੀ, ਜਿਹੜੇ ਅਛੂਤਾਂ ਨੂੰ ਗੁਲਾਮ ਬਣਾਉਂਦੇ ਹਨ, ਦੇ ਉਪਰ ਪਾਬੰਦੀ ਲਾਈ ਜਾਵੇ ਅਤੇ ਜ਼ਬਤ ਕੀਤੇ ਜਾਣ। ਇਹ ਪੁਸਤਕਾਂ ਸਾਡੀ ਤਰੱਕੀ ਦੇ ਰਾਹ ਵਿਚ ਰੁਕਾਵਟ ਬਣ ਚੁੱਕੀਆਂ ਹਨ।

(ਹ) ਅਛੂਤਾਂ ਦੇ ਬੱਚਿਆਂ ਨੂੰ ਖਾਸ ਵਜ਼ੀਫੇ ਅਤੇ ਵਿਦਿਆ ਦਿੱਤੀ ਜਾਵੇ।

(ਕ) ਸਾਨੂੰ ਵੀ ਦੂਜਿਆਂ ਵਾਂਗ ਗ੍ਰਾਂਟਾਂ ਮਿਲਣੀਆਂ ਚਾਹੀਦੀਆਂ ਹਨ। ਅਛੂਤਾਂ ਲਈ ਵਿਸ਼ੇਸ਼ ਸਕੂਲਾਂ ਦੀ ਸਥਾਪਨਾ ਕੀਤੀ ਜਾਵੇ।

(ਖ) ਅਛੂਤ ਜਿਨ੍ਹਾਂ ਘਰਾਂ ਵਿਚ ਰਹਿੰਦੇ ਹਨ, ਉਨ੍ਹਾਂ ਨੂੰ ਇਨ੍ਹਾਂ ਘਰਾਂ ਦੀ ਮਾਲਕੀ ਦੇ ਯੋਗ ਬਣਾਇਆ ਜਾਵੇ। ਰਈਅਤਨਾਮਾ ਅਤੇ ਇਹੋ ਜਿਹੀਆਂ ਹੋਰ ਸ਼ਰਤਾਂ ਨੂੰ ਖਤਮ ਕੀਤਾ ਜਾਵੇ।

(ਗ) ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਾਰੇ ਮਹਿਕਮਿਆਂ ਨੂੰ ਚਿਤਾਵਨੀਆਂ ਜਾਰੀ ਕਰੇ ਕਿ ਕਿਸੇ ਨੂੰ ਵੀ ਅਛੂਤਾਂ ਤੋਂ, ਬਿਨਾਂ ਮਜ਼ਦੂਰੀ ਦਿੱਤਿਆਂ (ਬੇਗਾਰ) ਕੰਮ ਕਰਾਉਣ ਦਾ ਹੱਕ ਨਹੀਂ।

## ਆਦਿ ਧਰਮ ਦੇ ਕੁਝ ਮੁਢਲੇ ਸਿਧਾਂਤ ਤੇ ਫਰਜ਼

ਹਰ ਧਰਮ ਦੇ ਕੁਝ ਮੁਢਲੇ ਸਿਧਾਂਤ, ਸੰਕਲਪ ਅਤੇ ਅਸੂਲ ਹੁੰਦੇ ਹਨ। ਇਹ ਅਸੂਲ, ਨਿਯਮ ਅਤੇ ਰਹਿਤ ਮਰਿਆਦਾ ਹੀ ਕਿਸੇ ਨਵੇਂ ਧਰਮ ਦੀ ਵਿਸ਼ੇਸ਼ ਪਹਿਚਾਣ ਬਣਦੀ ਹੈ। ਉਪਰੋਕਤ ਕੁਝ ਇਕ ਅਹਿਮ ਨੁਕਤਿਆਂ ਤੋਂ ਇਲਾਵਾ ਆਦਿ ਧਰਮ ਦੇ ਮੁਢਲੇ ਸਿਧਾਂਤ ਅਤੇ ਆਦਿ ਧਰਮੀਆਂ ਦੇ ਫਰਜ਼ ਵੀ ਵਾਚਣਯੋਗ ਹਨ। ਇਨ੍ਹਾਂ ਅਸੂਲਾਂ, ਸਿਧਾਂਤਾਂ ਅਤੇ ਫਰਜ਼ਾਂ ਨੂੰ ਵਾਚ ਕੇ ਇਹ ਦ੍ਰਿਸ਼ਟੀਗੋਚਰ ਹੁੰਦਾ ਹੈ ਕਿ ਬਾਬੂ ਮੰਗੂ ਰਾਮ ਅਤੇ ਉਹਨਾਂ ਦੇ ਸਾਥੀ ਲਗਭਗ 98 ਸਾਲ ਪਹਿਲਾਂ ਅਰਥਾਤ 1926 ਵਿਚ ਵੀ ਮੂਲ ਨਿਵਾਸੀਆਂ ਦੀ ਸਮਾਜਿਕ, ਆਰਥਿਕ ਅਤੇ ਨੈਤਿਕ ਉਨਤੀ ਪ੍ਰਤੀ ਕਿੰਨੇ ਸੁਚੇਤ ਅਤੇ ਦੂਰਦਰਸ਼ੀ ਸਨ। ਸਾਡਾ ਸਮਾਜ ਤਾਂ ਅੱਜ ਵੀ ਇਨ੍ਹਾਂ ਕਮੀਆਂ, ਕੁਰੀਤੀਆਂ ਨੂੰ ਤਿਆਗ ਨਹੀਂ ਸਕਿਆ। ਆਦਿ ਧਰਮ ਦੇ ਮੁਢਲੇ ਸਿਧਾਂਤ ਅਤੇ ਆਦਿ ਧਰਮੀਆਂ ਦੇ ਫਰਜ਼ ਅਜੋਕੇ ਸਮਾਜ ਦੇ ਵਿਕਾਸ ਲਈ ਪਹਿਲਾਂ ਨਾਲੋਂ ਵੀ ਵੱਧ ਲੋੜੀਂਦੇ ਤੇ ਸਾਰਥਕ ਹਨ:

(ੳ) ਮੂਰਤੀ ਪੂਜਾ ਦਾ ਤਿਆਗ ਕਰੋ। ਜਾਦੂ-ਟੂਣਿਆਂ, ਵਹਿਮਾਂ-ਭਰਮਾਂ ਅਤੇ ਭੂਤਾਂ-ਪ੍ਰੇਤਾਂ ਦੇ ਹਰ ਪ੍ਰਕਾਰ ਦੇ ਪਾਖੰਡਾਂ ਤੋਂ ਦੂਰ ਰਹੋ।

(ਅ) ਆਦਿ ਧਰਮੀਆਂ ਨੂੰ ਚੋਰੀ, ਫਰਾਡ, ਝੂਠ, ਬੇਇਮਾਨੀ, ਕਿਸੇ ਦੂਸਰੇ ਦੀ ਪਤਨੀ ਵੱਲ ਭੈੜੀ ਨਜ਼ਰ ਨਾਲ ਤੱਕਣਾ, ਕਿਸੇ ਚੀਜ਼ ਦੀ ਵਰਤੋਂ ਕਰਨਾ ਜੋ ਨਸ਼ਾ ਚੜ੍ਹਾਉਂਦੀ ਹੋਵੇ, ਜੂਏਬਾਜ਼ੀ, ਕਿਸੇ ਦੂਸਰੇ ਵਿਅਕਤੀ ਦੀ ਜਾਇਦਾਦ ਜਾਂ ਵਸਤੂ ਨੂੰ ਜ਼ਬਰਦਸਤੀ ਪ੍ਰਾਪਤ ਕਰਨਾ, ਇਹ ਸਭ ਕੁਝ ਕੁਦਰਤ ਦੇ ਸਿਧਾਂਤ ਦੇ ਉਲਟ ਹੈ। ਇਸ ਲਈ ਇਹ ਆਦਿ ਧਰਮ ਦੇ ਸਿਧਾਂਤ ਦੇ ਉਲਟ ਹੈ।

(ੲ) ਗਿਆਨ ਨੂੰ ਗ੍ਰਹਿਣ ਕਰਨਾ, ਭਾਲਣਾ, ਤਰੱਕੀ ਨੂੰ ਪ੍ਰਾਪਤ ਕਰਨਾ ਅਤੇ ਭਾਲਣਾ ਹਰ ਆਦਮੀ ਅਤੇ ਔਰਤ ਲਈ ਜ਼ਰੂਰੀ ਹੈ।

(ਸ) ਆਦਿ ਧਰਮ ਵਿਚ ਲੜਕੇ ਅਤੇ ਲੜਕੀ ਦਾ ਪਰਿਵਾਰਕ ਜਾਇਦਾਦ ਵਿਚ ਬਰਾਬਰ ਦਾ ਹਿੱਸਾ ਹੋਣਾ ਚਾਹੀਦਾ ਹੈ।

(ਹ) ਲੜਕੇ ਅਤੇ ਲੜਕੀ ਦੇ ਜਨਮ 'ਤੇ ਇਕੋ ਜਿਹੀ ਅਪਾਰ ਖੁਸ਼ੀ ਮਨਾਉਣੀ ਚਾਹੀਦੀ ਹੈ।

(ਕ) ਲੜਕੀਆਂ ਨੂੰ ਸਿੱਖਿਆ ਦੇਣੀ ਚਾਹੀਦੀ ਹੈ, ਖਾਸ ਕਰਕੇ ਘਰੇਲੂ ਕੰਮਾਂ ਅਤੇ ਸਿਲਾਈ ਕਢਾਈ ਦੀ।

(ਖ) ਮਰੇ ਪਸ਼ੂ ਜਾਂ ਪੰਛੀ ਦਾ ਮੀਟ ਖਾਣਾ ਆਦਿ ਧਰਮ ਦੇ ਨਿਯਮਾਂ ਦੇ ਵਿਰੁੱਧ ਹੈ।

(ਗ) ਸ਼ਰਾਬ ਜਾਂ ਕੋਈ ਹੋਰ ਨਸ਼ਾ ਬਿਮਾਰੀ ਦੀ ਹਾਲਤ ਤੋਂ ਬਿਨਾਂ ਵਰਤਣਾ ਇਕ ਪਾਪ ਹੈ।

(ਘ) ਬਾਲ ਵਿਆਹ ਅਤੇ ਖ਼ਰਚੀਲੇ ਵਿਆਹਾਂ ਦੀ ਪੂਰਨ ਮਨਾਹੀ ਕਰਾਉਣਾ।

(ਙ) ਆਦਿ ਧਰਮੀਆਂ ਨੂੰ ਸਾਰੇ ਪਿੰਡਾਂ ਵਿਚ ਦੁਕਾਨਾਂ ਅਤੇ ਕਾਰੋਬਾਰ ਖੋਲ੍ਹਣੇ ਚਾਹੀਦੇ ਹਨ।

(ਚ) ਜਾਤ-ਪਾਤ ਤਿਆਗ ਕੇ ਸਮੁੱਚੇ ਆਦਿ ਧਰਮੀ ਆਪਸ ਵਿਚ ਸਹਿਯੋਗ ਕਰਕੇ ਆਪਸੀ ਏਕਤਾ, ਤਾਕਤ ਅਤੇ ਪ੍ਰੇਮ ਪਿਆਰ ਵਿਚ ਵਾਧਾ ਕਰਨ।

ਇੱਥੇ ਲੇਖ ਦੇ ਵਿਸਤ੍ਰਿਤ ਹੋਣ ਦੇ ਡਰ ਕਾਰਨ ਸਿਰਫ਼ ਕੁਝ ਇਕ ਮਹੱਤਵਪੂਰਨ ਨੁਕਤਿਆਂ ਦਾ ਹੀ ਜ਼ਿਕਰ ਕੀਤਾ ਗਿਆ ਹੈ, ਉਂਝ ਆਦਿ ਧਰਮ ਦੇ ਸਿਧਾਂਤਾਂ ਅਤੇ ਆਦਿ ਧਰਮੀਆਂ ਦੇ ਫਰਜ਼ਾਂ ਅਤੇ ਹਿਦਾਇਤਾਂ ਦੀ ਕੁੱਲ ਗਿਣਤੀ 78 ਹੈ।

ਵਾਸਤਵ ਵਿਚ ਆਦਿ ਧਰਮ ਲਹਿਰ ਰਾਜ ਸ਼ਕਤੀ ਅਰਥਾਤ ਸੱਤਾ ਪ੍ਰਾਪਤੀ ਲਈ ਇਕ ਸਮਾਜਿਕ ਅਤੇ ਧਾਰਮਿਕ ਅੰਦੋਲਨ ਸੀ। ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਉਨ੍ਹਾਂ ਦੇ ਦੂਰ-ਅੰਦੇਸ਼, ਸਾਊ ਤੇ ਸੂਝਵਾਨ ਸਾਥੀ ਇਸ ਤੱਥ ਤੋਂ ਭਲੀ-ਭਾਂਤ ਜਾਣੂ ਸਨ ਕਿ ਸਮਾਜਿਕ ਅਤੇ ਧਾਰਮਿਕ ਇੱਕਜੁਟਤਾ ਸਦੀਆਂ ਤੋਂ ਪੀੜਾ ਭੋਗ ਰਹੇ ਸਮਾਜ ਵਿਚ ਇਕ ਨਵੀਂ ਚੇਤਨਾ ਅਤੇ ਨਵੀਂ ਰਾਜਨੀਤਿਕ ਸ਼ਕਤੀ ਦਾ ਸੰਚਾਰ ਕਰ ਸਕਦੀ ਹੈ। ਇਸ ਸੰਕਲਪ ਤੇ ਸਿਧਾਂਤ ਨੂੰ ਸਾਕਾਰ ਹੁੰਦਿਆਂ ਉਹਨਾਂ ਨੇ 1937 ਦੀ ਵਿਧਾਨ ਸਭਾ ਚੋਣ ਵਿਚ ਅੱਖੀਂ ਦੇਖਿਆਂ, ਜਦੋਂ ਆਦਿ ਧਰਮ ਦੀ ਸੰਗਠਨਾਤਮਕ ਸ਼ਕਤੀ ਨੇ ਪੰਜਾਬ ਦੀ ਯੂਨੀਅਨਿਸਟ ਪਾਰਟੀ ਨਾਲ ਸਮਝੌਤਾ ਕਰਕੇ ਪੰਜਾਬ ਦੀਆਂ ਅੱਠ ਰਿਜ਼ਰਵ ਸੀਟਾਂ 'ਤੇ ਬੇਮਿਸਾਲ ਅਤੇ ਇਤਿਹਾਸਕ ਜਿੱਤ ਪ੍ਰਾਪਤ ਕੀਤੀ। ਪਰ ਏਕਤਾ ਅਤੇ ਸੰਗਠਨ ਵਿਚ ਬਿਖਰਾਵ ਤੇ ਤ੍ਰੇੜਾਂ ਆਉਣ ਨਾਲ ਇਸ ਕਾਮਯਾਬੀ ਨੂੰ ਲੰਮੇ ਅਰਸੇ ਤੱਕ ਕਾਇਮ ਨਹੀਂ ਰੱਖਿਆ ਜਾ ਸਕਿਆ। ਅਜੋਕੀਆਂ ਪ੍ਰਸਥਿਤੀਆਂ ਦੇ ਅੰਤਰਗਤ ਅੱਜ ਪੁਨਰ-ਵਿਚਾਰ ਦੀ ਲੋੜ ਹੈ ਕਿ ਅਸੀਂ ਇਤਿਹਾਸ ਤੋਂ ਸਬਕ ਸਿੱਖੀਏ, ਸਵੈ-ਵਿਵੇਚਨ ਕਰੀਏ, ਸਮਾਜਿਕ ਤੇ ਧਾਰਮਿਕ ਤੌਰ 'ਤੇ ਲਾਮਬੰਦ ਹੋ ਕੇ ਸੱਤਾ ਪ੍ਰਾਪਤੀ ਦੀ ਮੰਜ਼ਿਲ ਵੱਲ ਅੱਗੇ ਵਧੀਏ। ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਜਨਮ ਦਿਨ, 14 ਜਨਵਰੀ 'ਤੇ ਉਹਨਾਂ ਦੇ ਸਾਰਥਕ ਤੇ ਬੇਮਿਸਾਲ ਸੰਘਰਸ਼ ਨੂੰ ਯਾਦ ਕਰਦਿਆਂ ਇਸ ਵਿਚਾਰ-ਚਰਚਾ ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਸਾਹਿਬ ਦੇ ਇਸ ਇਤਿਹਾਸਕ ਕਥਨ ਨਾਲ ਸਮਾਪਤ ਕਰਦਾ ਹਾਂ;

"ਰਾਜਨੀਤਿਕ ਕ੍ਰਾਂਤੀਆਂ ਹਮੇਸ਼ਾ ਸਮਾਜਿਕ ਅਤੇ ਧਾਰਮਿਕ ਕ੍ਰਾਂਤੀਆਂ ਤੋਂ ਬਾਅਦ ਹੋਈਆਂ ਹਨ।"

(Vol. 1, P. 44)

AD-DHARAM BROTHERHOOD UK
CELEBRATING BIRTHDAY OF



Gadri Baba
Babu Mangu Ram Mugowalia
Founder Of
Ad-Dharam Mandal
11-12 June 1926


ON SUNDAY
14TH JANUARY 2024

PROGRAMME
Shri Sukhmani Sahib Path At 10:30 Am Bhog 12:00 Noon With Kirtan And Speeches
By Prominent Members Of Community And Missionery Songs By Prem Chamkila
AT
Shri Guru Ravidass Temple, 181 Dudley Road, Wolverhampton Wv2 3rd
For Further Information-: Harbans Heera 07779271356,
Haripal Randhawa, Nirmal Mahay

Not ad

Kash
FABRICS

ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ



ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗਾੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ
ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED
TIRES
WASH, LUBE, BRAKES

Call:
530-824-5134

LUCAS OIL LUCAS INJECTOR CLEANER $28.99

Call:
650-642-0697

3525 Highway 99, West Corning, CA 96021
Across the Street from TA Truck Stop

ਪਠਾਨਕੋਟ ਸਮਾਚਾਰ/ ਰਾਜਿੰਦਰ ਸਿੰਘ ਰਾਜਨ

# ਜਿਲ੍ਹਾ ਪਠਾਨਕੋਟ ਨੂੰ ਜਲਦੀ ਮਿਲਣਗੇ 10 ਹੋਰ ਨਵੇਂ ਆਮ ਆਦਮੀ ਕਲੀਨਿਕ

**ਪਠਾਨਕੋਟ–** ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਿੱਚ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਂਣ ਦੇ ਉਦੇਸ ਨਾਲ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਸਰਕਾਰ ਵੱਲੋਂ ਲੋਕਾਂ ਦੇ ਆਰਥਿਕ, ਸੱਭਿਆਚਾਰਕ ਅਤੇ ਸਮਾਜਿਕ ਮਸਲੇ ਹੱਲ ਕੀਤੇ ਜਾ ਰਹੇ ਹਨ ਪੰਜਾਬ ਸਰਕਾਰ ਵੱਲੋਂ ਅਪਣੇ 20 ਮਹੀਨਿਆਂ ਦੇ ਕਾਰਜਕਾਲ ਦੋਰਾਨ ਬਹਿਤ ਹੀ ਅਹਿਮ ਫੈਂਸਲੇ ਲੈਂਦਿਆਂ ਹੋਇਆ ਇਤਿਹਾਸ ਦੀ ਸਿਰਜਨਾ ਕੀਤੀ ਹੈ ਉਨ੍ਹਾਂ ਵਿਕਾਸ ਕਾਰਜਾਂ ਦਾ ਰੀਵਿਓ ਕਰਨ ਲਈ ਅਤੇ ਜਿਲ੍ਹੇ ਅੰਦਰ ਸਰਕਾਰ ਦੀਆਂ ਯੋਜਨਾਵਾਂ ਨੂੰ ਅਮਲੀ ਜਾਮਾ ਪਹਿਣਾਉਂਣ ਦੇ ਲਈ ਅੱਜ ਆਮ ਆਦਮੀ ਪਾਰਟੀ ਦੇ ਆਹੁਦੇਦਾਰ ਅਤੇ ਪ੍ਰਸਾਸਨਿਕ ਅਧਿਕਾਰੀਆਂ ਨਾਲ ਇੱਕ ਅਹਿਮ ਮੀਟਿੰਗ ਕੀਤੀ ਗਈ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਵੱਲੋਂ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਵਿਖੇ ਸ। ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਦੀ ਪ੍ਰਧਾਨਗੀ ਆਮ ਆਦਮੀ ਪਾਰਟੀ ਦੇ ਆਹੁਦੇਦਾਰ ਅਤੇ ਪ੍ਰਸਾਸਨਿਕ ਅਧਿਕੀਆਂ ਵਿੱਚ ਆਯੋਜਿਤ ਕੀਤੀ ਇੱਕ ਮੀਟਿੰਗ ਕਰਨ ਮਗਰੋਂ ਕੀਤਾ। ਇਸ ਮੋਕੇ ਤੇ ਬਟਾਲਾ ਦੇ ਵਿਧਾਇਕ ਸੈਰੀ ਕਲਸੀ ਵੀ ਵਿਸ਼ੇਸ ਤੌਰ ਤੇ ਹਾਜ਼ਰ ਸਨ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਦਲਜਿੰਦਰ ਸਿੰਘ ਢਿੱਲੋਂ ਐਸ.ਐਸ.ਪੀ. ਪਠਾਨਕੋਟ, ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ) ਪਠਾਨਕੋਟ, ਵਿਭੂਛੀ ਸਰਮਾ ਚੇਅਰਮੈਨ ਪੀ.ਟੀ.ਡੀ.ਸੀ., ਅੰਮਿਤ ਮੰਟੂ ਜਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਪਠਾਨਕੋਟ, ਕੈਪਟਨ ਸੁਨੀਲ ਗੁਪਤਾ ਚੇਅਰਮੈਨ ਪੈਸਕੋ ਪੰਜਾਬ, ਵਿਕਾਸ ਸੈਣੀ ਚੇਅਰਮੈਨ ਮਾਰਕਿਟ ਕਮੇਟੀ ਪਠਾਨਕੋਟ, ਠਾਕੁਰ ਮਨੋਹਰ ਸਿੰਘ, ਮੇਜਰ ਡਾ। ਸੁਮਿਤ ਮੁਧ ਐਸ.ਡੀ.ਐਮ. ਪਠਾਨਕੋਟ, ਅਨੁਰਾਧਾ ਬਾਲੀ ਪ੍ਰਧਾਨ ਨਗਰ ਕੌਂਸਲ ਸੁਜਾਨਪੁਰ, ਸਾਹਿਬ ਸਿੰਘ ਸਾਬਾ, ਭਾਨੂ ਪ੍ਰਤਾਪ, ਰੇਖਾ ਮਣੀ ਸਰਮਾ ਜਿਲ੍ਹਾ ਮਹਿਲਾ ਪ੍ਰਧਾਨ, ਐਡਵੋਕੇਟ ਰਮੇਸ ਕੁਮਾਰ, ਨਰੇਸ ਸੈਣੀ ਜਿਲ੍ਹਾ ਪ੍ਰਧਾਨ ਬੀ।ਸੀ। ਵਿੰਗ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਸੋਹਣ ਲਾਲ ਬਲਾਕ ਪ੍ਰਧਾਨ, ਬਲਜਿੰਦਰ ਕੌਰ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਭੁਪਿੰਦਰ ਸਿੰਘ, ਸੋਹਣ ਲਾਲ ਬਲਾਕ ਪ੍ਰਧਾਨ ਅਤੇ ਹੋਰ ਪਾਰਟੀ ਕਾਰਜਕਰਤਾ ਹਾਜ਼ਰ ਸਨ। ਇਸ ਮੋਕੇ ਤੇ ਸੰਬੋਧਨ ਕਰਦਿਆਂ ਮੰਤਰੀ ਪੰਜਾਬ ਨੇ ਕਿਹਾ ਕਿ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਵਿੱਚ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਕੋਈ ਵੀ ਨਾਗਰਿਕ 1076 ਨੰਬਰ ਡਾਇਲ ਕਰਕੇ 43 ਤਰ੍ਹਾਂ ਦੀ ਸਰਕਾਰੀ ਸੇਵਾਵਾਂ ਘਰ ਬੈਠੇ ਹੀ ਪ੍ਰਾਪਤ ਕਰ ਸਕਦੇ ਹਨ, ਪਿਛਲੇ 20 ਮਹੀਨਿਆਂ ਦੇ ਕਾਰਜਕਾਲ ਦੌਰਾਨ ਲੋਕਾਂ ਨੂੰ ਦਿੱਤੀ ਆਮ ਆਦਮੀ ਕਲੀਨਿਕਾਂ ਦੀ ਸੁਵਿਧਾ, ਪੰਜਾਬ ਦੇ ਨੋਜਵਾਨਾਂ ਨੂੰ 40 ਹਜਾਰ ਨੋਕਰੀਆਂ ਦਿੱਤੀਆਂ ਗਈਆਂ ਅਤੇ ਹੋਰ ਵੀ ਵਧੇਰੀਆਂ ਯੋਜਨਾਵਾਂ ਲੋਕ ਹਿੱਤ ਲਈ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅੱਜ ਜਿਲ੍ਹਾ ਪਠਾਨਕੋਟ ਅੰਦਰ ਚਲ ਰਹੇ ਵਿਕਾਸ ਕਾਰਜਾਂ ਤੇ ਰੀਵਿਓ ਕਰਨ ਦੇ ਲਈ ਜਿਲ੍ਹਾ ਪ੍ਰਸਾਸਨਿਕ ਅਧਿਕਾਰੀਆਂ ਅਤੇ ਆਮ ਆਦਮੀ ਪਾਰਟੀ ਦੇ ਆਹੁਦੇਦਾਰਾਂ ਵਿੱਚ ਮੀਟਿੰਗ ਕੀਤੀ ਗਈ ਹੈ ਜਿਸ ਦੇ ਬਹੁਤ ਵਧੀਆਂ ਨਤੀਜੇ ਸਾਹਮਣੇ ਆਏ। ਉਨ੍ਹਾਂ ਦੱਸਿਆ ਕਿ ਆਮ ਆਦਮੀ ਪਾਰਟੀ ਦੇ ਆਹੁਦੇਦਾਰਾਂ ਅਤੇ ਵਰਕਰਾਂ ਵੱਲੋਂ ਮੋਕੇ ਤੇ ਮਾਮਲੇ ਧਿਆਨ ਵਿੱਚ ਲਿਆਂਦੇ ਅਤੇ ਬਹੁਤ ਸਾਰੇ ਮਸਲਿਆਂ ਦਾ ਹੱਲ ਮੋਕੇ ਤੇ ਹੀ ਕੀਤਾ ਗਿਆ। ਜਿਨ੍ਹਾਂ ਮਸਲਿਆਂ ਦਾ ਹੱਲ ਮੋਕੇ ਤੇ ਨਹੀਂ ਹੋਇਆ ਹੈ ਪ੍ਰਸਾਸਨ ਵੱਲੋਂ ਜਲਦੀ ਹੀ ਉਨ੍ਹਾਂ ਮਸਲਿਆਂ ਨੂੰ ਹੱਲ ਕਰਨ ਦੇ ਲਈ ਭਰੋਸਾ ਦਿੱਤਾ ਹੈ।



ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਦੇ ਲਈ ਹੋਰ ਵੀ ਖੁਸੀ ਦੀ ਗੱਲ ਹੈ ਕਿ ਜਿੱਥੇ ਪਹਿਲਾਂ ਹੀ ਆਮ ਆਦਮੀ ਕਲੀਨਿਕਾਂ ਤੋਂ ਲੋਕ ਸਿਹਤ ਸੇਵਾਵਾਂ ਪ੍ਰਾਪਤ ਕਰ ਰਹੇ ਹਨ ਅਤੇ ਜਲਦੀ ਹੀ 10 ਹੋਰ ਆਮ ਆਦਮੀ ਕਲੀਨਿਕ ਜਿਲ੍ਹਾ ਪਠਾਨਕੋਟ ਨੂੰ ਮਿਲੇ ਹਨ ਅਤੇ ਇਨ੍ਹਾਂ ਦਾ ਨਿਰਮਾਣ ਕਾਰਜ ਚਲ ਰਿਹਾ ਹੈ ਜਲਦੀ ਹੀ ਇਹ ਆਮ ਆਦਮੀ ਕਲੀਨਿਕ ਜਨਤਾ ਨੂੰ ਸਮਰਪਿਤ ਕੀਤੇ ਜਾਣਗੇ। ਇਸ ਤੋਂ ਇਲਾਵਾ ਜਿਲ੍ਹਾ ਪਠਾਨਕੋਟ ਅੰਦਰ 27 ਆਂਗਣਬਾੜੀ ਸੈਂਟਰਾਂ ਦਾ ਨਿਰਮਾਣ ਕਰਵਾਇਆ ਜਾ ਰਿਹਾ ਹੈ ਜਿਸ ਅਧੀਨ ਹਰੇਕ ਆਂਗਣਬਾੜੀ ਸੈਂਟਰ ਤੇ ਕਰੀਬ 10 ਲੱਖ ਰੁਪਏ ਖਰਚ ਕੀਤੇ ਜਾਣੇ ਹਨ, ਇਨ੍ਹਾਂ ਦਾ ਵੀ ਨਿਰਮਾਣ ਕਰਕੇ ਜਲਦੀ ਜਨਤਾ ਨੂੰ ਸਮਰਪਿਤ ਕੀਤੇ ਜਾਣਗੇ।

ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਦੇ ਸੁਜਾਨਪੁਰ ਸਹਿਰ ਦੇ ਲੋਕਾਂ ਅਤੇ ਨਰੋਟ ਜੈਮਲ ਸਿੰਘ ਦੇ ਲੋਕਾਂ ਲਈ ਖੁਸੀ ਦੀ ਗੱਲ ਹੈ ਕਿ ਸੀਵਰੇਜ ਅਤੇ ਟ੍ਰੀਟਮੈਂਟ ਪਲਾਂਟ ਦੇ ਪ੍ਰੋਜੈਕਟ ਪ੍ਰੋਸੈਸ ਵਿੱਚ ਹਨ ਅਤੇ ਜਲਦੀ ਹੀ ਇਹ ਤੋਹਫੇ ਸੁਜਾਨਪੁਰ ਅਤੇ ਨਰੋਟ ਜੈਮਲ ਸਿੰਘ ਦੇ ਲੋਕਾਂ ਨੂੰ ਮਿਲਣਗੇ।

ਇਸ ਮੋਕੇ ਤੇ ਡਿਪਟੀ ਕਮਿਸਨਰ ਪਠਾਨਕੋਟ ਸ ਹਰਬੀਰ ਸਿੰਘ ਨੇ ਵੀ ਭਰੋਸਾ ਦਿੱਤਾ ਕਿ ਜ਼ਿਲ੍ਹਾ ਪਠਾਨਕੋਟ ਅੰਦਰ ਵੱਖ ਵੱਖ ਵਿਭਾਗਾਂ ਅੰਦਰ ਚਲਾਏ ਜਾ ਰਹੇ ਵਿਕਾਸ ਕਾਰਜ ਨਿਰਧਾਰਤ ਸਮੇਂ ਅੰਦਰ ਹੀ ਮੁਕੰਮਲ ਕਰਕੇ ਜਨਤਾ ਦੇ ਸਮਰਪਿਤ ਕੀਤੇ ਜਾਣਗੇ।

# ਤਾਰਾਗੜ੍ਹ ਅਤੇ ਬੈਗੋਵਾਲ ਵਾਸੀਆਂ ਨੂੰ ਵਧੀਆਂ ਪਾਰਕ ਅਤੇ ਵੱਕ ਟ੍ਰੈਕ ਦੀ ਜਲਦੀ ਮਿਲੇਗੀ ਸੋਗਾਤ -ਸ੍ਰੀ ਲਾਲ ਚੰਦ ਕਟਾਰੂਚੱਕ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)–** ਪੰਜਾਬ ਸਰਕਾਰ ਦਾ ਇਹ ਉਪਰਾਲਾ ਰਿਹਾ ਹੈ ਕਿ ਲੋਕਾਂ ਨੂੰ ਇੱਕ ਚੰਗੀ ਸਿਹਤ ਪ੍ਰਦਾਨ ਕੀਤੀ ਜਾਵੇ ਅਤੇ ਇਸ ਉਦੇਸ ਨਾਲ ਪੰਜਾਬ ਸਰਕਾਰ ਵੱਲੋਂ ਸ{ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਵਿੱਚ ਵਿਸੇਸ ਕਾਰਜ ਕੀਤੇ ਜਾ ਰਹੇ ਹਨ, ਲੋਕਾਂ ਨੂੰ ਆਮ ਆਦਮੀ ਕਲੀਨਿਕ ਬਣਾ ਕੇ ਦਿੱਤੇ ਹਨ ਅਤੇ ਪਿੰਡਾਂ ਅੰਦਰ ਵਧੀਆ ਪਾਰਕਾਂ, ਸਟੇਡੀਅਮ ਆਦਿ ਬਣਾ ਕੇ ਦਿੱਤੇ ਜਾ ਰਹੇ ਹਨ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਅੱਜ ਤਾਰਾਗੜ੍ਹ ਵਿਖੇ ਸਕੂਲ ਦੇ ਨਜਦੀਕ ਗਰਾਊਂਡ ਵਿਖੇ ਬਣਾਏ ਜਾਣ ਵਾਲੇ ਪਾਰਕ ਦਾ ਨਿਰੀਖਣ ਕਰਨ ਮਗਰੋਂ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਨਰੇਸ ਸੈਣੀ ਬੀ।ਸੀ। ਵਿੰਗ ਜਿਲ੍ਹਾ ਪ੍ਰਧਾਨ, ਬਲਾਕ ਪ੍ਰਧਾਨ ਪਵਨ ਕੁਮਾਰ ਫੋਜੀ, ਜੰਗ ਬਹਾਦੁਰ ਬਲਾਕ ਪ੍ਰਧਾਨ, ਨਿਸਾ ਸੈਣੀ ਬਲਾਕ ਪ੍ਰਧਾਨ, ਸਾਂਬਰ ਸਿੰਘ, ਰਮਨ ਕੁਮਾਰ, ਰਾਜਾ ਬਕਨੋਰ, ਹਰਬੰਸ ਲਾਲ, ਅਜੀਤ ਸੈਣੀ, ਹਰੀ ਸਿੰਘ ਅਤੇ ਹੋਰ ਕਾਰਜਕਰਤਾ ਵੀ ਹਾਜਰ ਸਨ।

ਇਸ ਮੋਕੇ ਤੇ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਉਨ੍ਹਾਂ ਨੂੰ ਜਦੋਂ ਵੀ ਮੋਕਾ ਮਿਲਦਾ ਹੈ ਤਾਂ ਉਹ ਆਪ ਖੇਤਰ ਅੰਦਰ ਜਾ ਕੇ ਚਲ ਰਹੇ ਵੱਖ ਵੱਖ ਵਿਕਾਸ ਕਾਰਜਾਂ ਦਾ ਨਿਰੀਖਣ ਕਰਦੇ ਹਨ। ਇਸ ਅਧੀਨ ਹੀ ਅੱਜ ਉਹ ਤਾਰਾਗੜ੍ਹ ਵਿਖੇ ਪਹੁੰਚੇ ਹਨ । ਉਨ੍ਹਾਂ ਕਿਹਾ ਕਿ ਪਿਛਲੇ ਦਿਨ੍ਹਾਂ ਦੋਰਾਨ ਜਦੋਂ ਉਹ ਇਸ ਖੇਤਰ ਅੰਦਰ ਆਏ ਸਨ ਤਾਂ ਲੋਕਾਂ ਵੱਲੋਂ ਉਨ੍ਹਾਂ ਦੇ ਧਿਆਨ ਵਿੱਚ ਇਹ ਸਮੱਸਿਆ ਲਿਆਂਦੀ ਗਈ ਸੀ ਕਿ ਸਕੂਲ ਦੀ ਗਰਾਊਂਡ ਵਿਖੇ ਹਮੇਸਾ ਪਾਣੀ ਖੜ੍ਹਾਂ ਰਹਿੰਦਾ ਹੈ ਅਤੇ ਉਨ੍ਹਾਂ ਵੱਲੋਂ ਇਹ ਫੈਂਸਲਾ ਕੀਤਾ ਗਿਆ ਸੀ ਕਿ ਇਸ ਸਥਾਨ ਤੇ ਇੱਕ ਵਧੀਆ ਪਾਰਕ ਦਾ ਨਿਰਮਾਣ ਕਰਕੇ ਲੋਕਾਂ ਨੂੰ ਸਮਰਪਿਤ ਕੀਤੀ ਜਾਵੇਗੀ ਜਿਸ ਅਧੀਨ ਉਨ੍ਹਾਂ ਵੱਲੋਂ ਤਿੰਨ ਲੱਖ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਸੀ ਅਤੇ ਇਸ ਗਰਾਊਂਡ ਵਿੱਚ ਮਿੱਟੀ ਪਾਉਂਣ ਦਾ ਕੰਮ ਚਲ ਰਿਹਾ ਹੈ। ਉਨ੍ਹਾਂ ਕਿਹਾ ਕਿ ਅਗਰ ਭਵਿੱਖ ਵਿੱਚ ਹੋਰ ਵੀ ਰਾਸੀ ਦੀ ਲੋੜ ਹੋਵੇਗੀ ਤਾਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਮਿੱਟੀ ਪਾਉਂਣ ਦੇ ਕਾਰਜ ਤੋਂ ਬਾਅਦ ਵਣ ਵਿਭਾਗ ਵੱਲੋਂ ਇੱਕ ਵਧੀਆ ਫਲਵਾੜੀ ਬਣਾਈ ਜਾਵੇਗੀ, ਬੂਟੇ ਵੀ ਲਗਾਏ ਜਾਣਗੇ ਤਾਂ ਜੋ ਲੋਕਾਂ ਨੂੰ ਇੱਕ ਵਧੀਆ ਪਾਰਕ ਮਿਲ ਸਕੇ ਵਾਕ ਟ੍ਰੈਕ ਮਿਲ ਸਕੇ। ਇਸ ਮੋਕੇ ਤੇ ਪਿੰਡ ਵਾਸੀਆਂ ਵੱਲੋਂ ਕੈਬਨਿਟ ਮੰਤਰੀ ਪੰਜਾਬ ਦਾ ਧੰਨਵਾਦ ਕੀਤਾ।



# ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਜਿਲ੍ਹਾ ਪਠਾਨਕੋਟ ਅੰਦਰ ਬਣਾਏ ਜਾ ਰਹੇ ਸਰਕਟ ਹਾਊਸ ਦੇ ਨਿਰਮਾਣ ਕਾਰਜ ਦਾ ਜਾਇਜਾ ਲੈਣ ਲਈ ਕੀਤਾ ਨਿਰੀਖਣ ਦੌਰਾ

ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਵੱਲੋਂ ਪ੍ਰਸਾਸਨਿਕ ਅਧਿਕਾਰੀਆਂ ਨਾਲ ਸਰਨਾ ਵਿਖੇ ਬਣਾਏ ਜਾ ਰਹੇ ਸਰਕਟ ਹਾਊਸ ਦਾ ਨਿਰੀਖਣ ਕਰਨ ਲਈ ਅਚਨਚੇਤ ਦੌਰਾ ਕੀਤਾ ਅਤੇ ਚਲ ਰਹੇ ਕੰਮ ਦਾ ਜਾਇਜ਼ਾ ਲਿਆ। ਇਸ ਮੋਕੇ ਉਨ੍ਹਾਂ ਦੇ ਨਾਲ ਸ। ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਵੀ ਮੌਜੂਦ ਸਨ। ਇਸ ਤੋਂ ਇਲਾਵਾ ਸਰਵਸ੍ਰੀ ਨਰੇਸ ਸੈਣੀ ਜਿਲ੍ਹਾ ਪ੍ਰਧਾਨ ਬੀ.ਸੀ. ਵਿੰਗ ਪਠਾਨਕੋਟ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਸੋਰਭ ਬਹਿਲ ਜਰਨਲ ਸਕੱਤਰ, ਖੁਸਬੀਰ ਕਾਟਲ, ਭੁਪਿੰਦਰ ਸਿੰਘ ਕਟਾਰੂਚੱਕ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਪਰਵਿੰਦਰ ਸਿੰਘ ਐਸ।ਡੀ।ਓ। ਲੋਕ ਨਿਰਮਾਣ ਵਿਭਾਗ, ਬਿੱਲਡਰ ਪ੍ਰਿੰਸ ਗੰਡੋਤਰਾ ਅਤੇ ਹੋਰ ਪਾਰਟੀ ਕਾਰਜਕਰਤਾ ਵੀ ਹਾਜ਼ਰ ਸਨ।

ਇਸ ਮੌਕੇ ਤੇ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਵੱਲੋਂ ਜਿਲ੍ਹਾ ਪਠਾਨਕੋਟ ਵਿਖੇ ਬਣਾਏ ਜਾ ਰਹੇ ਸਰਕਟ ਹਾਊਸ ਦੇ ਕਾਰਜ ਦਾ ਨਿਰੀਖਣ ਕੀਤਾ ਅਤੇ ਜਾਣਕਾਰੀ ਪ੍ਰਾਪਤ ਕੀਤੀ। ਇਸ ਮੌਕੇ ਤੇ ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਵਿੱਚ ਕਈ ਵਰਿਆਂ ਤੋਂ ਬਾਅਦ ਵੀ ਪਹਿਲਾ ਕੋਈ ਵੀ ਸਰਕਟ ਹਾਊਸ ਨਹੀਂ ਸੀ ਜਿਸ ਦੇ ਚਲਦਿਆਂ ਜਦੋਂ ਵੀ ਕੋਈ ਬਾਹਰ ਤੋਂ ਕੋਈ ਜਿਲ੍ਹੇ ਅੰਦਰ ਆਉਂਦਾ ਸੀ ਤਾਂ ਠਹਿਰਾਉਂਣ ਦੇ ਲਈ ਪ੍ਰੇਸਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਜਿਸ ਦੇ ਚਲਦਿਆਂ ਹੁਣ ਪੰਜਾਬ ਸਰਕਾਰ ਵੱਲੋਂ ਜਿਲ੍ਹਾ ਪਠਾਨਕੋਟ ਅੰਦਰ ਕਰੀਬ 8 ਕਰੋੜ ਰੁਪਏ ਦੀ ਲਾਗਤ ਦੇ ਨਾਲ 12 ਕਮਰਿਆਂ ਦਾ ਸਰਕਟ ਹਾਊਸ ਤਿਆਰ ਕੀਤਾ ਜਾ ਰਿਹਾ ਹੈ ਜਿਸ ਵਿੱਚ ਦੋ ਵੀ.ਵੀ.ਆਈ.ਪੀਜ ਕਮਰੇ ਹੋਣਗੇ ਅਤੇ 10 ਹੋਰ ਵਧੀਆ ਕਮਰੇ ਹੋਣਗੇ। ਜਿਸ ਦਾ ਕੰਮ ਪ੍ਰਗਤੀ ਤੇ ਚਲ ਰਿਹਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਹ ਸਰਕਟ ਹਾਊਸ ਤਿਆਰ ਕਰਕੇ ਜਿਲ੍ਹਾ ਪਠਾਨਕੋਟ ਨੂੰ ਸਮਰਪਿਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸਰਕਟ ਹਾਊਸ ਵਿੱਚ ਕਰੀਬ 100 ਤੋਂ 150 ਲੋਕਾਂ ਦੀ ਸਮਰੱਥਾ ਵਾਲਾ ਵਿਸਾਲ ਕਾਂਨਫਰੰਸ ਹਾਲ ਵੀ ਤਿਆਰ ਕੀਤਾ ਜਾਵੇਗਾ ਜਿਸ ਵਿੱਚ ਕਿਸੇ ਵੀ ਤਰ੍ਹਾਂ ਦੀ ਕਾਂਨਫਰੰਸ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਇੱਕ ਵਧੀਆ ਪਾਰਕ ਹੋਵੇਗੀ ਅਤੇ ਵਹੀਕਲ ਪਾਰਕਿੰਗ ਦੇ ਲਈ ਵੀ ਵਿਸੇਸ ਸਥਾਨ ਬਣਾਏ ਜਾਣਗੇ।



ਉਨ੍ਹਾਂ ਇਸ ਮੋਕੇ ਤੇ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਅਤੇ ਸਰਕਟ ਹਾਊਸ ਦਾ ਨਿਰਮਾਣ ਕਰ ਰਹੀ ਬਿਲਡਰ ਕੰਪਨੀ ਦੇ ਅਧਿਕਾਰੀਆਂ ਨੂੰ ਦਿਸਾ ਨਿਰਦੇਸ ਜਾਰੀ ਕਰਦਿਆਂ ਕਿਹਾ ਕਿ ਕੰਮ ਪੂਰੀ ਗੁਣਵੱਤਾ ਦੇ ਅਧਾਰ ਤੇ ਕੀਤਾ ਜਾਵੇ ਅਤੇ ਕਿਸੇ ਕਿਸਮ ਦੀ ਕੋਤਾਹੀ ਨਾ ਵਰਤੀ ਜਾਵੇ ਤਾਂ ਜੋ ਜਿਲ੍ਹਾ ਪਠਾਨਕੋਟ ਨੂੰ ਇੱਕ ਵਧੀਆ ਧਰੋਹਰ ਮਿਲ ਸਕੇ।

# ਡਿਪਟੀ ਕਮਿਸਨਰ ਪਠਾਨਕੋਟ ਨੇ ਸੀ.ਐਮ. ਦੀ ਯੋਗਸ਼ਾਲਾ ਵਿੱਚ ਪਹੁੰਚ ਕੇ ਸਫਾਈ ਕਰਮਚਾਰੀਆਂ ਨਾਲ ਲਗਾਈ ਯੋਗ ਦੀ ਕਲਾਸ

ਲੋਕਾਂ ਨੂੰ ਸਿਹਤ ਪ੍ਰਤੀ ਜਾਗਰੁਕ ਕਰਨ ਅਤੇ ਯੋਗ ਦੇ ਨਾਲ ਜੋੜਨ ਦੇ ਉਦੇਸ ਨਾਲ ਪੰਜਾਬ ਸਰਕਾਰ ਵੱਲੋਂ ਸੀ।ਐਮ। ਦੀ ਯੋਗਸ਼ਾਲਾ ਚਲਾਈ ਜਾ ਰਹੀ ਹੈ ਜਿਸ ਅਧੀਨ ਜਿਲ੍ਹਾ ਪਠਾਨਕੋਟ ਅੰਦਰ ਵੀ ਵੱਖ ਵੱਖ ਸਥਾਨਾਂ ਤੇ ਸੀ.ਐਮ. ਦੀ ਯੋਗਸ਼ਾਲਾ ਦੀਆਂ ਯੋਗ ਕਲਾਸਾਂ ਲਗਾਈਆਂ ਜਾ ਰਹੀਆਂ ਹਨ।

ਜਿਸ ਅਧੀਨ ਟੈਮਪਰੈਸ ਹਾਲ ਮਿਸਲ ਚੋਕ ਵਿਖੇ ਨਗਰ ਨਿਗਮ ਪਠਾਨਕੋਟ ਦੇ ਸਫਾਈ ਕਰਮਚਾਰੀਆਂ ਲਈ ਸੀ।ਐਮ। ਦੀ ਯੋਗਸ਼ਾਲਾ ਅਧੀਨ ਯੋਗ ਕਲਾਸਾਂ ਯੋਗ ਸੁਪਰਵਾਈਜਰ ਸ੍ਰੀਮਤੀ ਸੁਰੱਕਸਾ ਕੁਮਾਰੀ ਦੀ ਦੇਖਰੇਖ ਵਿੱਚ ਚਲਾਈਆਂ ਜਾ ਰਹੀਆਂ ਹਨ, ਅੱਜ ਦੀ ਯੋਗ ਕਲਾਸ ਵਿੱਚ ਸ। ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ-ਕਮ-ਕਮਿਸਨਰ ਨਗਰ ਨਿਗਮ ਪਠਾਨਕੋਟ ਵਿਸੇਸ ਤੋਰ ਤੇ ਪਹੁੰਚੇ ਉਨ੍ਹਾਂ ਦੇ ਨਾਲ ਸ। ਸੁਰਜੀਤ ਸਿੰਘ ਸੰਯੁਕਤ ਕਮਿਸਨਰ ਕਾਰਪੋਰੇਸਨ ਪਠਾਨਕੋਟ ਅਤੇ ਹੋਰ ਵਿਭਾਗੀ ਅਧਿਕਾਰੀ ਵੀ ਹਾਜ਼ਰ ਸਨ। ਇਸ ਤੋਂ ਇਲਾਵਾ ਪ੍ਰਿਯਾ ਸਿੰਘ, ਗੋਰਵ, ਬਲਜਿੰਦਰ ਸਿੰਘ ਅਤੇ ਆਸੂਤੋਸ ਯੋਗ ਇੰਸਟਕੱਟਰ ਵੀ ਹਾਜ਼ਰ ਸਨ।

ਇਸ ਮੋਕੇ ਤੇ ਡਿਪਟੀ ਕਮਿਸਨਰ ਪਠਾਨਕੋਟ ਸ. ਹਰਬੀਰ ਸਿੰਘ ਨੇ ਅਪਣੇ ਵਿਭਾਗੀ ਅਧਿਕਾਰੀਆਂ ਦੇ ਨਾਲ ਸਫਾਈ ਕਰਮਚਾਰੀਆਂ ਨਾਲ ਯੋਗ ਦੀ ਕਲਾਸ ਲਗਾਈ। ਇਸ ਮੋਕੇ ਤੇ ਉਨ੍ਹਾਂ ਸੰਬੋਧਤ ਕਰਦਿਆਂ ਕਿਹਾ ਕਿ ਯੋਗ ਸਾਨੂੰ ਨਿਰੋਗ ਰੱਖਣ ਵਿੱਚ ਸਹਾਇਕ ਹੁੰਦਾ ਹੈ ਅਤੇ ਇਹ ਸਾਡੇ ਲਈ ਬਹੁਤ ਹੀ ਲਾਭਦਾਇਕ ਹੈ। ਉਨ੍ਹਾਂ ਕਿਹਾ ਕਿ ਉਹ ਸਾਰੇ ਜਿਲ੍ਹਾ ਨਿਵਾਸੀਆਂ ਨੂੰ ਅਪੀਲ ਕਰਦੇ ਹਨ ਕਿ ਜਿਲ੍ਹੇ ਅੰਦਰ ਸੀ.ਐਮ. ਦੀ ਯੋਗਸ਼ਾਲਾ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ ਜਿਸ ਅਧੀਨ ਕੋਈ ਵੀ ਅਪਣੇ ਪਿੰਡ, ਮੁਹੱਲੇ, ਵਾਰਡ ਅੰਦਰ ਯੋਗ ਦੀ ਕਲਾਸ ਲਗਾਉਂਣ ਲਈ ਸੰਪਰਕ ਕਰ ਸਕਦਾ ਹੈ।

ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਸੀ.ਐਮ. ਦੀ ਯੋਗਸ਼ਾਲਾ ਤੋਂ ਲਾਭ ਲੈਣਾ ਚਾਹੀਦਾ ਹੈ। ਇਸ ਮੋਕੇ ਤੇ ਸੀ.ਐਮ. ਦੀ ਯੋਗਸ਼ਾਲਾ ਦੀ ਟੀਮ ਵੱਲੋਂ ਡਿਪਟੀ ਕਮਿਸਨਰ ਪਠਾਨਕੋਟ ਨੂੰ ਇੱਕ ਪੋਦਾ ਵੀ ਭੇਟ ਕੀਤਾ।

# ਇਸ ਸਾਲ ਦੇ ਅੰਤ ਤੱਕ ਲਾਗੂ ਹੋ ਜਾਣਗੇ ਨਵੇਂ ਅਪਰਾਧਿਕ ਕਾਨੂੰਨ

**ਨਵੀਂ ਦਿੱਲੀ–** ਬਸਤੀਬਾਦੀ ਕਾਨੂੰਨਾਂ ਦੀ ਜਗ੍ਹਾ ਨਵੇਂ ਅਪਰਾਧਿਕ ਕਾਨੂੰਨਾਂ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਇਸ ਸਾਲ ਦੇ ਅੰਤ ਤੱਕ ਪੂਰੀ ਹੋ ਜਾਵੇਗੀ। ਇਹ ਕਾਨੂੰਨ ਅਗਲੇ ਇਕ-ਦੋ ਮਹੀਨਿਆਂ ਵਿਚ ਨੋਟੀਫਾਈ ਹੁੰਦੇ ਹੀ ਅਮਲ ਵਿਚ ਆਉਣੇ ਸ਼ੁਰੂ ਹੋ ਜਾਣਗੇ ਅਤੇ ਵੱਖ-ਵੱਖ ਅਪਰਾਧਾਂ ਵਿਚ ਨਵੇਂ ਕਾਨੂੰਨ ਦੀਆਂ ਧਾਰਾਵਾਂ ਤਹਿਤ ਐੱਫਆਈਆਰ ਦਰਜ ਹੋਣੀ ਸ਼ੁਰੂ ਹੋ ਜਾਵੇਗੀ ਪਰ ਇਸ ਦੇ ਲਈ ਪੁਲਿਸ ਮੁਲਾਜ਼ਮਾਂ ਅਤੇ ਸਰਕਾਰੀ ਵਕੀਲਾਂ ਨੂੰ ਸਿਖਲਾਈ ਦੇਣ, ਮੋਬਾਈਲ ਫੋਰੈਂਸਿਕ ਲੈਬ ਮੁਹੱਈਆ ਕਰਵਾਉਣ ਅਤੇ ਥਾਣਿਆਂ, ਜੇਲ੍ਹਾਂ, ਅਦਾਲਤਾਂ ਨੂੰ ਤਕਨੀਕੀ ਤੌਰ 'ਤੇ ਪ੍ਰਪੱਕ ਬਣਾਉਣ ਵਿਚ ਇਕ ਸਾਲ ਦਾ ਸਮਾਂ ਲੱਗ ਸਕਦਾ ਹੈ। ਸੰਸਦ ਵਿਚ ਨਵੇਂ ਕਾਨੂੰਨਾਂ 'ਤੇ ਚਰਚਾ ਦੌਰਾਨ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਸੀ ਕਿ ਪੂਰੀ ਤਰ੍ਹਾਂ ਨਾਲ ਲਾਗੂ ਹੋਣ ਤੋਂ ਬਾਅਦ ਭਾਰਤੀ ਅਪਰਾਧਿਕ ਨਿਆਂ ਪ੍ਰਣਾਲੀ ਪੂਰੀ ਦੁਨੀਆ ਵਿਚ ਸਭ ਤੋਂ ਵੱਧ ਆਧੁਨਿਕ ਹੋਵੇਗੀ।



ਗ੍ਰਹਿ ਮੰਤਰਾਲੇ ਦੇ ਉੱਚ ਪੱਧਰੀ ਸੂਤਰਾਂ ਅਨੁਸਾਰ, ਨਵੇਂ ਕਾਨੂੰਨਾਂ ਨੂੰ ਜਲਦ ਤੋਂ ਜਲਦ ਲਾਗੂ ਕਰਨ ਦਾ ਕੰਮ ਸ਼ੁਰੂ ਹੋ ਗਿਆ ਹੈ ਅਤੇ ਖੁਦ ਅਮਿਤ ਸ਼ਾਹ ਨੇ ਕੇਰਲ ਅਤੇ ਅਰੁਣਾਚਲ ਪ੍ਰਦੇਸ਼ ਨੂੰ ਛੱਡ ਕੇ ਸਾਰੇ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਗੱਲ ਕਰ ਲਈ ਹੈ। ਸਾਰੇ ਰਾਜ ਨਵੇਂ ਅਪਰਾਧਿਕ ਕਾਨੂੰਨਾਂ ਨੂੰ ਲਾਗੂ ਕਰਨ ਲਈ ਤਿਆਰ ਹਨ। ਕੇਰਲ ਅਤੇ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀਆਂ ਨਾਲ ਵੀ ਇਕ ਦੋ ਦਿਨਾਂ ਵਿਚ ਸ਼ਾਹ ਦੀ ਗੱਲ ਹੋ ਜਾਵੇਗੀ। ਉਨ੍ਹਾਂ ਅਨੁਸਾਰ, ਕਾਨੂੰਨਾਂ ਨੂੰ ਨੋਟੀਫਾਈ ਕਰਨ ਤੋਂ ਪਹਿਲਾਂ ਹੀ ਇਸ ਦੇ ਲਈ ਪੁਲਿਸ ਮੁਲਾਜ਼ਮਾਂ, ਸਰਕਾਰੀ ਵਕੀਲਾਂ ਅਤੇ ਜੇਲ੍ਹ ਮੁਲਾਜ਼ਮਾਂ ਨੂੰ ਸਿਖਲਾਈ ਦੇਣ ਦੀ ਤਿਆਰੀ ਕਰ ਲਈ ਗਈ ਹੈ। ਅਗਲੇ ਇਕ ਦੋ ਹਫਤਿਆਂ ਵਿਚ ਇਨ੍ਹਾਂ ਨੂੰ ਸਿਖਲਾਈ ਦੇਣ ਵਾਲਿਆਂ ਨੂੰ ਸਿਖਲਾਈ ਦੇਣ ਦਾ ਕੰਮ ਸ਼ੁਰੂ ਹੋ ਜਾਵੇਗਾ। ਇਸ ਤਹਿਤ ਪੂਰੇ ਦੇਸ਼ ਭਰ ਵਿਚੋਂ 3 ਹਜ਼ਾਰ ਲੋਕਾਂ ਨੂੰ ਸਿਖਲਾਈ ਦਿੱਤੀ ਜਾਵੇਗੀ। ਸਿਖਲਾਈ ਦੀ ਪ੍ਰਕਿਰਿਆ ਪੂਰੀ ਹੋਣ ਵਿਚ ਲਗਪਗ ਛੇ ਮਹੀਨੇ ਦਾ ਸਮਾਂ ਲੱਗ ਸਕਦਾ ਹੈ। ਇਸ ਤੋਂ ਇਲਾਵਾ ਹੇਠਲੀਆਂ ਅਦਾਲਤਾਂ ਦੇ ਜੱਜਾਂ ਨੂੰ ਸਿਖਲਾਈ ਦੇਣ ਲਈ ਨਿਆਂਪਾਲਿਕਾ ਨਾਲ ਗੱਲਬਾਤ ਚੱਲ ਰਹੀ ਹੈ। ਸਿਖਲਾਈ ਤੋਂ ਇਲਾਵਾ ਨਵੇਂ ਕਾਨੂੰਨਾਂ ਵਿਚ ਤਕਨੀਕ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਇਸ ਤਹਿਤ ਪੂਰੀ ਕਾਨੂੰਨੀ ਪ੍ਰਕਿਰਿਆ ਆਨਲਾਈਨ ਹੋ ਜਾਵੇਗੀ। ਥਾਣੇਦਾਰਾਂ ਨੂੰ ਕੇਸ ਵਿਚ ਗਵਾਹੀ ਦੇਣ ਲਈ ਅਦਾਲਤ ਵਿਚ ਪੇਸ਼ ਨਹੀਂ ਹੋਣਾ ਪਵੇਗਾ, ਉਨ੍ਹਾਂ ਦੀ ਗਵਾਹੀ ਵੀਡੀਓ ਕਾਨਫਰੰਸਿੰਗ ਜ਼ਰੀਏ ਹੋਵੇਗੀ। ਇਸੇ ਤਰ੍ਹਾਂ ਨਾਲ ਮੁਲਜ਼ਮਾਂ ਨੂੰ ਵੀ ਗਵਾਹੀ ਲਈ ਅਦਾਲਤ ਵਿਚ ਲਿਆਉਣ ਦੀ ਬਜਾਏ ਵੀਡੀਓ ਕਾਨਫਰੰਸਿੰਗ ਦੀ ਸਹੂਲਤ ਦਿੱਤੀ ਜਾਵੇਗੀ। ਇਸੇ ਤਰ੍ਹਾਂ ਨਾਲ ਫੋਰੈਂਸਿਕ ਜਾਂ ਮੈਡੀਕਲ ਰਿਪੋਰਟ ਦੀ ਕਾਪੀ ਆਨਲਾਈਨ ਹੀ ਇੱਕੋ ਵੇਲੇ ਸਬੰਧਤ ਜਾਂਚ ਅਧਿਕਾਰੀ ਅਤੇ ਅਦਾਲਤ ਕੋਲ ਪਹੁੰਚ ਜਾਵੇਗੀ।

ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਸੀਸੀਟੀਐੱਨਐੱਸ ਦੇ ਦੇਸ਼ ਦੇ ਲਗਪਗ ਸ਼ੱਤ ਪ੍ਰਤੀਸ਼ਤ ਥਾਣਿਆਂ ਨਾਲ ਜੁੜ ਜਾਣ ਕਾਰਨ ਕੁਨੈਕਟੀਵਿਟੀ ਦੀ ਸਮੱਸਿਆ ਨਹੀਂ ਹੈ ਪਰ ਵੀਡੀਓ ਤੇ ਹੋਰ ਆਨਲਾਈਨ ਰਿਪੋਰਟ ਨੂੰ ਸੁਰੱਖਿਅਤ ਰੱਖਣ ਲਈ ਕਲਾਊਡ ਕੈਪੇਸਿਟੀ ਤਿਆਰ ਕਰਨੀ ਹੋਵੇਗੀ। ਇਸ ਦੇ ਲਈ ਰਾਜ ਸਰਕਾਰਾਂ ਨਾਲ ਗੱਲਬਾਤ ਚੱਲ ਰਹੀ ਹੈ। ਇਸ ਸਾਲ ਦੇ ਅੰਤ ਤੱਕ ਸਾਰੇ ਥਾਣਿਆਂ ਵਿਚ ਇਸ ਨੂੰ ਮੁਹੱਈਆ ਕਰਵਾ ਦਿੱਤਾ ਜਾਵੇਗਾ। ਉਨ੍ਹਾਂ ਅਨੁਸਾਰ, ਜਿਵੇਂ-ਜਿਵੇਂ ਥਾਣਿਆਂ ਵਿਚ ਇਹ ਸਹੂਲਤ ਮੁਹੱਈਆ ਹੁੰਦੀ ਜਾਵੇਗੀ, ਉਨ੍ਹਾਂ ਵਿਚ ਨਵੇਂ ਕਾਨੂੰਨਾਂ ਨੂੰ ਲਾਗੂ ਕੀਤਾ ਜਾਂਦਾ ਰਹੇਗਾ। ਇਸ ਸਾਲ ਦੇ ਅੰਤ ਤੱਕ ਸਾਰੇ ਥਾਣਿਆਂ ਨੂੰ ਇਸ ਨਾਲ ਲੈਸ ਕਰਨ ਦੀ ਤਿਆਰੀ ਹੈ।

**ਸੱਤ ਸਾਲ ਤੋਂ ਵੱਧ ਸਜ਼ਾ ਵਾਲੇ ਅਪਰਾਧਾਂ 'ਚ ਫੋਰੈਂਸਿਕ ਸਬੂਤ ਜ਼ਰੂਰੀ**

ਨਵੇਂ ਕਾਨੂੰਨਾਂ ਵਿਚ ਫੋਰੈਂਸਿਕ ਦੀ ਕਾਫੀ ਅਹਿਮੀਅਤ ਹੈ ਤੇ ਸੱਤ ਸਾਲ ਤੋਂ ਵੱਧ ਸਜ਼ਾ ਵਾਲੇ ਸਾਰੇ ਅਪਰਾਧਾਂ ਵਿਚ ਫੋਰੈਂਸਿਕ ਸਬੂਤ ਜੁਟਾਉਣ ਨੂੰ ਜ਼ਰੂਰੀ ਕਰ ਦਿੱਤਾ ਗਿਆ ਹੈ। ਇਸ ਦੇ ਲਈ ਸਾਰੇ ਜ਼ਿਲ੍ਹਿਆਂ ਨੂੰ ਮੋਬਾਈਲ ਫੋਰੈਂਸਿਕ ਲੈਬ ਮੁਹੱਈਆ ਕਰਵਾਈ ਜਾਵੇਗੀ। ਸੂਤਰਾਂ ਅਨੁਸਾਰ, ਤਿੰਨ ਕੰਪਨੀਆਂ ਨੇ ਮੋਬਾਈਲ ਫੋਰੈਂਸਿਕ ਲੈਬ ਦਾ ਸੈਂਪਲ ਤਿਆਰ ਕੀਤਾ ਹੈ ਜਿਨ੍ਹਾਂ ਦੀ ਕੀਮਤ ਲਗਪਗ 25 ਲੱਖ ਰੁਪਏ ਹੈ। ਇਹ ਕੰਪਨੀਆਂ ਮਿਲ ਕੇ ਅਗਲੇ ਛੇ ਮਹੀਨਿਆਂ ਵਿਚ 900 ਮੋਬਾਈਲ ਫੋਰੈਂਸਿਕ ਲੈਬ ਬਣਾ ਕੇ ਦੇ ਸਕਦੀਆਂ ਹਨ।

**ਦੇਸ਼ ਦੇ 75 ਜ਼ਿਲ੍ਹਿਆਂ 'ਚ ਪਹਿਲਾਂ ਤੋਂ ਮੌਜੂਦ ਹਨ ਮੋਬਾਈਲ ਫੋਰੈਂਸਿਕ ਲੈਬਜ਼**

ਪੂਰੇ ਦੇਸ਼ ਵਿਚ ਕੁੱਲ 885 ਪੁਲਿਸ ਜ਼ਿਲ੍ਹੇ ਹਨ ਜਿਸ ਵਿਚ 75 ਜ਼ਿਲ੍ਹਿਆਂ ਵਿਚ ਪਹਿਲਾਂ ਤੋਂ ਮੋਬਾਈਲ ਫੋਰੈਂਸਿਕ ਲੈਬਜ਼ ਉਪਲੱਬਧ ਹਨ। ਇਸ ਤਰ੍ਹਾਂ ਨਾਲ ਇਸੇ ਸਾਲ ਸਾਰੇ ਜ਼ਿਲ੍ਹੇ ਮੋਬਾਈਲ ਫੋਰੈਂਸਿਕ ਲੈਬਜ਼ ਨਾਲ ਲੈਸ ਹੋ ਜਾਣਗੇ। ਸੂਤਰਾਂ ਅਨੁਸਾਰ, ਗ੍ਰਹਿ ਮੰਤਰਾਲਾ ਪੂਰੀ ਤਰ੍ਹਾਂ ਨਾਲ ਆਨਲਾਈਨ ਨਿਆਂ ਪ੍ਰਣਾਲੀ ਨੂੰ ਫੁਲਪਰੂਫ ਬਣਾਉਣ 'ਤੇ ਜ਼ੋਰ ਦੇ ਰਹੀ ਹੈ। ਇਸ ਦੇ ਲਈ ਚੰਡੀਗੜ੍ਹ ਅਤੇ ਅਹਿਮਦਾਬਾਦ ਵਿਚ ਇਸ ਦਾ ਪਾਇਲਟ ਪ੍ਰਾਜੈਕਟ ਚੱਲ ਰਿਹਾ ਹੈ ਜਿਸ ਵਿਚ ਇਸ ਸਿਸਟਮ ਦੇ ਫੁੱਲਪਰੂਫ ਹੋਣ ਦੀ ਜਾਂਚ ਕੀਤੀ ਜਾ ਰਹੀ ਰਹੀ ਹੈ ਤਾਂ ਕਿ ਲਾਗੂ ਹੋਣ ਤੋਂ ਪਹਿਲਾਂ ਉਸ ਵਿਚ ਜ਼ਰੂਰੀ ਸੁਧਾਰ ਕੀਤਾ ਜਾ ਸਕੇ।

## ਸੱਤਾਧਾਰੀਆਂ ਲਈ ਹੁਣ ਧਰਮ ਨਿਰਪੱਖ ਸ਼ਬਦ ਦੀ ਕੋਈ ਅਹਿਮੀਅਤ ਨਹੀਂ: ਸੋਨੀਆ

**ਤਿਰੁਵਨੰਤਪੁਰਮ–** ਧਰਮ ਨਿਰਪੱਖਤਾ ਨੂੰ ਭਾਰਤ ਦੇ ਲੋਕਤੰਤਰ ਦਾ ਮੂਲ ਥੰਮ ਦੱਸਦਿਆਂ ਕਾਂਗਰਸ ਆਗੂ ਸੋਨੀਆ ਗਾਂਧੀ ਨੇ ਇਸ ਗੱਲ 'ਤੇ ਅਫਸੋਸ ਜ਼ਾਹਰ ਕੀਤਾ ਕਿ ਸੱਤਾਧਾਰੀਆਂ ਲਈ ਹੁਣ ਧਰਮ ਨਿਰਪੱਖ ਸ਼ਬਦ ਦੀ ਕੋਈ ਅਹਿਮੀਅਤ ਨਹੀਂ ਰਹੀ, ਜਿਸ ਕਾਰਨ ਸਮਾਜ ਵਿੱਚ ਧਰੁਵੀਕਰਨ ਵਧ ਰਿਹਾ ਹੈ। ਉਨ੍ਹਾਂ ਲੋਕਤੰਤਰ 'ਤੇ ਵੀ ਸਵਾਲ ਚੁੱਕੇ। ਉਨ੍ਹਾਂ 'ਮਨੋਰਮਾ ਯੀਅਰਬੁੱਕ 2024' ਵਿਚਲੇ ਲੇਖ ਵਿੱਚ ਕਿਹਾ, "ਉਹ ਕਹਿੰਦੇ ਹਨ ਕਿ ਉਹ 'ਜਮਹੂਰੀਅਤ' ਲਈ ਵਚਨਬੱਧ ਹਨ, ਪਰ ਨਾਲ ਹੀ ਉਨ੍ਹਾਂ ਨੇ ਇਸ ਦੇ ਸੁਚਾਰੂ ਢੰਗ ਨਾਲ ਕੰਮ ਕਰਨ ਲਈ ਬਣਾਏ ਗਏ ਸੁਰੱਖਿਆ ਉਪਾਵਾਂ ਨੂੰ ਕਮਜ਼ੋਰ ਕਰ ਦਿੱਤਾ ਹੈ। ਸਾਡੇ ਦੇਸ਼ ਨੂੰ ਸਦਭਾਵਨਾ ਵੱਲ ਲਿਜਾਣ ਵਾਲੀ ਪਟੜੀ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ ਅਤੇ ਇਸ ਦਾ ਨਤੀਜਾ ਸਮਾਜ ਵਿੱਚ ਵਧਦੇ ਧਰੁਵੀਕਰਨ ਵਜੋਂ ਦੇਖਿਆ ਜਾ ਰਿਹਾ ਹੈ।" ਲੋਕਤੰਤਰ ਅਤੇ ਧਰਮ ਨਿ-ਰਪੱਖਤਾ ਇੱਕ ਪਟੜੀ 'ਤੇ ਦੋ ਰੇਲਾਂ ਦੀ ਤਰ੍ਹਾਂ ਆਪਸ ਵਿੱਚ ਜੁੜੇ ਹੋਏ ਹਨ। ਸਾਬਕਾ ਕਾਂਗਰਸ ਪ੍ਰਧਾਨ ਨੇ ਕਿਹਾ, "ਅਸੀਂ ਸਾਰੇ ਇਨ੍ਹਾਂ ਸ਼ਬਦਾਂ ਤੋਂ ਜਾਣੂ ਹਾਂ, ਜੋ ਸਾਨੂੰ ਬਹਿਸਾਂ, ਭਾਸ਼ਣਾਂ, ਨਾਗਰਿਕ ਸ਼ਾਸਤਰ ਦੀਆਂ ਪਾਠ ਪੁਸਤਕਾਂ ਅਤੇ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਮਿਲਦੇ ਹਨ। ਇਹ ਜਾਣਨ ਦੇ ਬਾਵਜੂਦ ਇਨ੍ਹਾਂ ਪਿਛਲੇ ਡੂੰਘੇ ਅਰਥ ਅਕਸਰ ਸਪੱਸ਼ਟ ਨਹੀਂ ਹੁੰਦੇ। ਇਨ੍ਹਾਂ ਦੀ ਸਪੱਸ਼ਟ ਸਮਝ ਹਰ ਨਾਗਰਿਕ ਨੂੰ ਭਾਰਤ ਦੇ ਇਤਿਹਾਸ, ਮੌਜੂਦਾ ਚੁਣੌਤੀਆਂ ਅਤੇ ਅੱਗੇ ਵਧਣ ਦੇ ਰਾਹ ਨੂੰ ਬਿਹਤਰ ਤਰੀਕੇ ਨਾਲ ਸਮਝਣ ਵਿੱਚ ਮਦਦ ਕਰੇਗੀ।" ਉਨ੍ਹਾਂ ਕਿਹਾ ਕਿ ਧਰਮ ਨਿਰਪੱਖਤਾ ਦੀ ਕਈ ਤਰੀਕਿਆਂ ਨਾਲ ਵਿਆਖਿਆ ਕੀਤੀ ਜਾ ਸਕਦੀ ਹੈ ਪਰ ਭਾਰਤ ਲਈ ਸਭ ਤੋਂ ਢੁਕਵਾਂ ਅਰਥ ਉਹ ਹੈ ਜੋ ਮਹਾਤਮਾ ਗਾਂਧੀ ਨੇ ਆਪਣੇ ਮਸ਼ਹੂਰ ਵਾਕ 'ਸਰਵ ਧਰਮ ਸੰਭਾਵ' ਵਿੱਚ ਨਿਰਧਾਰਤ ਕੀਤਾ ਹੈ। ਸੋਨੀਆ ਨੇ ਲੋਕਤੰਤਰ ਦੇ ਕੰਮਕਾਜ ਬਾਰੇ ਵੀ ਇੱਕ ਅਹਿਮ ਮੁੱਦਾ ਉਠਾਇਆ। ਉਨ੍ਹਾਂ ਕਿਹਾ, "ਲੋਕਤੰਤਰ ਵਿੱਚ ਸਰਕਾਰ ਬਹੁਮੱਤ ਨਾਲ ਬਣਦੀ ਹੈ। ਜੇ ਬਹੁਗਿਣਤੀ ਲੋਕ ਕਿਸੇ ਗੱਲ ਨਾਲ ਸਹਿਮਤ ਹਨ, ਤਾਂ ਕੀ ਉਨ੍ਹਾਂ ਦੀ ਰਾਏ ਹਮੇਸ਼ਾ ਬਾਕੀਆਂ 'ਤੇ ਥੋਪੀ ਜਾਂਦੀ ਰਹੇਗੀ?


# "ਦੇਸ਼ ਦੁਆਬਾ"

## ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**
**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**
**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। –ਸੰਪਾਦਕ



# Matrimonial

Looking for professional compatible educated girl for Ramdasia (weaver) Sikh doctor working in California 38 years old, never married, 5′ 8″ tall, father's gotra Sandhi mother's gotra Bains, caste no bar. For more information:

**WhatsApp +91 8360876705,**
**Email: sukhdevnorthridge@gmail.com**

---

Seeking a suitable match for Ramdasia/Ravidasia Sikh boy, born October 1984, height- 5' 7", divorcee (previous marriage lasted for less than a month, which ended with divorce and was settled with mutual understanding), Australian citizen, working as a vocational education teacher, postgraduate in psychology. Both parents are deceased. **Contact/Whatsapp: +61 401251614, Email - devmahey84@yahoo.co.in**

---

US Citizen boy, Ravidassia Ad-Dharmi (SC) Punjabi well educated Engineer (Bachelors and Masters degree), 35 years old, Height 5"9", Looking for suitable bride match from Punjabi Ravidassia Ad-Dharmi SC Community.

All family settled in the US.

**Please send biodata and pictures as: Email: JrJeet1993@GMAIL.COM**

# ਮੂਲ ਨਿਵਾਸੀ ਪਹਿਲੀ ਅਧਿਆਪਕਾ ਸਵਿੱਤਰੀ ਬਾਈ ਫੂਲੇ ਦਾ ਜਨਮ ਦਿਨ ਮਨਾਇਆ

**ਪਟਿਆਲਾ–** ਕੁਕੂ ਰਾਮ ਹੈਲਥ ਕਲੱਬ ਧੀਰੂ ਨਗਰ ਪਟਿਆਲਾ ਵਿਖੇ ਦਾਦੀ ਸਵਿੱਤਰੀ ਬਾਈ ਫੂਲੇ ਜੀ ਦਾ ਜਨਮ ਦਿਨ ਬੜੀ ਸ਼ਰਧਾ ਨਾਲ ਮਨਾਇਆ ਗਿਆ। ਸਭ ਤੋਂ ਪਹਿਲਾਂ ਦਾਦੀ ਜੀ ਅਤੇ ਮਹਾਤਮਾ ਫੂਲੇ ਜੀ ਅਤੇ ਡਾ. ਅੰਬੇਡਕਰ ਜੀ ਦੀਆਂ ਤਸਵੀਰਾਂ ਨੂੰ ਫੁੱਲ ਭੇਂਟ ਕੀਤੇ ਅਤੇ ਕੇਕ ਕੱਟ ਕੇ ਸਵਿੱਤਰੀ ਬਾਈ ਫੂਲੇ ਜੀ ਦੀ ਭੂਮਿਕਾ ਨਿਭਾਉਣ ਵਾਲੇ ਗੀਤ ਨਾਲ ਮੂੰਹ ਮਿੱਠਾ ਕਰਵਾਇਆ ਅਤੇ ਦਾਦਾ ਜੀ ਜੋ-ਤੀਬਾ ਫੂਲੇ ਜੀ ਦੀ ਭੂਮਿਕਾ ਨਿਭਾਉਣ ਵਾਲੇ ਭੁਪਿੰਦਰ ਨੌਵੀ ਕਲਾਸ ਵਿਚ ਪੜ੍ਹਦੇ ਦਾ ਵੀ ਮੂੰਹ ਮਿੱਠਾ ਕਰਵ-ਾਇਆ ਗਿਆ।

ਇਸ ਤੋਂ ਬਾਅਦ ਸਭ ਨੂੰ ਕੇਕ ਨਾਲ ਮੂੰਹ ਮਿੱਠਾ ਕਰਵਾਇਆ। ਦੋਵਾਂ ਨੇਸਟੇਜ ਉਪਰ ਬਹੁਤ ਵਧੀਆ ਭੂਮਿਕਾ ਨਿਭਾਈ ਅਤੇ ਵਿਚਾਰ ਸਾਂਝੇ ਕੀਤੇ। ਅੰ-ਗਰੇਜ਼ੀ ਵਿਚ 'ਗੁਲਾਮਗਿਰੀ' ਕਿਤਾਬ ਕਿਉਂ ਲਿਖਣੀ ਪਈ ਅਤੇ ਲੜਕੀ ਨੇ ਦੱਸਿਆ ਕਿ ਮੈਂ ਕਿਹੜੀਆਂ ਮੁਸੀਬਤਾਂ ਨਾਲ ਪੜ੍ਹਾਈ ਕੀਤੀ ਅਤੇ ਅਧਿਆਪਕਾ ਬਣ ਕੇ ਕਿਵੇਂ ਪੜ੍ਹਾਉਣ ਜਾਂਦੀ ਸੀ। ਦਾਦੀ ਜੀ ਨੇ ਦੱਸਿਆ ਕਿ ਵਿਦਿਆ ਦੇ ਨਾਲ ਹੀ ਮਨੂੰਵਾਦੀਆਂ ਨੇ ਜਿਹੜੇ ਦਰਵਾਜ਼ੇ ਸਾਡੇ ਲਈ ਬੰਦ ਕੀਤੇ ਸਨ, ਖੋਲ੍ਹੇ ਜਾ ਸਕਦੇ ਹਨ।





ਕਲੱਬ ਦੇ ਪ੍ਰਧਾਨ ਕੁਕੂ ਰਾਮ, ਜੋ ਗੋਲਡ ਮੈਡਲਿਸਟ ਹਨ, ਭਾਰਤ ਦਾ ਨਾਂ ਉਚਾ ਕਰਨ ਅਤੇ ਦੂਜੇ ਮੁਲਕਾਂ ਵਿਚ ਤਿਰੰਗਾ ਲਹਿਰਾ ਕੇ ਕਈ ਵਾਰ ਆਏ ਹਨ ਪਰ ਸਰਕਾਰ ਦੇ ਕਿਸੇ ਵੀ ਨੁਮਾਇੰਦੇ ਨੇ ਆ ਕੇ ਹੌਸਲਾ ਅਫਜ਼ਾਈ ਨਹੀਂ ਕੀਤੀ। ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਰਜਨੀ ਬ੍ਰਿਡਲਾਨ, ਮੀਨੂ, ਸ਼ੁਭਮ ਸਹੋਤਾ, ਮੁਕੇਸ਼ ਕੁਮਾਰ, ਅਸ਼ੋਕ ਕੁਮਾਰ, ਗੁਰਮੀਤ ਬਿਲਡਾਨ, ਗਗਨ ਬਿਡਲਾਨ, ਮੀਨੂ ਵਾਲੀਆ, ਸੰਜੂ ਕੁਮਾਰ, ਮੀਨੂ ਪੰਮਾ, ਪ੍ਰੈਸ ਸਕੱਤਰ ਸੁਨੀਲ ਜੀਤ ਪਟਿਆਲਵੀ, ਗੀਤਾ ਬਾਲੂ, ਵਿਰਾਜ ਬਿਡਲਾਨ, ਅਕਾਸੀ ਪੋਹਾਲ ਆਦਿ ਨੇ ਯੋਗਦਾਨ ਪਾਇਆ।

# ਡੀ.ਐੱਮ.ਐੱਫ. ਵੱਲੋਂ ਮੁਲਾਜ਼ਮ ਮੰਗਾਂ ਨੂੰ ਲੈ ਕੇ ਕੈਬਨਿਟ ਮੰਤਰੀ ਬਲਕਾਰ ਸਿੰਘ ਦੇ ਘਰ ਵੱਲ ਰੋਸ ਪ੍ਰਦਰਸ਼ਨ ਕਰ ਮਾਨ ਸਰਕਾਰ ਖਿਲਾਫ ਜ਼ੋਰਦਾਰ ਕੀਤੀ ਨਾਅਰੇਬਾਜ਼ੀ

## ਪੰਜਾਬ ਸਰਕਾਰ ਦੀ ਕੁੰਭਕਰਨੀ ਨੀਂਦ ਤੋੜਨ ਲਈ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ – ਆਗੂ

**ਫਗਵਾੜਾ / ਜਲੰਧਰ 7 ਜਨਵਰੀ (ਬੀ. ਕੇ. ਰੱਤੂ)–** ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਜ਼ਿਲ੍ਹਾ ਜਲੰਧਰ ਤੇ ਕਪੂਰਥਲਾ ਵੱਲੋਂ ਸੂਬਾ ਕਮੇਟੀ ਦੇ ਫੈਸਲੇ ਅਨੁਸਾਰ ਕੈਬਨਿਟ ਮੰਤਰੀ ਬਲਕਾਰ ਸਿੰਘ ਦੀ ਰਿਹਾਇਸ਼ ਦੇ ਨਜ਼ਦੀਕ ਬੂਟਾ ਮੰਡੀ ਪਾਰਕ ਵਿੱਚ ਇਕੱਤਰ ਹੋ ਕਿ ਉਹਨਾਂ ਦੇ ਘਰ ਵੱਲ ਰੋਸ ਮਾਰਚ ਕਰਦਿਆਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਮਾਰਚ ਤੋਂ ਪਹਿਲਾਂ ਬੂਟਾ ਮੰਡੀ ਪਾਰਕ ਵਿੱਚ ਕੀਤੀ ਰੈਲੀ ਨੂੰ ਸੰਬੋਧਨ ਕਰਦਿਆਂ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਪੰਜਾਬ ਦੇ ਆਗੂ ਹਰਿੰਦਰ ਦੁਸਾਂਝ, ਮਨਦੀਪ ਕੌਰ ਬਿਲਗਾ, ਗੁਰਿੰਦਰਜੀਤ ਸਿੰਘ, ਕਲਵਿੰਦਰ ਸਿੰਘ ਜੋਸ਼ਨ, ਗੁਰਮੁੱਖ ਲੋਕਪ੍ਰੇਮੀ ਅਤੇ ਮਿੱਡ ਡੇ ਮੀਲ ਆਗੂ ਰਾਜਵਿੰਦਰ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਮਾਣਭੱਤਾ ਵਰਕਰਾਂ (ਮਿੱਡ ਡੇ ਮੀਲ ਵਰਕਰ, ਆਸ਼ਾ ਵਰਕਰ, ਆਂਗਣਵਾੜੀ, ਸਕੂਲਾਂ ਵਿੱਚ ਭਰਤੀ ਕੀਤੇ ਸਫ਼ਾਈ ਸੇਵਕ ਅਤੇ ਚੌਂਕੀਦਾਰ ਆਦਿ) ਉੱਤੇ ਘੱਟੋ ਘੱਟ ਉਜ਼ਰਤ ਕਾਨੂੰਨ ਲਾਗੂ ਨਾ ਕਰਕੇ ਇਹ ਸਰਕਾਰ ਚੋਣਾਂ ਦੌਰਾਨ ਕੀਤੀਆਂ ਗਰੰਟੀਆਂ ਤੋਂ ਮੁੱਕਰ ਰਹੀ ਹੈ। ਮੁਲਾਜ਼ਮ ਆਗੂ,



ਗੁਰਜੀਤ ਕੌਰ, ਕਲਵਿੰਦਰ ਕੌਰ ਫਗਵਾੜਾ, ਜਸਵੀਰ ਸਿੰਘ ਸੰਧੂ, ਕੁਲਵਿੰਦਰ ਕੌਰ ਅਮਾਨਤਪੁਰ, ਨੇ ਕਿਹਾ ਕਿ ਵੱਖ-ਵੱਖ ਕਿਸਮਾਂ ਦੇ ਕੱਚੇ ਅਤੇ ਆਊਟਸੋਰਸ ਮੁਲਾਜ਼ਮਾਂ ਨੂੰ ਪੱਕਾ ਕਰਨ ਦੇ ਵਾਰ ਵਾਰ ਇਸ਼ਤਿਹਾਰ ਲਗਾ ਕਿ ਵੀ ਕਿਸੇ ਵੀ ਕੱਚੇ ਮੁਲਾਜ਼ਮ ਨੂੰ ਪੱਕਾ ਨਾ ਕਰਕੇ ਅਤੇ ਐੱਨ.ਪੀ.ਐੱਸ. ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਲਾਗੂ ਨਾ ਕਰਕੇ ਇਹ ਸਰਕਾਰ ਮੁਲਾਜ਼ਮ ਵਿਰੋਧੀ ਹੋਣ ਦਾ ਸਬੂਤ ਦੇ ਰਹੀ ਹੈ। ਆਗੂਆਂ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਤੇ ਦੋਸ਼ ਲਗਾਇਆ ਕਿ ਭਗਵੰਤ ਮਾਨ ਸਰਕਾਰ ਮੁਲਾਜ਼ਮਾਂ ਤੇ ਪਰਖ ਕਾਲ ਸੰਬੰਧੀ 15-01-2015 ਦਾ ਨੋਟੀ-ਫਿਕੇਸ਼ਨ ਰੱਦ ਕਰਨ, 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ 'ਤੇ ਪੰਜਾਬ ਦੇ ਤਨਖਾਹ ਸਕੇਲ ਲਾਗੂ ਕਰਨ, ਬੰਦ ਕੀਤੇ ਗਏ ਪੇਂਡੂ ਤੇ ਬਾਰਡਰ ਏਰੀਆ ਭੱਤੇ ਸਮੇਤ ਸਮੁੱਚੇ 37 ਭੱਤੇ ਅਤੇ ਏ.ਸੀ.ਪੀ. ਬਹਾਲ ਕਰਨ, ਮਹਿੰਗਾਈ ਭੱਤੇ ਦੀਆਂ ਰੋਕੀਆਂ ਗਈਆਂ ਦੋ ਕਿਸ਼ਤਾਂ ਅਤੇ ਪਿਛਲੇ ਸਾਰੇ ਬਕਾਏ ਜਾਰੀ ਕਰਨ ਤੋਂ ਇਨਕਾਰੀ ਹੈ। ਇੰਨ੍ਹਾਂ ਮੰਗਾਂ ਨੂੰ ਪੂਰਾ ਕਰਾਉਣ ਲਈ ਫੈਡਰੇਸ਼ਨ ਵੱਲੋ ਪੰਜਾਬ ਸਰਕਾਰ ਵਿਰੁੱਧ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਹੈ ਉਹਨਾਂ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਗਈਆਂ ਤਾਂ ਪੰਜਾਬ ਸਰਕਾਰ ਦੀ ਕੁੰਭਕਰਨੀ ਨੀਂਦ ਤੋੜਨ ਲਈ ਸੰਘਰਸ਼ ਹੋਰ ਤਿੱਖਾ ਕੀਤਾ ਜਾਵੇਗਾ।ਇਸ ਰੈਲੀ ਨੂੰ ਹੋਰਨਾਂ ਤੋਂ ਇਲਾਵਾ ਮਿਡ ਡੇ ਮੀਲ ਵਰਕਰਾਂ ਦੇ ਆਗੂ ਸੀਮਾ ਸਈਪੁਰ, ਰਾਜਵਿੰਦਰ ਕੌਰ, ਡੈਮੋਕ੍ਰੇਟਿਕ ਆਸ਼ਾ ਵਰਕਰ ਯੂਨੀਅਨ ਆਗੂ ਸੀਤਾ ਬੁਲੰਦਪੁਰ,ਕੁਲਜੀਤ ਕੌਰ ਖ਼ਾਲਸਾ, ਰਜਿੰਦਰਪਾਲ ਕੌਰ,ਹਰਵਿੰਦਰ ਕੌਰ ਕਾਲਾ ਸੰਘਿਆਂ ,ਰੇਸ਼ਮ ਕੌਰ ਪਾਸ਼ਟ ਤੋਂ ਇਲਾਵਾ ਵੱਡੀ ਗਿਣਤੀ ਵਰਕਰ ਹਾਜ਼ਰ ਸਨ।








ਅੰਬੈਸਡਰ ਸ੍ਰੀ ਰਮੇਸ਼ ਚੰਦਰ ਜੀ ਆਪਣੀ ਕਿਤਾਬ 'ਸਮ ਰੇਂਡਮ ਥੋਟਸ ਔਨ ਬਾਬਾ ਸਾਹਿਬ ਅੰਬੇਡਕਰ ਐਂਡ ਹਿਜ਼ ਲੇਗੈਸੀ' SOME RANDOM THOUGHTS ON BABA SAHEB AMBEDKAR AND HIS LEGACY ਦਾ ਤੋਹਫ਼ਾ ਮਨਜੀਤ ਸਿੰਘ ਨੂੰ ਭੇਂਟ ਕਰਦੇ ਹੋਏ। ਇਹ ਕਿਤਾਬ Amazon ਤੇ Filpkart 'ਤੇ ਵੀ ਉਪਲਬਧ ਹੈ। ਇਸ ਦਾ ਫਾਰ ਵਰਡ ਮੇਰੇ ਵੱਡੇ ਵੀਰ ਅਰੁਨ ਕੁਮਾਰ ਨੇ ਲਿਖਿਆ ਹੈ। ਅੰਬੈਸਡਰ ਸ੍ਰੀ ਰਮੇਸ਼ ਚੰਦਰ ਜੀ ਦਾ ਦਿਲੋਂ ਧੰਨਵਾਦੀ ਹਾਂ। **-ਮਨਜੀਤ ਸਿੰਘ**

# ਦਲਿਤ ਸਰਪੰਚ ਸੰਦੀਪ ਚੀਨਾ ਦਾ ਗੋਲੀਆਂ ਮਾਰਕੇ ਕਤਲ ਕਰਨਾ ਜਾਤੀਵਾਦੀ ਸੋਚ ਦਾ ਨਤੀਜਾ- ਮੈਂਗੜਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਪਿਛਲੇ ਦਿੰਨੀ ਜਿਲ੍ਹਾਂ ਹੁਸ਼ਿਆਰਪੁਰ ਦੇ ਪਿੰਡ ਡਡਿਆਣਾ ਕਲਾ ਦੇ ਨੋਜਵਾਨ ਸਰਪੰਚ ਸੰਦੀਪ ( ਚੀਨਾ) ਦਾ ਬੇਰਹਿਮੀ ਨਾਲ ਗੋਲੀਆਂ ਮਾਰਕੇ ਕਤਲ ਕਰਨ ਪਿੱਛੇ ਮਾੜੀ ਜਾਤੀਵਾਦੀ ਸੋਚ ਦਾ ਨਤੀਜਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਯੂਰਪ ਦੀ ਧਰਤੀ ਤੇ ਰਹਿ ਰਹੇ ਸਮਾਜ ਸੇਵਕ ਅਤੇ ਘੱਟ ਗਿਣਤੀ ਲੋਕਾਂ ਦੇ ਹਮਦਰਦੀ ਸਮਾਜ ਸੇਵਕ ਅਤੇ ਯੂਰਪੀਅਨ ਖੇਡ ਕਬੱਡੀ ਦੇ ਪਰਮੋਟਰ ਭਾਈ ਰਾਮ ਸਿੰਘ ਮੈਂਗੜਾ (ਫਰਾਂਸ) ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕੇ ਇਹ ਨੋਜਵਾਨ ਸਰਪੰਚ ਸੰਦੀਪ ਚੀਨਾ ਆਪਣੇ ਪਿੰਡ ਦੇ ਦਲਿਤ ਭਾਈਚਾਰੇ ਨਾਲ ਹੋਰ ਇਲਾਕੇ ਦੇ ਘੱਟ ਗਿਣਤੀ ਜਰੂਰਤਮੰਦ ਅਤੇ ਬਸਪਾ ਵਰਕਰਾਂ ਦੀ ਬਾਂਹ ਫੜਕੇ ਥਾਣੇ ਕਚਿਹਰੀਆਂ ਦੇ ਵਿੱਚ ਲੋਕਾਂ ਨਾਲ ਖੜਾ ਹੁੰਦਾ ਸੀ, ਤੇ ਉਹਨਾਂ ਦੇ ਹਰ ਦੁੱਖ ਸੁੱਖ ਵਿੱਚ ਸ਼ਾਮਿਲ ਹੁੰਦਾ ਸੀ। ਇਸ ਲਈ ਹੋ ਸਕਦਾ ਹੈ ਕੁਝ ਰਾਜਨੀਤਕ ਅਤੇ ਜਾਤ ਅਭਿਮਾਨੀ ਲੋਕ ਇਸੇ ਕਰਕੇ ਹੀ ਸਾੜਾ ਖਾਦੇਂ ਹੋਣ ਜਾਂ ਫ਼ੇਰ ਸਰਪੰਚੀ ਦੀਆਂ ਚੋਣਾਂ ਵੀ ਲਾਗੇ ਆ ਰਹੀਆਂ ਹਨ, ਕੁਝ ਮਾੜੀ ਸੋਚ ਦੇ ਬੰਦੇ ਵੀ ਇਸ ਨੂੰ ਦੁਬਾਰਾ ਸਰਪੰਚ ਬਣਿਆ ਨਾ ਦੇਖਣਾ ਚਾਹੁੰਦੇ ਹੋਣ ਤੇ ਉਸ ਦੀ ਹੱਤਿਆ ਕਰਵਾ ਦਿੱਤੀ। ਇਸ ਨੋਜਵਾਨ ਸਰਪੰਚ ਦਾ ਨਾਮ ਬਹੁਤ ਜੋਸ਼ੀਲਾ ਲੀਡਰ ਬਣਕੇ ਉਭਰਿਆਂ ਸੀ, ਤਾਂ ਕੁੱਝ ਰਾਜਨੀਤਕ ਲੋਕਾਂ ਨੂੰ ਅਤੇ ਜਾਤੀ ਵਾਦੀਆਂ ਨੂੰ ਹਾਜਮ ਨਹੀਂ ਸੀ ਹੁੰਦਾ। ਜਿਕਰਯੋਗ ਹੈ ਸਰਪੰਚ ਸੰਦੀਪ ਚੀਨਾ ਆਪਣੇ ਹੀ ਬਣੇ ਡੰਪ ਤੇ ਆਪਣੇ ਸਾਥੀਆਂ ਨਾਲ ਕੰਮ ਕਰ ਰਿਹਾ ਸੀ। ਜਦੋਂ ਕੁਝ ਮੋਟਰਸਾਇਕਲ ਸਵਾਰ ਤਿੰਨਾਂ ਅਣਪਛਾਤੇ ਲੋਕਾਂ ਨੇ ਇਸ ਤੇ ਗੋਲੀਆਂ ਚਲਾਕੇ ਮੌਤ ਦੇ ਘਾਟ ਉਤਾਰ ਦਿੱਤਾ। ਜਿਸ ਨਾਲ ਜਿੱਥੇ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਉੱਥੇ ਹੀ ਬਹੁਜਨ ਸਮਾਜ ਦੇ ਅੰਦਲੋਨ ਨੂੰ ਵੀ ਬਹੁਤ ਵੱਡਾ ਘਾਟਾ ਪਿਆ ਹੈ।



ਇਸ ਘਟਨਾ ਦਾ ਮੰਨ ਨੂੰ ਬਹੁਤ ਹੀ ਦੁੱਖ ਲੱਗਾ। ਭਾਈ ਰਾਮ ਸਿੰਘ ਮੈਂਗੜਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਦੋਸ਼ੀਆਂ ਨੂੰ ਜਲਦੀ ਤੋ ਜਲਦੀ ਫੜਕੇ ਬਣਦੀਆਂ ਸਜ਼ਾਵਾਂ ਦਿੱਤੀਆਂ ਜਾਣ ਤਾਂ ਜੋ ਪੰਜਾਬ ਦੇ ਲੋਕ ਬਿੰਨਾਂ ਕਿਸੇ ਡਰ ਭੈਅ ਤੋ ਆਪਣੀ ਜਿੰਦਗੀ ਗੁਜਰ ਬਸਰ ਕਰ ਸਕਣ।

# "ਪ੍ਰਸਿੱਧ ਕਿਸਾਨ ਲਹਿਰਾਂ - ਇੱਕ ਨਜ਼ਰ" ਪੁਸਤਕ ਲੋਕ-ਅਰਪਣ

**ਲਹਿਰਾਗਾਗਾ, (ਦਲਜੀਤ ਕੌਰ)** 19ਵੀਂ 20ਵੀਂ ਸਦੀ ਵਿੱਚ ਦੇਸ਼ ਦੇ ਵੱਖ-ਵੱਖ ਹਿ-ਸਿਆਂ ਵਿੱਚ ਚੱਲੀਆਂ ਯੁੱਗ ਪਲਟਾਊ ਕਿਸਾਨ ਲਹਿਰਾਂ ਸਬੰਧੀ ਰਣਜੀਤ ਲਹਿਰਾ ਵੱਲੋਂ ਅਨੁਵਾਦਿਤ ਅਤੇ ਸੰਪਾਦਿਤ ਪੁਸਤਕ 'ਪ੍ਰਸਿੱਧ ਕਿਸਾਨੀ ਲਹਿਰਾਂ-ਇੱਕ ਨਜ਼ਰ' ਅੱਜ ਇੱਥੇ ਜਨਤਕ ਜਮਹੂਰੀ ਜਥੇਬੰਦੀਆਂ ਦੇ ਆਗੂਆਂ ਵੱਲੋਂ ਲੋਕ-ਅਰਪਣ ਕੀਤੀ ਗਈ। ਇਸ ਮੌਕੇ ਖੇਤੀਬਾੜੀ ਅਤੇ ਕਿਸਾਨੀ ਵਿਕਾਸ ਫਰੰਟ ਦੇ ਆਗੂ ਮਹਿੰਦਰ ਸਿੰਘ ਨੇ ਕਿਹਾ ਕਿ ਬੀਤੇ ਦੇ ਇਤਿਹਾਸਕ ਕਿਸਾਨੀ ਸੰਘਰਸ਼ਾਂ ਨੂੰ ਇੱਕ ਦਸਤਾਵੇਜ਼ ਵੱਜੋਂ ਸਾਂਭਣਾ ਸ਼ਲਾਘਾਯੋਗ ਉਪਰਾਲਾ ਹੈ ਜਿਹੜਾ ਭਵਿੱਖ ਦੇ ਕਿਸਾਨ ਅੰਦੋਲਨਾਂ ਦੀ ਦਿਸ਼ਾ ਤਹਿ ਕਰਨ ਵਿੱਚ ਅਹਿਮ ਯੋਗਦਾਨ ਪਾਵੇਗਾ। ਲੋਕ ਚੇਤਨਾ ਮੰਚ ਦੇ ਸਕੱਤਰ ਮਾਸਟਰ ਹਰਭਗਵਾਨ ਗੁਰਨੇ ਅਤੇ ਮਾਸਟਰ ਰਘਬੀਰ ਭੁਟਾਲ ਨੇ ਕਿਹਾ ਕਿ ਲਹਿਰਾਂ ਤੇ ਅੰਦੋਲਨ ਹਮੇਸ਼ਾ ਇਤਿਹਾਸ ਤੋਂ ਸੇਧ ਲੈ ਕੇ ਹੀ ਅੱਗੇ ਵੱਧਦੇ ਹਨ। ਇਤਿਹਾਸਕ ਅੰਦੋਲਨਾਂ ਦੇ ਸਬਕ ਸਾਨੂੰ ਪ੍ਰਾਪਤੀਆਂ ਅਤੇ ਘਾਟਾਂ ਦਾ ਮੁਲੰਕਣ ਮੁਲੰਕਣ ਕਰਨ ਲਈ ਪ੍ਰੇਰਿਤ ਕਰਦੇ ਹਨ।



ਲੇਖਕ ਤੇ ਕਲਾਕਾਰ ਜਗਦੀਸ਼ ਪਾਪੜਾ ਅਤੇ ਕਿਸਾਨ ਆਗੂ ਲਛਮਣ ਸਿੰਘ ਅਲੀਸ਼ੇਰ ਨੇ ਕਿਹਾ ਕਿ ਤਿੰਨ ਕਾਲ਼ੇ ਖੇਤੀ ਕਾਨੂੰਨਾਂ ਖਿਲਾਫ਼ ਦਿੱਲੀ ਦੇ ਬਾਰਡਰਾਂ 'ਤੇ ਲੜੇ ਗਏ ਇਤਿਹਾਸਕ ਅੰਦੋਲਨ ਨੇ ਕਿਸਾਨੀ ਮਸਲਿਆਂ ਅਤੇ ਕਿਸਾਨੀ ਘੋਲਾਂ ਬਾਰੇ ਜਾਨਣ ਦੀ ਉਤਸੁਕਤਾ ਪੈਦਾ ਕੀਤੀ ਹੈ। ਇਹ ਪੁਸਤਕ ਯਕੀਨਣ ਹੀ ਬੀਤੇ ਦੀਆਂ ਕਿਸਾਨ ਲਹਿਰਾਂ ਬਾਰੇ ਪਾਠਕਾਂ ਦੀ ਜਗਿਆਸਾ ਪੂਰੀ ਕਰਨ ਵਿੱਚ ਸਹਾਈ ਹੋਵੇਗੀ। ਨੂੰ ਵੀ ਕਲਮਬੱਧ ਕਰਨ ਲਈ ਹੋਰਨਾਂ ਲੇਖ਼ਕਾਂ ਨੂੰ ਹੰਭਲਾ ਮਾਰਨਾ ਚਾਹੀਦਾ ਹੈ। ਇਸ ਮੌਕੇ ਸ਼ਮਿੰਦਰ ਸਿੰਘ, ਤਰਸੇਮ ਭੋਲੂ, ਦੀਪੀ ਭੁਟਾਲ, ਭੀਮ ਸਿੰਘ, ਗੁਰਪ੍ਰੀਤ ਸਿੰਘ ਢੀਂਡਸਾ ਅਤੇ ਰਣਦੀਪ ਸੰਗਤਪੁਰਾ, ਰਾਜਪਾਲ ਕੌਰ, ਸੁਖਦੇਵ ਚੰਗਾਲੀਵਾਲਾ, ਅਮਰੀਕ ਗੁਰਨੇ ਪੁਸਤਕ ਦੇ ਅਨੁਵਾਦਕ ਤੇ ਸੰਪਾਦਕ ਰਣਜੀਤ ਲਹਿਰਾ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਹ ਪੁਸਤਕ ਕਿਸਾਨ ਜਥੇਬੰਦੀਆਂ ਦੇ ਕਾਰਕੁੰਨਾਂ ਲਈ ਜਾਣਕਾਰੀ ਭਰਪੂਰ ਸਿੱਧ ਹੋਵੇਗੀ।

ਜ਼ਿਕਰਯੋਗ ਹੈ ਕਿ ਇਸ ਪੁਸਤਕ ਵਿੱਚ ਰਣਜੀਤ ਲਹਿਰਾ ਵੱਲੋਂ 18 ਪ੍ਰਸਿੱਧ ਕਿਸਾਨ ਲਹਿਰਾਂ ਬਾਰੇ ਲੇਖ ਸ਼ਾਮਲ ਕੀਤੇ ਗਏ ਹਨ ਜਿਨ੍ਹਾਂ ਵਿੱਚ ਬੰਗਾਲ ਦਾ ਨੀਲ ਵਿਦਰੋਹ, ਤੇਲੰਗਾਨਾ ਦੀ ਕਿਸਾਨ ਬਗਾਵਤ, ਚੰਪਾਰਣ ਅੰਦੋਲਨ, ਤੇਭਾਗਾ ਲਹਿਰ, ਕੁਲੀ ਵਗਾਰ ਦੇ ਖਿਲਾਫ਼ ਸੰਘਰਸ਼, ਮੋਪਲਾ ਵਿਦਰੋਹ, ਮਹਾਰਾਸ਼ਟਰ ਦਾ ਵਾਰਲੀ ਵਿਦਰੋਹ, ਕਸ਼ਮੀਰ ਦੇ ਜ਼ਮੀਨੀ ਸੁਧਾਰ ਰਾਜਸਥਾਨ ਦਾ ਬਿਜੌਲੀਆ ਅੰਦੋਲਨ, ਪੈਪਸੂ ਤੇ ਨੀਲੀਬਾਰ ਦੀਆਂ ਕਿਸਾਨ ਬਗਾਵਤਾਂ ਆਦਿ ਸ਼ਾਮਲ ਹਨ।

# ਦੇਸ਼ ਭਗਤ ਯਾਦਗਾਰ ਹਾਲ ਅਤੇ ਪੰਜਾਬ 'ਚ ਸਰਗਰਮੀਆਂ 'ਚ ਸਾਂਝ ਮਜ਼ਬੂਤ ਕਰਨ ਲਈ ਵਿਚਾਰਾਂ





**ਜਲੰਧਰ-** ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ, ਇਤਿਹਾਸ, ਲਾਇਬ੍ਰੇਰੀ, ਮਿਊਜ਼ੀਅਮ, ਪੰਜਾਬ ਦੇ ਪਿੰਡਾਂ ਅੰਦਰ ਬਣੀਆਂ ਦੇਸ਼ ਭਗਤ ਅਤੇ ਲਾਇਬ੍ਰੇਰੀ ਕਮੇਟੀਆਂ, ਪੰਜਾਬ ਦੇ ਵੱਖ-ਵੱਖ ਖੇਤਰਾਂ 'ਚ ਕੰਮ ਕਰਦੇ ਰੰਗ ਕਰਮੀਆਂ, ਸਾਹਿਤਕਾਰਾਂ, ਲੇਖਕਾਂ, ਕਵੀਆਂ, ਗਾਇਕਾਂ, ਚਿੱਤਰਕਾਰਾਂ, ਤਰਕਸ਼ੀਲਾਂ, ਜਮਹੂਰੀ ਕਾਮਿਆਂ ਅਤੇ ਪ੍ਰਦੇਸ਼ਾਂ ਅੰਦਰ ਸਰਗਰਮ ਸੰਸਥਾਵਾਂ ਦੇ ਪ੍ਰਤੀਨਿਧਾਂ ਦੀ ਹੋਈ ਮੀਟਿੰਗ 'ਚ ਨਵੇਂ ਵਰ੍ਹੇ 2024 'ਚ ਦੇਸ਼ ਭਗਤ ਯਾਦਗਾਰ ਹਾਲ ਦੇ ਅੰਦਰ ਅਤੇ ਪੰਜਾਬ ਦੇ ਸੰਭਾਵੀ ਖੇਤਰਾਂ 'ਚ ਹੋਣ ਵਾਲੀਆਂ ਸਰਗਰਮੀਆਂ 'ਚ ਪਰਸਪਰ ਸਹਿਯੋਗ ਹੋਰ ਵਧਾਉਣ ਲਈ ਸੰਜੀਦਾ ਵਿਚਾਰਾਂ ਹੋਈਆਂ। ਨਵੇਂ ਵਰ੍ਹੇ ਨੂੰ ਖੁਸ਼ਆਮਦੀਦ ਆਖਦੀ ਇਸ ਵਿਸ਼ੇਸ਼ ਮੀਟਿੰਗ ਦਾ ਆਗਾਜ਼ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਵੱਲੋਂ ਵਿਸ਼ੇਸ਼ ਕਰਕੇ ਜਨਵਰੀ ਮਹੀਨੇ ਦੇ ਸ਼ਹੀਦਾਂ, ਦੇਸ਼ ਭਗਤਾਂ, ਇਤਿਹਾਸਕ ਘਟਨਾਵਾਂ ਦੀ ਦੇਣ ਨੂੰ ਯਾਦ ਕਰਨ ਨਾਲ ਹੋਇਆ।

ਮੀਟਿੰਗ 'ਚ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਸਮੂਹ ਸਬ-ਕਮੇਟੀਆਂ ਦੀ ਤਰਫ਼ੋਂ ਨਵੇਂ ਵਰ੍ਹੇ ਦੀਆਂ ਸਰਗਰਮੀਆਂ ਸਬੰਧੀ ਵਿਚਾਰ-ਚਰਚਾ ਲਈ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਤਜ਼ਵੀਜਤ ਰੂਪ-ਰੇਖਾ ਦੀ ਵਿਆਖਿਆ ਕਰਦਿਆਂ ਹਾਜ਼ਰੀਨ ਨੂੰ ਆਪਣੇ ਵਿਚਾਰ ਰੱਖਣ ਦੀ ਅਪੀਲ ਕੀਤੀ।

ਇਸ ਵਿਚਾਰ-ਚਰਚਾ 'ਚ ਪ੍ਰੋ. ਜਗਮੋਹਣ ਸਿੰਘ, ਪ੍ਰੋ. ਹਰਜਿੰਦਰ ਸਿੰਘ ਅਟਵਾਲ, ਬੂਟਾ ਸਿੰਘ ਮਹਿਮੂਦਪੁਰ, ਕਸਤੂਰੀ ਲਾਲ, ਜਸਵੰਤ ਜੀਰਖ, ਨੀਰਜ਼ ਕੌਸ਼ਿਕ, ਹਰਨਾਮ ਸਿੰਘ ਡੱਲਾ ਰੋਪੜ, ਡਾ. ਜਗਜੀਤ ਸਿੰਘ ਚੀਮਾ, ਜਸਵਿੰਦਰ ਫਗਵਾੜਾ, ਗਿਆਨ ਸੈਦਪੁਰੀ, ਉਜਾਗਰ ਸਿੰਘ ਬੱਦੋਵਾਲ, ਮਾਸਟਰ ਭਜਨ ਕਨੇਡਾ, ਚੈਂਚਲ ਸਿੰਘ ਮਾਹਿਲਪੁਰ ਕਨੇਡਾ, ਰਤਨ ਪਾਲ ਮਹਿਮੀ ਇੰਗਲੈਂਡ, ਡਾ. ਸੈਲੇਸ਼, ਡਾ. ਪਰਮਿੰਦਰ, ਪਰਮਜੀਤ ਆਦਮਪੁਰ, ਹਰਮੇਸ਼ ਮਾਲੜੀ, ਗੁਰਦੀਪ ਸਿੰਘ ਰੋਪੜ, ਬੱਬੀ, ਤਲਵਿੰਦਰ ਹੀਰ ਮਾਹਿਲਪੁਰ, ਗੁਰਮੀਤ ਸਿੰਘ, ਚਰੰਜੀ ਲਾਲ ਕੰਗਣੀਵਾਲ, ਐੱਮ.ਐੱਲ. ਕਪਿਲ, ਕਰਨੈਲ ਸਿੰਘ ਜੀਤ ਰੋਪੜ ਨੇ ਕਮੇਟੀ ਵੱਲੋਂ ਰੱਖੀ ਤਜਵੀਜ਼ ਨੂੰ ਨੇਪਰੇ ਚਾੜ੍ਹਨ ਲਈ ਠੋਸ ਅਮੁੱਲੇ ਸੁਝਾਅ ਰੱਖੇ। ਗ਼ਦਰ ਪਾਰਟੀ ਦਾ ਸਥਾਪਨਾ ਦਿਨ, ਸਿਖਿਆਰਥੀ ਚੇਤਨਾ ਕੈਂਪ ਅਤੇ ਪਹਿਲੀ ਨਵੰਬਰ ਸਾਲਾਨਾ ਗ਼ਦਰੀ ਬਾਬਿਆਂ ਦੇ ਮੇਲੇ ਦੇ ਸਮਾਗਮਾਂ 'ਚ ਹੋਰ ਵੀ ਨਿਖ਼ਾਰ ਲਿਆਂਦਾ ਜਾਏਗਾ। ਹਰੇਕ ਮਹੀਨੇ ਦੇ ਅਮਰ ਸ਼ਹੀਦਾਂ, ਇਤਿਹਾਸਕ ਘਟਨਾਵਾਂ ਦੀ ਪ੍ਰਸੰਗਕਤਾ ਉਭਾਰਨ ਲਈ ਸਫ਼ਲਤਾਪੂਰਵਕ ਸਮਾਗਮ ਉਲੀਕਣ ਦੇ ਉਤਸ਼ਾਹਜਨ ਵਿਚਾਰ ਸਾਹਮਣੇ ਆਏ। ਪੁਸਤਕ ਚਰਚਾ, ਢੁਕਵੇਂ ਵਿਸ਼ਿਆਂ 'ਤੇ ਵਿਚਾਰ-ਚਰਚਾ, ਰੂਬਰੂ, ਗਾਇਨ, ਭਾਸ਼ਣ, ਚਿੱਤਰਕਲਾ, ਫੋਟੋ ਕਲਾ, ਉੱਭਰ ਰਹੇ ਕਵੀਆਂ, ਗਾਇਕਾਂ, ਰੰਗ ਕਰਮੀਆਂ, ਫ਼ਿਲਮ ਸਾਜ਼ਾਂ ਅਤੇ ਹੋਰ ਲੋਕ-ਕਲਾਵਾਂ ਨਾਲ ਜੁੜੇ ਕਲਾਕਾਰਾਂ ਨੂੰ ਵਧਣ ਫੁਲਣ ਦਾ ਮੌਕਾ ਦੇਣ ਲਈ ਸਮੇਂ-ਸਮੇਂ ਹਾਲ 'ਚ ਬੁਲਾਕੇ ਅਤੇ ਸਥਾਨਕ ਪੱਧਰਾਂ 'ਤੇ ਆਪਣੀਆਂ ਕਲਾ ਕ੍ਰਿਤਾਂ ਦਰਸ਼ਕਾਂ/ਸਰੋਤਿਆਂ ਦੇ ਸਨਮੁੱਖ਼ ਕਰਨ ਦਾ ਮੌਕਾ ਦੇਣ ਦੇ ਉਪਰਾਲੇ ਕੀਤੇ ਜਾਣਗੇ। ਗ਼ਦਰੀ ਦੇਸ਼ ਭਗਤਾਂ ਅਤੇ ਆਜ਼ਾਦੀ ਸੰਗਰਾਮ ਦੇ ਭੁੱਲੇ ਵਿਸਰੇ ਇਤਿਹਾਸ ਸਾਹਿਤ ਨੂੰ ਲੋਕਾਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਤੱਕ ਲਿਜਾਣ 'ਤੇ ਜ਼ੋਰ ਦੇਣ ਦੇ ਵਿਚਾਰ ਵੀ ਰੱਖੇ ਗਏ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਆਧੁਨਿਕ ਪ੍ਰਚਾਰ-ਤੰਤਰ ਦੀ ਕਾਰਜ਼ ਸ਼ੈਲੀ ਨੂੰ ਨਵਿਆਉਣਾ ਅਤੇ ਨਿਰੰਤਰਤਾ ਯਕੀਨੀ ਬਣਾਉਣਾ। ਤਾਂ ਜੋ ਵੈਬ ਸਾਈਟ, ਯੂਟਿਊਬ, ਫੇਸ ਬੁੱਕ ਪੇਜ਼ ਸਮੇਤ ਲੋਕਾਂ ਤੱਕ ਸਰਗਰਮੀਆਂ ਨੂੰ ਲਿਜਾਇਆ ਜਾ ਸਕੇ।

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਪੰਜਾਬ ਦੇ ਪਿੰਡਾਂ ਅੰਦਰ ਬਣੀਆਂ ਦੇਸ਼ ਭਗਤ ਅਤੇ ਲਾਇਬ੍ਰੇਰੀ ਕਮੇਟੀਆਂ ਨਾਲ ਨਿਰੰਤਰ ਰਾਬਤਾ ਰੱਖਣ। ਸਰਗਰਮੀਆਂ ਦਾ ਆਦਾਨ-ਪ੍ਰਦਾਨ ਕਰਨ, ਨੇੜਲੇ ਪਿੰਡਾਂ ਦਾ ਆਪਸੀ ਤਾਲਮੇਲ ਵਧਾਉਣ ਲਈ ਸਥਾਨਕ ਅਤੇ ਖਿੱਤਿਆਂ 'ਚ ਮੇਲੇ ਲਾਉਣ ਲਈ ਵਿਚਾਰਾਂ ਹੋਈਆਂ।

ਪਿੰਡਾਂ ਅੰਦਰ ਸਰਗਰਮੀਆਂ 'ਚ ਲਗਾਤਾਰਤਾ ਲਿਆ ਕੇ ਨਵੀ ਪਨੀਰੀ ਕਿਤਾਬਾਂ, ਲੋਕ-ਕਲਾਵਾਂ, ਲੋਕ-ਸਰੋਕਾਰਾਂ ਅਤੇ ਆਪਣੇ ਮਾਣ-ਮੱਤੇ ਇਤਿਹਾਸਕ ਵਿਰਸੇ ਦੇ ਲੜ ਲਾਉਣ ਦਾ ਯਤਨ ਕਰਨ 'ਤੇ ਜ਼ੋਰ ਦਿੱਤਾ। ਵਿਚਾਰ-ਚਰਚਾ ਨੇ ਤੱਤ ਕੱਢਿਆ ਕਿ ਇਤਿਹਾਸ, ਸਾਹਿਤ, ਕਲਾ, ਲੋਕ-ਮਸਲਿਆਂ ਸਬੰਧੀ ਵਿਗਿਆਨਕ, ਸਮਾਜਕ, ਜਮਾਤੀ ਚੇਤਨਾ, ਚਿੰਤਨ ਨੂੰ ਜਿਵੇਂ ਬੁਰੀ ਤਰ੍ਹਾਂ ਗ੍ਰਹਿਣ ਲਾਇਆ ਜਾ ਰਿਹਾ ਹੈ, ਇਸ ਲਈ ਗ਼ਦਰੀ ਬਾਬਿਆਂ ਦਾ ਇਕੋ ਸਾਲਾਨਾ ਮੇਲਾ ਕਾਫ਼ੀ ਨਹੀਂ ਇਸ ਲਈ ਪਿੰਡਾਂ, ਇਲਾਕਿਆਂ ਅੰਦਰ ਵੀ ਮੇਲਿਆਂ ਅਤੇ ਵਿਚਾਰ-ਚਰਚਾਵਾਂ ਦੀਆਂ ਸਰਗਰਮੀਆਂ ਲਈ ਮਿਲਕੇ ਕਦਮ ਚੁੱਕੇ ਜਾਣ।

ਦੁਨੀਆਂ ਦੇ ਵੱਖ-ਵੱਖ ਮੁਲਕਾਂ ਅੰਦਰ ਕੰਮ ਕਰਦੀਆਂ ਸੰਸਥਾਵਾਂ, ਪਰਿਵਾਰਾਂ, ਵਿਅਕਤੀਆਂ ਨਾਲ ਲਗਾਤਾਰ ਰਾਬਤਾ ਬਣਾ ਕੇ ਰੱਖਣ ਲਈ ਠੋਸ ਕਦਮ ਚੁੱਕਣ 'ਤੇ ਵਿਚਾਰਾਂ ਹੋਈਆਂ।

ਇਹ ਵੀ ਵਿਚਾਰ ਆਏ ਕਿ ਸਾਲ ਭਰ ਦੀਆਂ ਹਾਲ ਦੇ ਅੰਦਰ ਅਤੇ ਬਾਹਰ ਹੋਣ ਵਾਲੀਆਂ ਸਰਗਰਮੀਆਂ ਦੀ ਅੰਤਰ-ਕੜੀ ਅੱਗੋਂ ਸਾਲਾਨਾ 'ਮੇਲਾ ਗ਼ਦਰੀ ਬਾਬਿਆਂ ਦਾ' ਨਾਲ ਜੋੜਨ ਦਾ ਨਿਸ਼ਾਨਾ ਮਿਥ ਕੇ ਤੁਰਿਆ ਜਾਏਗਾ, ਜਿਸ ਸਦਕਾ ਮੇਲੇ ਦੇ ਰੰਗ ਰੂਪ 'ਚ ਹਰ ਪੱਖੋਂ ਖੇੜਾ ਆਏਗਾ।

ਇਹ ਭਵਿੱਖ਼-ਮੁਖੀ ਰੂਪ ਰੇਖਾ ਨੂੰ ਇਸ ਕਰਕੇ ਵੀ ਜ਼ਰੂਰੀ ਹੈ ਕਿਉਂਕਿ ਨਵਾਂ ਵਰ੍ਹਾ ਹੋਰ ਵੀ ਤਿੱਖੀਆਂ ਅਤੇ ਨਵੀਆਂ ਚੁਣੌਤੀਆਂ ਲੈ ਕੇ ਆ ਰਿਹਾ ਹੈ। ਇਹਨਾਂ ਚੁਣੌਤੀਆਂ 'ਚ ਲੋਕਾਂ ਦੇ ਸਾਂਝੇ, ਅਮੀਰ, ਧਰਮ-ਨਿਰਪੱਖ, ਸਾਮਰਾਜ ਅਤੇ ਪੁਰਾਤਨ ਜੰਗਾਲੀਆਂ ਕਦਰਾਂ ਕੀਮਤਾਂ ਦੀਆਂ ਕੜੀਆਂ ਉਪਰ ਸੱਟ ਮਾਰਨ ਵਾਲੀ ਸਾਡੀ ਵਿਰਾਸਤ ਨੂੰ ਬੁਲੰਦ ਕਰਨਾ ਹੋਏਗਾ। ਸਾਡੇ ਵਿਰਸੇ ਦਾ ਮੁਹਾਂਦਰਾ ਬਦਲਣ ਅਤੇ ਫ਼ਿਰਕੇਦਾਰਾਨਾ, ਜ਼ਾਬਰਾਨਾ ਰੂਪ 'ਚ ਰੰਗਣ ਦੇ ਮਨਸੂਬਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਕੇ ਨਾਕਾਮ ਕਰਨ ਵਾਲੀ ਲੋਕ ਆਵਾਜ਼ ਸੰਗ ਆਵਾਜ਼ ਮਿਲਾਉਣਾ ਲਈ ਸਾਂਝੇ ਉੱਦਮ ਜੁਟਾਏ ਜਾਣਗੇ।

ਇਸ ਸਮਾਗਮ 'ਚ ਮਾਸਟਰ ਭਜਨ ਸਿੰਘ ਕਨੇਡਾ, ਚੈਂਚਲ ਸਿੰਘ ਮਾਹਿਲਪੁਰ ਕਨੇਡਾ ਅਤੇ ਰਤਨ ਪਾਲ ਮਹਿਮੀ ਇੰਗਲੈਂਡ ਦਾ ਸਨਮਾਨ ਕੀਤਾ ਗਿਆ।

ਇਸ ਵਿਸ਼ਾਲ ਵਿਚਾਰ-ਚਰਚਾ 'ਚ ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਰਣਜੀਤ ਸਿੰਘ ਔਲਖ, ਪ੍ਰੋ. ਗੋਪਾਲ ਬੁੱਟਰ, ਪ੍ਰੋ. ਤੇਜਿੰਦਰ ਵਿਰਲੀ ਤੋਂ ਇਲਾਵਾ ਤਰਕਸ਼ੀਲ ਜਮਹੂਰੀ ਅਧਿਕਾਰ ਸਭਾ ਦੇ ਪ੍ਰਤੀਨਿਧ ਅਤੇ ਲੰਗੇਰੀ, ਰਾਏਪੁਰ ਡੱਬਾ, ਸੁਨੇਤ, ਬੱਦੋਵਾਲ, ਲਲਤੋਂ, ਢੁੱਡੀਕੇ, ਦਦੇਹਰ ਸਾਹਿਬ, ਭਕਨਾ, ਗੰਡੀਵਿੰਡ ਆਦਿ ਗ਼ਦਰੀਆਂ ਦੇ ਪਿੰਡਾਂ ਸਮੇਤ ਕੋਈ ਪੰਜ ਦਰਜਣ ਪ੍ਰਤੀਨਿੱਧ ਹਾਜ਼ਰ ਹੋਏ।

ਜਮਹੂਰੀ ਹੱਕਾਂ 'ਤੇ ਛਾਪੇ ਮਾਰਨ ਲਈ ਮੜ੍ਹੇ ਜਾ ਰਹੇ ਨਵੇਂ ਕਾਨੂੰਨ ਵਾਪਸ ਲੈਣ, ਫ਼ਲਸਤੀਨੀ ਲੋਕਾਂ ਦਾ ਨਸਲਘਾਤ ਕਰਨਾ ਬੰਦ ਕਰਨ, ਬੁੱਧੀਜੀਵੀਆਂ ਨੂੰ ਰਿਹਾ ਕਰਨ ਦੇ ਮਤੇ ਵੀ ਹੱਥ ਖੜ੍ਹੇ ਕਰਕੇ ਪਾਸ ਕੀਤੇ ਗਏ। ਵਿਚਾਰ-ਚਰਚਾ 'ਤੇ ਸਮੇਟਵੀਂ ਟਿੱਪਣੀ ਕਰਦੇ ਹੋਏ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਸਭਨਾਂ ਵਿਚਾਰਾਂ, ਸੁਝਾਵਾਂ ਦੀ ਰੌਸ਼ਨੀ 'ਚ ਠੋਸ ਯਤਨ ਕੀਤੇ ਜਾਣਗੇ ਤਾਂ ਜੋ ਦੇਸ਼ ਭਗਤ ਯਾਦਗਾਰ ਹਾਲ ਅਤੇ ਸਥਾਨਕ ਸਰਗਰਮੀਆਂ ਦੇ ਉਤਸ਼ਾਹਜਨ ਨਤੀਜੇ ਸਾਹਮਣੇ ਆ ਸਕਣ।

# ਅਲਗੋਮਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਲਾਇਆ ਪੱਕਾ ਮੋਰਚਾ






**ਟੋਰਾਂਟੋ (ਕੈਨੇਡਾ), (ਦਲਜੀਤ ਕੌਰ)** ਅੱਜ 'ਮੌਂਟਰੀਅਲ ਯੂਥ ਸਟੂਡੈਂਟ ਆਰਗੇਨਾਈਜੇਸ਼ਨ' ਅਤੇ 'ਨੌਜਵਾਨ ਸਪੋਰਟ ਨੈੱਟਵਰਕ' ਨੇ ਪ੍ਰੈੱਸ ਦੇ ਨਾਮ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਬਰੈਪਟਨ ਸਥਿਤ ਅਲਗੋਮਾ ਯੂਨੀਵਰਸਿਟੀ ਵਿੱਚ 'ਆਈ। ਟੀ। ਦੇ ਗਰੈਜੂਏਸ਼ਨ ਕੋਰਸ' ਦੇ ਇੱਕ ਸੌ ਤੀਹ ਦੇ ਕਰੀਬ ਵਿਦਿਆਰਥੀਆਂ ਨੂੰ ਸਾਜਿਸ਼ੀ ਢੰਗ ਨਾਲ ਫੇਲ੍ਹ ਕਰਨ ਤੋਂ ਬਾਅਦ ਵਿਦਿਆਰਥੀਆਂ ਨੇ ਯੂਨੀਵਰਸਿਟੀ ਕੈਂਪਸ ਸਾਹਮਣੇ ਪੱਕਾ ਮੋਰਚਾ ਲਾਉਣ ਦਾ ਐਲਾਨ ਕਰ ਦਿੱਤਾ ਹੈ। 'ਆਈ। ਟੀ। ਦੇ ਗਰੈਜੂਏਸ਼ਨ ਕੋਰਸ' ਵਿੱਚ ਕੁੱਲ ਦਸ ਵਿਸ਼ੇ ਹਨ ਤੇ ਦੱਸ ਵਿੱਚੋਂ ਨੌਂ ਵਿਸ਼ਿਆਂ ਵਿੱਚੋਂ ਵਿਦਿਆਰਥੀ ਚੰਗੇ ਨੰਬਰ ਲੈ ਕੇ ਪਾਸ ਹੋਏ ਹਨ ਅਤੇ 'ਤਕਨੀਕਸ ਆਫ ਸਿਸਟਮ ਐਨਾਲਿਸਟ' ਦੇ ਪ੍ਰੈਕਟੀਕਲ ਵਿੱਚੋਂ ਵੀ ਚੰਗੇ ਅੰਕ ਹਾਸਲ ਕੀਤੇ ਹਨ ਪਰੰਤੂ ਇਸ ਵਿਸ਼ੇ ਦੇ ਥਿਊਰੀ ਵਾਲੇ ਪੇਪਰ ਵਿੱਚੋਂ ਸਾਜਿਸ਼ੀ ਢੰਗ ਨਾਲ ਜਾਣ ਬੁੱਝਕੇ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਨੂੰ ਫੇਲ੍ਹ ਕਰ ਦਿੱਤਾ ਗਿਆ। ਸਲਾਨਾ ਗਰੇਡਿੰਗ ਸਿਸਟਮ ਵਿੱਚ ਧੋਖੇਬਾਜ਼ੀ ਕਰਕੇ ਵਿਦਿਆਰਥੀ ਨੂੰ ਇੱਕ ਵਿਸ਼ੇ ਵਿੱਚੋਂ ਫੇਲ੍ਹ ਕੀਤਾ ਗਿਆ। ਇਸੇ ਤਰ੍ਹਾਂ ਸੇਂਟ ਕਲੇਰ ਵਿੱਚ ਵੀ ਸੈਂਕੜੇ ਵਿਦਿਆਰਥੀਆਂ ਨੂੰ ਫੇਲ੍ਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜੀਆਈਸੀ ਵਧਾਉਣ ਤੇ ਇਮੀਗ੍ਰੇਸ਼ਨ ਨੀਤੀਆਂ ਵਿੱਚ ਕੀਤੀਆਂ ਗਈਆਂ ਤਬਦੀਲੀਆਂ ਕਾਰਨ ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ 40% ਤੱਕ ਗਿਰਾਵਟ ਆਈ ਹੈ। ਇਸ ਲਈ ਕੁਝ ਕੈਨੇਡੀਅਨ ਕਾਲਜ ਤੇ ਯੂਨੀਵਰਸਿਟੀਆਂ ਵਿਦਿਆਰਥੀਆਂ ਨੂੰ ਫੇਲ੍ਹ ਕਰਕੇ ਮੁਨਾਫ਼ੇ ਬਟੋਰਨ ਦੇ ਰਾਹ ਪਈਆਂ ਹੋਈਆਂ ਹਨ। ਵਿਦਿਆਰਥੀ ਆਗੂ ਖੁਸ਼ਪਾਲ ਗਰੇਵਾਲ, ਮਨਪ੍ਰੀਤ ਕੌਰ, ਬਿਕਰਮ ਕੁੱਲੇਵਾਲ ਅਤੇ ਮਨਦੀਪ ਨੇ ਕਿਹਾ ਕਿ ਪਹਿਲਾਂ ਵੀ ਅਲਗੋਮਾ ਯੂਨੀਵਰਸਿਟੀ ਹਰ ਸਾਲ ਸੈਂਕੜੇ ਵਿਦਿਆਰਥੀਆਂ ਨੂੰ ਫੇਲ੍ਹ ਕਰਕੇ ਮੋਟੀਆਂ ਫੀਸਾਂ ਬਟੋਰਨ ਦਾ ਗੋਰਖਧੰਦਾ ਕਰਦੀ ਆ ਰਹੀ ਹੈ। ਵਿਦਿਆਰਥੀਆਂ ਨੇ ਪੇਪਰ ਦੁਬਾਰਾ ਚੈੱਕ ਕਰਨ ਦੀ ਅਪੀਲ ਕੀਤੀ ਅਤੇ ਸੰਬੰਧਿਤ ਪ੍ਰੋਫੈਸਰ ਤੇ ਯੂਨੀਵਰਸਿਟੀ ਪ੍ਰਬੰਧਕਾਂ ਨਾਲ ਵਾਰ-ਵਾਰ ਤਾਲਮੇਲ ਕਰਨ ਦੇ ਯਤਨ ਕੀਤੇ ਪਰ ਪ੍ਰੋਫੈਸਰ ਤੇ ਯੂਨੀਵਰਸਿਟੀ ਪ੍ਰਬੰਧਕਾਂ ਦਾ ਵਤੀਰਾ ਟਾਲ-ਮਟੋਲ ਵਾਲਾ ਚੱਲਦਾ ਆ ਰਿਹਾ ਹੈ। ਕਈ ਵਿਦਿਆਰਥੀਆਂ ਨੂੰ ਲਗਾਤਾਰ ਦੋ ਅਤੇ ਤਿੰਨ ਵਾਰ ਫੇਲ੍ਹ ਕੀਤਾ ਗਿਆ। ਵਿਦਿਆਰਥੀਆਂ ਤੋਂ ਪ੍ਰਤੀ ਵਿਸ਼ੇ ਦੇ ਹਿਸਾਬ ਨਾਲ $3000 ਤੋਂ $3500 ਡਾਲਰ ਤੱਕ ਵਸੂਲੇ ਜਾਂਦੇ ਹਨ। ਇਸ ਤੋਂ ਇਲਾਵਾ ਯੂਨੀਵਰਸਿਟੀ ਵਿੱਚ ਆਨਲਾਈਨ ਤੇ ਆਫਲਾਈਨ ਕਲਾਸਾਂ ਵਿੱਚ ਪੜ੍ਹਾਈ ਦਾ ਮਿਆਰ ਬੇਹੱਦ ਮਾੜਾ ਹੈ। ਫੇਲ੍ਹ ਕੀਤੇ ਗਏ ਵਿਸ਼ੇ ਵਿੱਚ 400 ਵਿਦਿਆਰਥੀਆਂ ਨੂੰ ਮਹਿਜ ਇੱਕ ਪ੍ਰੋਫੈਸਰ ਪੜ੍ਹਾ ਰਿਹਾ ਹੈ ਜੋ ਕਿ ਖੁਦ ਦੋ ਨੌਕਰੀਆਂ ਕਰਦਾ ਹੈ। ਵਿਦਿਆਰਥੀਆਂ ਨੂੰ ਕਲਾਸ ਵਿੱਚ ਯੂਟਿਊਬ ਰਿਕਾਰਡਿਡ ਵੀਡਿਓ ਦਿਖਾਕੇ ਡੰਗ ਸਾਰਿਆ ਜਾਂਦਾ ਹੈ। ਕਲਾਸ ਵਿੱਚ ਟੀਚਰਾਂ ਦੀ ਹਿੱਸੇਦਾਰੀ ਨਾਮਾਤਰ ਹੈ। ਬਾਥਰੂਮ ਪਾਸ ਦੇ ਬੇਲੋੜੇ ਚਾਲੀ ਡਾਲਰ ਵਸੂਲੇ ਜਾਂਦੇ ਹਨ। ਤੇ ਪ੍ਰੋਫੈਸਰ (ਜਿਸਨੇ ਵਿਦਿਆਰਥੀਆਂ ਨੂੰ ਫੇਲ੍ਹ ਕੀਤਾ) ਦਾ ਵਿਦਿਆਰਥੀਆਂ ਪ੍ਰਤੀ ਵਤੀਰਾ ਬੇਹੱਦ ਹੰਕਾਰ ਤੇ ਜ਼ਲੀਲ ਕਰਨ ਵਾਲਾ ਹੈ। ਵਿਦਿਆਰਥੀ ਬੇਹੱਦ ਪ੍ਰੇਸ਼ਾਨ ਹਨ ਤੇ ਸਰਦ ਰੁੱਤ 'ਚ ਇਨਸਾਫ ਲਈ ਸੰਘਰਸ਼ ਕਰਨ ਲਈ ਮਜਬੂਰ ਹਨ। ਯੂਨੀਵਰਸਿਟੀ ਵਿਦਿਆਰਥੀਆਂ ਨੇ ਸੱਤ ਮੈਂਬਰੀ ਕਮੇਟੀ ਬਣਾਕੇ ਸੰਘਰਸ਼ ਦਾ ਬਿਗੁਲ ਵਜਾ ਦਿੱਤਾ ਹੈ।

ਇਸ ਸਮੇਂ ਯੂਨੀਵਰਸਿਟੀ ਦੇ ਕਮੇਟੀ ਮੈਂਬਰ ਬੱਲੀ ਸਿੰਘ, ਪ੍ਰਵੀਨ ਗਿੱਲ ਤੇ ਰਾਜਪਾਲ ਕੌਰ ਨੇ ਮੰਗ ਕੀਤੀ ਕਿ ਫੇਲ੍ਹ ਵਿਸ਼ੇ ਦਾ ਸਲਾਨਾ ਗਰੇਡਿੰਗ ਮਾਪਦੰਡ ਤਬਦੀਲ ਕੀਤਾ ਜਾਵੇ, ਨਵੇਂ ਗਰੇਡਿੰਗ ਮਾਪਦੰਡ ਅਨੁਸਾਰ ਪੇਪਰ ਦੁਬਾਰਾ ਚੈੱਕ ਕੀਤੇ ਜਾਣ, ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲੇ ਪ੍ਰੋਫੈਸਰ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਜਾਵੇ, ਵਿਦਿਆਰਥੀਆਂ ਉੱਤੇ ਦੁਬਾਰਾ ਪੇਪਰ ਦੇਣ ਦੀ ਵਾਧੂ ਫੀਸ ਦਾ ਬੋਝ ਖਤਮ ਕੀਤਾ ਜਾਵੇ ਅਤੇ ਪੇਪਰ ਚੈੱਕ ਕਰਨ ਦੀ ਵਿਧੀ ਨੂੰ ਪਾਰਦਰਸ਼ੀ ਕੀਤਾ ਜਾਵੇ। ਇਸ ਸਮੇਂ ਮਾਇਸੋ ਅਤੇ ਐਨਐਸਐਨ ਵੱਲੋਂ ਕੈਨੇਡਾ ਵਿੱਚ ਵਸਦੇ ਅੰਤਰਰਾਸ਼ਟਰੀ ਵਿਦਿਆਰਥੀਆਂ, ਸਮੂਹ ਇਨਸਾਫਪਸੰਦ ਲੋਕਾਂ ਅਤੇ ਸਮਾਜਿਕ ਜੱਥੇਬੰਦੀਆਂ ਨੂੰ ਅਲਗੋਮਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਪੱਕੇ ਮੋਰਚੇ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ।

# ਕੰਗਰੌੜ ਵਿਖੇ ਮਾਤਾ ਸਵਿੱਤਰੀ ਬਾਈ ਫੂਲੇ ਜੀ ਦਾ ਜਨਮ ਦਿਨ ਮਨਇਆ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਮਾਤਾ ਸਵਿਤਰੀ ਬਾਈ ਫੂਲੈ ਇੰਟਰਨੈਸ਼ਨਲ ਬੈਲਫੇਅਰ ਸੰਸਥਾ ਵੱਲੋਂ ਕੰਗਰੋੜ ਵਿੱਖੇ ਭਾਰਤ ਦੀ ਪਹਿਲੀ ਅਧਿਆਪਕ ਅਤੇ ਸਮਾਜ ਸੇਵਕ ਮਾਤਾ ਸਵਿਤਰੀ ਬਾਈ ਫੂਲੇ ਜੀ ਦਾ ਜਨਮ ਦਿਨ ਮਨਾਇਆ ਗਿਆ ਜਿਸ ਵਿੱਚ ਮੈਂਬਰਾ ਨੇ ਆਪਣੇ ਵਿਚਾਰ ਸਾਂਝੇ ਕੀਤੇ ਤੇ ਕਿਹਾ ਆਪ ਜੀ ਨੇ ਭਾਰਤ ਵਿੱਚ ਕਹੀ ਸਕੂਲ ਖੋਲ੍ਹੇ ਔਰਤਾਂ ਅਤੇ ਅਸ਼ੂਤ ਬਚਿਆ ਲਈ ਪਹਿਲਾ ਸਕੂਲ 1848 ਈ। ਵਿੱਚ ਪੂਨੇ ਮਹਾਰਾਸ਼ਟਰ ਵਿਚ ਖੋਲ੍ਹਿਆ , ਧਾਰਮਿਕ ਅਧ ਵਿਸ਼ਵਾਸ ਤੇ ਰੂੜੀਵਾਦ ਰੀਤੀ ਰਿਵਾਜ ਦਾ ਵਿਰੋਧ ਕੀਤਾ । ਅੱਜ ਭਾਰਤ ਦੀ ਔਰਤ ਹਰ ਖ਼ੇਤਰ ਵਿਚ ਅਹੁਦੇ ਤੇ ਬੈਠੀ ਹੈ ਹਰ ਔਰਤ ਸੁੱਖੀ ਜੀਵਨ ਜੀ ਰਹੀ ਹੈ ਉਸ ਪਿੱਛੇ ਮਾਤਾ ਜੀ ਦੇ ਸ਼ਖਤ ਮਿਹਨਤ, ਅਪਮਾਨ ਭਰਿਆ ਜੀਵਨ ਦੀ ਕੁਰਬਾਨੀ ਹੈ। ਇਸ ਮੌਕੇ ਲਡੂਆ ਦਾ ਪ੍ਰਸਾਦ ਵਡਿਆ ਗਿਆ ਇਸ ਮੌਕੇ ਬੀਬੀ ਗੇਆਨ ਕੌਰ , ਪੁਸ਼ਪਾ ਦੇਵੀ, ਮਨਦੀਪ ਰਾਣੀ ਸਤਿਆ, ਰਣਜੀਤ ਕੌਰ , ਸੀਮਾ ਰਾਣੀ, ਸੁਰਿੰਦਰ ਕੌਰ ਨਿਰਮਲ ਕੌਰ, ਸਿਮਰਜੀਤ ਕੌਰ, ਵਿਜੈ ਕੁਮਾਰੀ, ਨਰੇਸ਼ ਰਾਣੀ, ਜੋਗਿੰਦਰ ਕੌਰ ਅਤੇ ਹੋਰ ਮੈਬਰ ਅਤੇ ਬੱਚੇ ਹਾਜ਼ਰ ਹੋਏ।

ਸਤਿਗੁਰੂ ਰਵਿਦਾਸ ਵੈਲਫੇਅਰ ਸੰਸਥਾ ਅਤੇ ਮਾਤਾ ਸਵਿੱਤਰੀ ਬਾਈ ਫੂਲੇ ਇੰਟਨੈਸ਼ਨਲ ਗਰੁੱਪ ਦੀ ਪ੍ਰਧਾਨ ਮੈਡਮ ਪਰਮਿੰਦਰ ਕੌਰ ਕੰਗਰੋੜ ਦੀ ਅਗਵਾਈ ਵਿੱਚ ਕੀਤਾ ਗਿਆ ਪ੍ਰੋਗਰਾਮ ਬੇਹੱਦ ਸਫਲ ਰਿਹਾ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ (ਰਜਿ:295) ਬਲਾਕ ਬਹਿਰਾਮ ਦੀ ਮਹੀਨਾਵਾਰ ਮੀਟਿੰਗ ਹੋਈ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ (ਰਜਿ: 295) ਬਲਾਕ ਬਹਿਰਾਮ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਜਤਿੰਦਰ ਸਹਿਗਲ ਦੀ ਪ੍ਰਧਾਨਗੀ ਹੇਠ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਦੇਸ਼ ਦੀ ਪਹਿਲੀ ਮਹਿਲਾ ਅਧਿਆਪਕ ਤੇ ਔਰਤਾਂ ਲਈ ਸਿੱਖਿਆ ਦੇ ਰਾਹ ਖੋਲ੍ਹਣ ਵਾਲੀ ਸਵਿੱਤਰੀਬਾਈ ਫੂਲੇ ਦੇ ਜਨਮ ਦਿਨ ਨੂੰ ਸਮਰਪਿਤ ਕੀਤੀ ਗਈ। ਮੀਟਿੰਗ ਵਿੱਚ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਜਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਅਤੇ ਬਲਾਕ ਪ੍ਰਧਾਨ ਡਾਕਟਰ ਜਤਿੰਦਰ ਸਹਿਗਲ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆ ਕਿਹਾ ਕਿ ਸਾਨੂੰ ਮਹਾਂਪੁਰਸ਼ਾਂ ਦੇ ਦਰਸਾਏ ਮਾਰਗ ਤੇ ਚੱਲਦਿਆ ਲੋਕਾਂ ਦੀ ਭਲਾਈ ਵਾਸਤੇ ਕੰਮ ਕਰਨੇ ਚਾਹੀਦੇ ਹਨ। ਦਸਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਿੰਘ ਨੇ ਆਪਣੀ ਕੋਮ ਦੀ ਖਾਤਿਰ ਆਪਣਾ ਪੂਰਾ ਪਰਿਵਾਰ ਹੀ ਕੁਰਬਾਨ ਕਰ ਦਿੱਤਾ। ਉਨ੍ਹਾ ਦੀ ਇਸ ਕੁਰਬਾਨੀ ਲਈ ਉਨ੍ਹਾ ਨੂੰ ਕੋਟਿ ਕੋਟਿ ਪ੍ਰਣਾਮ ਕਰਦੇ ਹਾਂ।ਮੀਟਿੰਗ ਦੌਰਾਨ ਸੰਬੋਧਨ ਕਰਦਿਆ ਉਨ੍ਹਾ ਪੰਜਾਬ ਸਰਕਾਰ ਤੋਂ ਮੰਗ ਕਰਦਿਆ ਇਹ ਵੀ ਕਿਹਾ ਮੈਡੀਕਲ ਪ੍ਰੈਕਟੀਸ਼ਨਰ ਦਾ ਮਸਲਾ ਜੋ ਕਾਫੀ ਲੰਮੇ ਸਮੇਂ ਤੋਂ ਲਟਕਿਆ ਹੋਇਆ ਏ ਉਸ ਨੂੰ ਜਲਦ ਤੋਂ ਜਲਦ ਹੱਲ ਕੀਤਾ ਜਾਵੇ ਤਾਂ ਜੋ ਮੈਡੀਕਲ ਪ੍ਰੈਕਟੀਸ਼ਨਰ ਆਪਣੇ ਕਿੱਤੇ ਨੂੰ ਬਰਕਰਾਰ ਰੱਖ ਕੇ ਆਮ ਲੋਕਾਂ ਨੂੰ ਮੁਢਲੀਆਂ ਅਤੇ ਸਸਤੀਆਂ ਸਿਹਤ ਸਹੂਲਤਾਂ ਦੇਣ ਦੇ ਨਾਲ-ਨਾਲ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਸਕਣ।



ਇਸ ਸਮੇਂ ਡਾਕਟਰ ਰਜਿੰਦਰ ਸੌਧੀ, ਡਾਕਟਰ ਜਗਦੀਸ਼ ਬੰਗੜ, ਡਾਕਟਰ ਸਤਨਾਮ ਜੋਹਲ, ਡਾਕਟਰ ਅਸ਼ੋਕ ਕੁਮਾਰ, ਡਾਕਟਰ ਹੁਸਨ ਲਾਲ, ਡਾਕਟਰ ਸੋਮ ਲਾਲ, ਡਾਕਟਰ ਊਸ਼ਾ ਦੇਵੀ, ਡਾਕਟਰ ਸਨੀਂ, ਡਾਕਟਰ ਡਾਕਟਰ ਰਵੀ, ਡਾਕਟਰ ਚਰਨਜੀਤ, ਡਾਕਟਰ ਪਰਮਜੀਤ ਅਤੇ ਡਾਕਟਰ ਦਵਿੰਦਰ ਕੁਮਾਰ ਆਦਿ ਹਾਜ਼ਰ ਸਨ।

ਕਾਵਿ ਵਿਅੰਗ

## ਅੱਖਾਂ 'ਚ ਰੜਕੇ ਪੰਜਾਬ !

'ਖੜਗ ਭੁਜਾ' ਕਹਿ ਇਹਨੂੰ ਵਡਿਆਈ ਜਾਂਦੇ
ਨਾਲ਼ੇ ਛਾਂਗਦੇ ਵਾਂਗ ਹਤਿਆਰਿਆਂ ਦੇ।

ਬੇਇਨਸਾਫੀ ਦੀ ਝੱਲਦਾ ਮਾਰ ਆਇਆ
ਕਿੱਸੇ ਬਹੁਤ ਹਨ 'ਕੇਂਦਰੀ ਕਾਰਿਆਂ' ਦੇ।

ਲਾਉਂਦੇ ਆ ਰਹੇ ਟਿੱਲ ਹਨ ਕੱਢਣੇ ਨੂੰ
ਪਏ ਰਗਾਂ ਵਿੱਚ ਅਸਰ 'ਜੈਕਾਰਿਆਂ' ਦੇ।

ਅਣਖੀ ਹੋਣ ਦਾ ਤਾਰਦਾ ਮੁੱਲ ਆਇਆ
ਝੁਕਦਾ ਨਹੀਂ ਜੋ ਮੋਹਰੇ ਹੰਕਾਰਿਆਂ ਦੇ।

ਗੱਲੀਂ ਬਾਤੀਂ ਪੰਜਾਬ ਦੀ ਕਰਨ ਸੋਭਾ
ਪੱਲੇ ਪਾਉਣ 'ਭਰੋਸੇ' ਹੀ ਲਾਰਿਆਂ ਦੇ।

ਬਹਿ ਜਏ ਕੋਈ ਵੀ ਦਿੱਲੀ ਦੇ ਤਖਤ ਉੱਤੇ
ਰਹਿੰਦਾ ਰੜਕਦਾ ਅੱਖਾਂ ਵਿੱਚ ਸਾਰਿਆਂ ਦੇ !

**-ਤਰਲੋਚਨ ਸਿੰਘ 'ਦੁਪਾਲ ਪੁਰ'**
91-79146-92724



# ਪਿੰਡ ਛਤਵਾਲ ਵਿਖੇ ਪਹਿਲ ਪ੍ਰੋਜੈਕਟ ਅਧੀਨ ਖੋਲਿਆ ਸਿਲਾਈ ਸੈਂਟਰ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਰੋਸਨ ਮਨਾਰ ਕਲੱਸਟਰ ਲੇਬਰ ਫੈਡਰੇਸਨ ਅਧੀਨ ਕੰਮ ਕਰ ਰਹੇ ਸੈਲਫ ਹੈਲਪ ਗਰੁਪਾਂ ਦਾ ਆਰਥਿਕ ਪੱਧਰ ਉਪਰ ਚੁੱਕਣ ਲਈ ਪਹਿਲ ਪ੍ਰੋਜੈਕਟ ਅਧੀਨ ਸਕੂਲਾਂ ਦੀ ਵਰਦੀਆਂ ਦੀ ਸਿਲਾਈ ਦਾ ਕਾਰਜ ਕਰਨ ਲਈ ) ਅੱਜ ਪਿੰਡ ਛਤਵਾਲ ਵਿਖੇ ਸਿਲਾਈ ਸੈਂਟਰ



ਖੋਲਿਆ ਗਿਆ। ਇਸ ਮੋਕੇ ਤੇ ਡਿਪਟੀ ਕਮਿਸ਼ਨਰ ਪਠਾਨਕੋਟ ਸ:ਹਰਬੀਰ ਸਿੰਘ ਮੁੱਖ ਮਹਿਮਾਨ ਵਜੋਂ ਹਾਜਰ ਹੋਏ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਪਰਮਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਵਿਕਾਸ), ਪਵਨ ਪ੍ਰੀਤ ਕੌਰ ਬਲਾਕ ਵਿਕਾਸ ਅਫਸਰ ਧਾਰਕਲ੍ਹਾਂ, ਰਾਜੇਸ ਕੁਮਾਰ ਬਲਾਕ ਪ੍ਰੋਗਰਾਮ ਮੈਨੇਜਰ, ਮਨਜੀਤ ਸਿੰਘ ਬਲਾਕ ਪ੍ਰੋਗਰਾਮ ਮੈਨੇਜਰ, ਰਜਿੰਦਰ ਕੁਮਾਰ ਬਲਾਕ ਪ੍ਰੋਗਰਾਮ ਮੈਨੇਜਰ, ਸੁਰਿੰਦਰ ਵਰਮਾ ਐਮ.ਆਈ.ਐਸ., ਰਾਜੇਸ ਕੁਮਾਰ ਜਿਲ੍ਹਾ ਅਕਾਉਂਟੈਂਟ, ਸਾਕਸੀ ਜੰਮਵਾਲ ਪ੍ਰਧਾਨ ਰੋਸਨ ਮਨਾਰ ਕਲੱਸਟਰ ਲੇਬਰ ਫੈਡਰੇਸਨ, ਬੰਟੀ ਕੁਮਾਰ ਪ੍ਰਧਾਨ ਪ੍ਰਗਤੀ ਕਲੱਸਟਰ ਲੇਵਲ ਫੈਡਰੇਸਨ, ਸੁਨੀਤਾ ਸਕੱਤਰ ਅਤੇ ਵੱਖ ਵੱਖ ਸੈਲਫ ਹੈਲਪ ਗਰੁਪ ਦੇ ਮੈਂਬਰ ਵੀ ਮੋਕੇ ਤੇ ਹਾਜਰ ਸਨ। ਇਸ ਮੋਕੇ ਤੇ ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਵੱਲੋਂ ਰੀਬਿਨ ਕੱਟ ਕੇ ਸਿਲਾਈ ਸੈਂਟਰ ਦਾ ਉਦਘਾਟਣ ਕੀਤਾ ਗਿਆ ਅਤੇ ਉਨ੍ਹਾਂ ਵੱਲੋਂ ਚਲਾਏ ਜਾ ਰਹੇ ਪ੍ਰੋਜੈਕਟ ਦਾ ਜਾਇਜਾ ਲਿਆ ਗਿਆ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਕਿਹਾ ਕਿ ਪੰਜਾਬ ਰਾਜ ਦਿਹਾਤੀ ਅਜੀਵਿਕਾ ਮਿਸਨ ਅਧੀਨ ਗ੍ਰਾਮੀਣ ਮਹਿਲਾਵਾਂ ਦਾ ਸਮਾਜਿੱਕ ਅਤੇ ਆਰਥਿਕ ਪੱਧਰ ਉਪਰ ਚੁੱਕਣ ਦੇ ਲਈ ਅਜਿਹੇ ਪ੍ਰੋਜੈਕਟ ਚਲਾਏ ਜਾਂਦੇ ਹਨ। ਜਿਸ ਅਧੀਨ ਅੱਜ ਜੋ ਪ੍ਰੋਜੈਕਟ ਸੁਰੂ ਕੀਤਾ ਗਿਆ ਹੈ ਇਹ ਹੋਰ ਸੈਲਫ ਹੈਲਪ ਗਰੁਪਾਂ ਦੇ ਲਈ ਪ੍ਰੇਰਣਾਂ ਬਣੇਗਾ। ਉਨ੍ਹਾਂ ਕਿਹਾ ਕਿ ਭਵਿੱਖ ਦੇ ਅੰਦਰ ਅਜਿਹੇ ਹੋਰ ਵੀ ਪ੍ਰੋਜੈਕਟ ਚਲਾਏ ਜਾਣਗੇ।

# ਬਸਪਾ ਨੂੰ ਮਜ਼ਬੂਤ ਕਰਨ ਲਈ ਚਮਕੌਰ ਸਾਹਿਬ ਵਾਲਿਆਂ ਨੇ ਥੈਲੀ ਭੇਂਟ ਕੀਤੀ - ਜਸਵੀਰ ਸਿੰਘ ਗੜ੍ਹੀ



**ਰੋਪੜ (ਸਤਨਾਮ ਸਿੰਘ ਸਹੂੰਗੜਾ)–** ਅੱਜ ਡਾਕਟਰ ਜਸਬੀਰ ਸਿੰਘ ਗੜੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ ਵਿਸ਼ੇਸ਼ ਤੌਰ ਤੇ ਹਲਕਾ ਸ੍ਰੀ ਚਮਕੌਰ ਸਾਹਿਬ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਪਹੁੰਚੇ ਅਤੇ ਬਹੁਜਨ ਸਮਾਜ ਪਾਰਟੀ ਦੇ ਵਰਕਰਾਂ ਦੇ ਭਰਵੇਂ ਇਕੱਠ ਵਿੱਚ ਪਾਰਟੀ ਨੂੰ ਮਜਬੂਤ ਕਰਨ ਦੇ ਲਈ ਪਾਰਟੀ ਵਰਕਰਾਂ ਵੱਲੋਂ ਇਕ ਲੱਖ ਦੀ ਥੈਲੀ ਭੇਟ ਕੀਤੀ ਗਈ। ਬਹੁਜਨ ਸਮਾਜ ਪਾਰਟੀ ਪੰਜਾਬ ਚੰਡੀਗੜ੍ਹ ਦੇ ਇੰਚਾਰਜ ਅਜੀਤ ਸਿੰਘ ਭੈਣੀ, ਰਾਜਾ ਰਜਿੰਦਰ ਸਿੰਘ ਨਨਹੇੜੀਆਂ ਜਨਰਲ ਸੈਕਟਰੀ ਬਹੁਜਨ ਸਮਾਜ ਪਾਰਟੀ ਪੰਜਾਬ, ਨਰਿੰਦਰ ਸਿੰਘ ਬਡਵਾਲੀ ਜਨਰਲ ਸੈਕਟਰੀ ਜਿਲ੍ਹਾ ਰੋਪੜ ਆਗੂ ਹਾਜ਼ਰ ਸਨ।

## ਬਾਬਾ ਰਾਮ ਚੰਦ ਯਾਦਗਾਰੀ ਟਰੱਸਟ ਯੂਰਪ ਵਲੋਂ ਗਾਇਕ ਦਲਵਿੰਦਰ ਦਿਆਲਪੁਰੀ ਦੇ ਪਿਤਾ ਸੂਬੇਦਾਰ ਕਰਨੈਲ ਸਿੰਘ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ

**ਰੋਮ (ਇਟਲੀ), (ਟੇਕ ਚੰਦ ਜਗਤਪੁਰ)–** ਮੇਲਿਆਂ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਵਿਸ਼ਵ ਪ੍ਰਸਿੱਧ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਦੇ ਪਿਤਾ ਸੂਬੇਦਾਰ ਕਰਨੈਲ ਸਿੰਘ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆ ਸਮਾਜ ਦੇ ਹਰ ਪਹਿਲੂ ਤੋਂ ਸੇਵਾ ਹਿੱਤ ਸਮਰਪਿਤ ਬਾਬਾ ਰਾਮ ਚੰਦ ਯਾਦਗਾਰੀ ਟਰੱਸਟ ਯੂਰਪ ਦੇ ਅਹੁਦੇਦਾਰਾਂ ਨੇ ਕਿਹਾ ਕਿ ਜਿਥੇ ਸੂਬੇਦਾਰ ਸਹਿਬ ਦੇ ਇਸ ਸੰਸਾਰ ਚੋਂ ਚਲੇ ਜਾਣ ਕਾਰਨ ਦਿਆਲਪੁਰੀ ਪਰਿਵਾਰ



ਨੂੰ ਬਹੁਤ ਵੱਡਾ ਘਾਟਾ ਪਿਆ ਹੈ, ਉਥੇ ਦੇਸ਼ ਦੇ ਨਾਲ -ਨਾਲ ਸਮਾਜ ਨੂੰ ਵੀ ਉਨ੍ਹਾਂ ਦੀ ਘਾਟ ਹਮੇਸ਼ਾਂ ਰੜਕਦੀ ਰਹੇਗੀ।

ਉਨ੍ਹਾਂ ਅਰਦਾਸ ਕੀਤੀ ਕਿ ਵਾਹਿਗੁਰੂ ਦਿਆਲਪੁਰੀ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ ਅਤੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਚ ਨਿਵਾਸ ਦੇਣ। ਇਸ ਮੌਕੇ ਤੇ ਸਰਬਜੀਤ ਸਿੰਘ ਜਗਤਪੁਰ, ਪਵਿੱਤਰ ਸਿੰਘ ਖਿਆੜਾ ਫਰਾਸ਼, ਗੋਲਡੀ ਬਾਵਾ ਪੁਰਤਗਾਲ, ਜਸਵੀਰ ਸਿੰਘ ਲੋਧੀਪੁਰ ਬੈਲਜੀਅਮ, ਹਰਿੰਦਰ ਸਿੰਘ ਗਿੱਲ ਯੂ ਕੇ, ਰਾਜ ਕੁਮਾਰ ਜਰਮਨ, ਬਾਲੀ ਸਿੰਘ ਕਨੇਡਾ, ਹਰਦੀਪ ਸਿੰਘ ਕੰਗ, ਹੈਪੀ ਗਿੱਲ,ਕੁਲਵਿੰਦਰ ਸਿੰਘ ਅਟਵਾਲ ਸਰਪ੍ਰਸਤ ਸ਼ਹੀਦ ਭਗਤ ਸਿੰਘ ਸਭਾ ਰੋਮ, ਗੁਰਿੰਦਰ ਸਿੰਘ ਚੈੜੀਆਂ,ਭੁੱਟੋ ਕੁਮਾਰ ਰੱਲ, ਗਾਇਕ ਪ੍ਰੀਤ ਮਾਨ, ਜੱਸੀ ਧਨੌਲਾ, ਪਾਲੀ ਸੰਧੂ, ਗਾਇਕ ਹੈਪੀ ਲੈਰਾ, ਜਗਦੀਸ਼ ਕੁਮਾਰ ਜਗਤਪੁਰ, ਗਾਇਕ ਪੰਮਾ ਲਧਾਣਾ, ਕੁਲਵਿੰਦਰ ਸੁੰਨੜ, ਬੱਬੂ ਜਲੰਧਰੀਆਂ, ਸਤਨਾਮ ਸਿੰਘ, ਅਮਰੀਕ ਸਿੰਘ, ਨਵਦੀਪ ਸਿੰਘ ਜਗਤਪੁਰ, ਰਾਜਵੀਰ ਸਿੰਘ, ਰਵਿੰਦਰ ਲਾਡੀ ਮਾਨ, ਰਾਕੇਸ਼ ਕੁਮਾਰ ਬਖਲੌਰ, ਰਾਮਪਾਲ ਪੱਲੀ ਝਿੱਕੀ ਨੇ ਵੀ ਗਹਿਰੇ ਦੁੱਖ ਦਾ ਇਜਹਾਰ ਕੀਤਾ।

# ਲੋਕ ਗਾਇਕ ਦਲਵਿੰਦਰ ਦਿਆਲਪੁਰੀ ਨਾਲ ਕਨੇਡਾ ਤੋਂ ਵੱਖ ਵੱਖ ਗਾਇਕਾਂ ਕੀਤਾ ਅਫਸੋਸ ਪ੍ਰਗਟ

**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)–** ਵਿਸ਼ਵ ਪ੍ਰਸਿੱਧ ਲੋਕ ਗਾਇਕ ਮੇਲਿਆਂ ਦੇ ਬਾਦਸ਼ਾਹ ਦਲਵਿੰਦਰ ਦਿਆਲਪੁਰੀ ਦੇ ਸਤਿਕਾਰਯੋਗ ਪਿਤਾ ਸੂਬੇਦਾਰ ਕਰਨੈਲ ਸਿੰਘ ਜੀ ਦੇ ਸਦੀਵੀ ਵਿਛੋੜੇ ਤੇ ਕਨੇਡਾ ਤੋਂ ਵੱਖ ਵੱਖ ਸੰਗੀਤ ਖੇਤਰ ਨਾਲ ਸਬੰਧਤ ਸ਼ਖਸ਼ੀਅਤਾਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ । ਇਸ ਮੌਕੇ ਲੋਕ ਗਾਇਕ ਦਲਵਿੰਦਰ ਦਿਆਲਪੁਰੀ ਨਾਲ ਸਾਰੇ ਪੰਜਾਬੀ ਗਾਇਕ ਕਲਾਕਾਰਾਂ ਨੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਿਆਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ਦੀ ਪਰਮਾਤਮਾ ਅੱਗੇ ਅਰਦਾਸ ਬੇਨਤੀ ਕੀਤੀ ਹੈ । ਇਸ ਦੁੱਖ ਦੀ ਘੜੀ ਵਿੱਚ ਲੋਕ ਗਾਇਕ ਸੁਰਿੰਦਰ ਲਾਡੀ, ਸੁਰਿੰਦਰਜੀਤ ਮਕ- ਸੂਦਪੁਰੀ, ਪ੍ਰਸਿੱਧ ਲੋਕ ਗਾਇਕ ਕੰਠ ਕਲੇਰ, ਗਾਇਕ ਨਛੱਤਰ ਗਿੱਲ, ਲੋਕ ਗਾਇਕਾ ਅੰਮ੍ਰਿਤਾ ਵਿਰਕ , ਪ੍ਰਸਿੱਧ ਪ੍ਰਮੋਟਰ ਬਿਲ ਬਸਰਾ, ਜੀਵਨ ਮਾਨ, ਕੁਲਦੀਪ ਚੁੰਬਰ, ਐਸ ਰਿਸ਼ੀ, ਬਲਜਿੰਦਰ ਰਿੰਪੀ, ਰਾਜ ਗੁਲਜਾਰ, ਬੀਬਾ ਸੁਰਮਨੀ, ਲੱਖਾ - ਨਾਜ ਜੋੜੀ ਨੰਬਰ ਵੰਨ, ਉਪਿੰਦਰ ਮਠਾਰੂ, ਗੀਤਕਾਰ ਲਾਡੀ ਸੂਸਾਂ ਵਾਲਾ, ਗੀਤਕਾਰ ਬਿੱਟੂ ਭਰੋਮਜਾਰਾ , ਬਲਵੀਰ ਹੀਰ ਗੀਤਕਾਰ, ਗੀਤਕਾਰ ਅਮਰਜੀਤ ਮੇਗੋਵਾਲੀਆ, ਗੀਤਕਾਰ ਅਮਰਜੀਤ ਬੇਗਮਪੁਰੀ, ਜਸਜੀਤ ਸਿੰਘ ਧਾਮੀ (ਏਸ਼ੀਆ ਰੇਡੀਓ), ਮਨਜੀਤ ਰੁਪੋਵਾਲੀਆ, ਗੁਰਿੰਦਰ ਗਿੰਦਾ, ਰਣਜੀਤ ਰਾਣਾ, ਗੁਲਜਾਰ ਲਹੌਰੀਆ, ਗੀਤਕਾਰ ਲਾਲ ਪਧਿਆਣਵੀ, ਗੀਤਕਾਰ ਜਸਵੀਰ ਗੁਣਾਚੌਰੀਆ, ਗੀਤਕਾਰ ਮੰਗਲ ਹਠੂਰ, ਸੁੱਖੂ ਨੰਗਲ, ਮੰਟੂ ਸਿੰਘ, ਪਰਮ ਢਿੱਲੋਂ, ਗੁਣਗੀਤ ਮੰਗਲ, ਗਾਇਕ ਤੇ ਗੀਤਕਾਰ ਵਿੱਕੀ ਮੋਰਾਂਵਾਲੀਆ, ਲੋਕ ਗਾਇਕ ਸ਼ੀਰਾ ਜਸਵੀਰ ਤੋਂ ਇਲਾਵਾ ਪੰਜਾਬ ਵਿੱਚ ਵਸਦੇ ਗਾਇਕਾਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਆਰ ਬੀ ਐਸ ਕੇ ਨੇ ਇੱਕ ਹੋਰ ਬੱਚੀ ਨੂੰ ਦਿੱਤੀ ਨਵੀਂ ਜ਼ਿੰਦਗੀ

**ਕੌਹਰੀਆਂ/ ਸੰਗਰੂਰ (ਦਲਜੀਤ ਕੌਰ)** ਸਿਵਲ ਸਰਜਨ ਡਾ. ਕਿਰਪਾਲ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਤੇ ਸੀਨੀਅਰ ਮੈਡੀਕਲ




ਅਫਸਰ ਡਾ. ਕਰਮਜੀਤ ਸਿੰਘ ਐਕਸ ਪੀ ਸੀ ਐਸ ਦੀ ਅਗਵਾਈ ਵਿੱਚ ਰਾਸ਼ਟਰੀ ਬਾਲ ਸਵਾਸਥ ਕਾਰਿਆਕ੍ਰਮ ਟੀਮ ਦੇ ਉੱਦਮ ਸਦਕਾ ਸਰਕਾਰੀ ਸਕੂਲ ਦੀ 10ਵੀਂ ਜਮਾਤ ਦੀ ਵਿਦਿਆਰਥਣ ਦੇ ਦਿਲ ਦਾ ਸਫਲ ਆਪ੍ਰੇਸ਼ਨ ਕਰਵਾਇਆ ਗਿਆ ਹੈ। ਡਾ. ਕਰਮਜੀਤ ਸਿੰਘ ਨੇ ਦੱਸਿਆ ਕਿ ਰਾਸ਼ਟਰੀ ਬਾਲ ਸਵਾਸਥ ਕ੍ਰਾਇਆਕ੍ਰਮ (ਆਰ.ਬੀ.ਐਸ.ਕੇ.) ਤਹਿਤ ਇਸ ਬੱਚੀ ਦਾ ਪੀ ਜੀ ਆਈ ਚੰਡੀਗੜ੍ਹ ਤੋਂ ਦਿਲ ਦੇ ਛੇਕ ਦਾ ਸਫ਼ਲ ਅਪਰਸ਼ੇਨ ਕਰਵਾਇਆ ਗਿਆ ਜਿਸ ਨਾਲ ਉਸ ਨੂੰ ਨਵੀਂ ਜ਼ਿੰਦਗੀ ਮਿਲੀ ਹੈ। ਉਨ੍ਹਾਂ ਦੱਸਿਆ ਕਿ ਆਪ੍ਰੇਸ਼ਨ ਦਾ ਖਰਚਾ ਆਰ।ਬੀ।ਐਸ।ਕੇ। ਤਹਿਤ ਸਰਕਾਰ ਵੱਲੋਂ ਕੀਤਾ ਗਿਆ ਹੈ ਤੇ ਮਰੀਜ਼ ਦਾ ਇਕ ਰੁਪਇਆ ਵੀ ਖਰਚ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਰਾਸ਼ਟਰੀ ਬਾਲ ਸਵਾਸਥ ਕਾਰਿਆਕ੍ਰਮ ਸੂਬਾ ਸਰਕਾਰ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ। ਡਾ। ਵਰਿੰਦਰ ਕੁਮਾਰ ਅਤੇ ਡਾ. ਕਨਿਕਾ ਬੱਗਾ ਨੇ ਦੱਸਿਆ ਕਿ ਇਸ ਵਿੱਚ ਆਂਗਨਵਾੜੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿਚ ਰਜਿਸਟਰਡ 0 ਤੋਂ 18 ਸਾਲ ਤੱਕ ਦੇ ਬੱਚਿਆਂ ਦਾ ਇਲਾਜ ਮੁਫ਼ਤ ਵਿੱਚ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ ਤਹਿਤ ਜਨਮ ਜਾਤ ਬਿਮਾਰੀਆਂ, ਦਿਲ ਦੀਆਂ ਬਿਮਾਰੀਆਂ, ਮੰਦਬੁੱਧੀ, ਬੋਲਣ ਵਿੱਚ ਦੇਰੀ, ਦੰਦਾਂ ਦੀਆਂ ਬਿਮਾਰੀਆਂ, ਟੇਢੇ ਪੈਰ, ਰੀੜ੍ਹ ਦੀ ਹੱਡੀ ਵਿਚ ਸੋਜ਼ ਸਮੇਤ 31 ਬਿਮਾਰੀਆਂ ਦਾ ਇਲਾਜ ਮੁਫ਼ਤ ਵਿੱਚ ਕੀਤਾ ਜਾਂਦਾ ਹੈ।

# ਪੰਜਾਬ ਦੇ ਮੁਹੱਲਾ ਕਲੀਨਿਕਾਂ ਦੀ ਸੀਬੀਆਈ ਜਾਂਚ ਹੋਵੇ : ਤਰੁਣ ਚੁੱਘ

## "ਰਾਜਨੀਤਿਕ ਕਾਰਨਾਂ ਕਰਕੇ ਪੇਸ਼ ਕੀਤੇ ਜਾ ਰਹੇ ਹਨ ਮਰੀਜ਼ਾਂ ਦੇ ਫਰਜ਼ੀ ਅੰਕੜੇ"

**ਚੰਡੀਗੜ੍ਹ, (ਵਿਵੇਕ ਭਾਟੀਆ):** ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਜਾਰੀ ਪ੍ਰੈਸ ਬਿਆਨ ਵਿੱਚ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਵਿੱਚ ਮੁਹੱਲਾ ਕਲੀਨਿਕਾਂ ਵਿੱਚ ਮਰੀਜ਼ਾਂ ਦੀ ਸਰਕਾਰੀ ਅੰਕੜਿਆਂ ਵਿੱਚ ਦਰਸਾਈ ਗਈ ਗਿਣਤੀ 'ਤੇ ਸਵਾਲ ਚੁਕਦੀਆਂ ਕਿਹਾ ਕਿ ਪੂਰੇ ਸੂਬੇ ਵਿੱਚ ਆਮ ਆਦਮੀ ਦੇ ਕਲੀਨਿਕਾਂ ਦਾ ਢਾਂਚਾ ਢਹਿ ਢੇਰੀ ਹੋ ਗਿਆ ਹੈ ਅਤੇ ਇਹ ਪੂਰੀ ਤਰਾਂ ਅਸਫ਼ਲ ਸਾਬਤ ਹੋਏ ਹਨ। ਉਨ੍ਹਾਂ ਕਿਹਾ ਕਿ 'ਇਹ ਭਗਵੰਤ ਮਾਨ ਸਰਕਾਰ ਵੱਲੋਂ ਚਲਾਇਆ ਜਾ ਰਿਹਾ ਇੱਕ ਰੈਕੇਟ ਹੈ ਜਿਸ ਦੀ ਜਾਂਚ ਦੀ ਲੋੜ ਹੈ।



ਤਰੁਣ ਚੁੱਘ ਨੇ ਦੋਸ਼ ਲਾਇਆ ਕਿ ਵੱਡੀ ਗਿਣਤੀ ਵਿੱਚ ਲੋਕਾਂ ਦੇ ਫਰਜ਼ੀ ਪੈਥੋਲੋਜੀ ਅਤੇ ਰੇਡੀਓਲੌਜੀਕਲ ਟੈਸਟ ਕਰਵਾਏ ਜਾ ਰਹੇ ਹਨ। ਸੂਬੇ ਵਿੱਚ ਆਮ ਆਦਮੀ ਕਲੀਨਿਕਾਂ ਦੇ ਕੰਮਕਾਜ ਦੀ ਸੀਬੀਆਈ ਜਾਂਚ ਦੀ ਮੰਗ ਕਰਦੇ ਹੋਏ ਤਰੁਣ ਚੁੱਘ ਨੇ ਕਿਹਾ, "ਪੰਜਾਬ ਦੇ ਲੋਕਾਂ ਨੂੰ ਮੂਰਖ ਬਣਾਉਣ ਲਈ ਡਾਕਟਰੀ ਸੇਵਾਵਾਂ ਦਾ ਮੁਖੌਟਾ ਬਣਾਇਆ ਗਿਆ ਹੈ।" ਉਨ੍ਹਾਂ ਪੰਜਾਬ ਦੀ 'ਆਪ' ਸਰਕਾਰ ਦੀ ਸਿਹਤ ਸਹੂਲਤਾਂ ਦੇ ਮੁੱਦੇ 'ਤੇ ਪੂਰੇ ਸੂਬੇ ਨੂੰ ਗੁੰਮਰਾਹ ਕਰਨ ਲਈ ਸਖ਼ਤ ਨਿਖੇਧੀ ਕੀਤੀ ।ਚੁੱਘ ਨੇ ਕਿਹਾ ਕਿ ਪੰਜਾਬ ਵਿਚ ਸਿਹਤ ਸਹੂਲਤਾਂ ਦੀ ਬਹੁਤ ਜਰੂਰਤ ਹੈ ਕਿਉ-ਂਕਿ ਪੰਜਾਬ ਵਿੱਚ ਨਸ਼ਾ ਸਮੱਗਲਰਾਂ ਦੇ ਹੌਸਲੇ ਬੁਲੰਦ ਹੋਣ ਕਾਰਨ ਨਸ਼ੇ ਦੀ ਸਮੱਸਿਆ ਭਿਆਨਕ ਰੂਪ ਧਾਰਨ ਕਰ ਚੁੱਕੀ ਹੈ ਅਤੇ ਲੋਕ ਹੋਰ ਬਹੁਤ ਤਰਾਂ ਦੀਆਂ ਬਿਮਾਰੀਆਂ ਅਤੇ ਸਮੱਸਿਆਵਾਂ ਤੋਂ ਪਰੇਸ਼ਾਨ ਹਨ।

ਤਰੁਣ ਚੁੱਘ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਕਲੀਨਿਕਾਂ ਵਿੱਚ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ ਨੂੰ ਲੈ ਕੇ ਲੋਕਾਂ ਸਾਹਮਣੇ ਗੁੰਮਰਾਹਕੁੰਨ ਅੰਕੜੇ ਪੇਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਇਸ ਦੇ ਕੰਮਕਾਜ ਦੀ ਜਾਂਚ ਦੇ ਹੁਕਮ ਦੇ ਦਿੱਤੇ ਗਏ ਹਨ, ਪਰ ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਦੇ ਲੋਕਾਂ ਨੂੰ ਇਸ ਕਰੂਰ ਮਜ਼ਾਕ ਤੋਂ ਸੁਚੇਤ ਹੋਣਾ ਚਾਹੀਦਾ ਹੈ ਜੋ ਕਿ ਭਗਵੰਤ ਮਾਨ ਸਰਕਾਰ ਵਲੋਂ ਸਿਹਤ ਸੇਵਾਵਾਂ ਦੇਣ ਦੇ ਨਾਂ 'ਤੇ ਪੰਜਾਬ ਦੇ ਲੋਕਾਂ ਨਾਲ ਕੀਤਾ ਜਾ ਰਿਹਾ ਹੈ।ਉਹਨਾ ਕਿਹਾ ਕਿ ਭਗਵੰਤ ਮਾਨ ਸਰਕਾਰ ਤੋਂ ਪੰਜਾਬ ਦੇ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ ।ਪੰਜਾਬੀ ਇਸ ਸਰਕਾਰ ਤੋਂ ਬਹੁਤ ਦੁਖੀ ਹਨ।

# ਇਹ ਝੂਠ ਹੈ ਕਿ 3 ਡਾਲਰ ਨੂੰ ਏਅਰ ਨਿਊਜ਼ੀਲੈਂਡ ਲਾਵਾਰਿਸ ਸੂਟ ਕੇਸ ਵੇਚ ਰਹੀ ਹੈ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਔਕਲੈਂਡ ਏਅਰਪੋਰਟ ਅਤੇ ਏਅਰ ਨਿਊਜ਼ੀਲੈਂਡ ਨੇ ਜਾਅਲੀ ਸਮਾਨ ਜਿਵੇਂ ਕਿ ਹਵਾਈ ਅੱਡੇ ਉਤੇ ਪਏ ਲਾਵਾਰਿਸ ਅਤੇ ਗਵਾਚੇ ਸੂਟ ਕੇਸਾਂ ਦੀ ਵਿਕਰੀ (3 ਡਾਲਰ) ਆਦਿ ਨੂੰ ਝੂਠ ਕਰਾਰ ਦਿੰਦਿਆ ਲੋਕਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਇਹ ਫੇਸ ਬੁੱਕ ਉਤੇ ਹੋ ਰਿਹਾ ਇਕ ਘੁਟਾਲਾ ਹੈ। ਬਹੁਤ ਸਾਰੇ ਲੋਕਾਂ ਨੇ ਹੁਣ ਤੱਕ ਪੈਸੇ ਗਵਾ ਲਏ ਹਨ। ਘੁਟਾਲਾ ਕਰਨ ਵਾਲੇ ਕਹਿੰਦੇ ਹਨ ਕਿ ਸਾਡੇ ਵੇਅਰਹਾਊਸ (ਸਟੋਰ) ਭਰ ਗਏ ਹਨ ਅਤੇ ਇਹ ਖਾਲੀ ਕਰਨੇ ਹਨ, ਜਿਸ ਕਰਕੇ ਸਸਤੇ ਵੇਚ ਰਹੇ ਹਨ। ਦਰਜਨਾਂ ਸੂਟਕੇਸਾਂ ਦੀਆਂ ਜਾਅਲੀ ਤਰੀਨੇ ਨਾਲ ਬਦਲੀਆਂ ਤਸਵੀਰਾਂ ਵਿੱਚ ਏਅਰ ਨਿਊਜ਼ੀਲੈਂਡ ਅਤੇ ਆਕਲੈਂਡ ਏਅਰਪੋਰਟ ਦੇ ਲੋਗੋ ਅਤੇ ਹੋਰ ਚਿੰਨ੍ਹ ਵੀ ਲਗਾਏ ਗਏ ਹਨ। ਅਜਿਹੀਆਂ ਪੋਸਟਾਂ ਫੇਸਬੁੱਕ 'ਤੇ ਦਿਖਾਈ ਦਿੰਦੀਆਂ ਹਨ ਅਤੇ ਵੱਖ-ਵੱਖ ਕਮਿਊਨਿਟੀ ਪੇਜਾਂ 'ਤੇ ਭੇਜੀਆਂ ਜਾਂਦੀਆਂ ਹਨ।



ਬਹੁਤੇ ਪੇਜ ਪ੍ਰਸ਼ਾਸਕ ਹੁਣ ਉਹਨਾਂ ਨੂੰ ਮਨਜ਼ੂਰੀ ਦੇਣ ਤੋਂ ਇਨਕਾਰ ਕਰ ਰਹੇ ਹਨ ਕਿਉਂਕਿ ਉਹ ਉਹਨਾਂ ਨੂੰ ਇੱਕ ਜਾਣੇ-ਪਛਾਣੇ ਘੁਟਾਲੇ ਵਜੋਂ ਮਾਨਤਾ ਦਿੰਦੇ ਹਨ। ਜਾਅਲੀ ਕੁਮੈਂਟਾਂ ਜਾਂ ਕਹਿ ਲਈਏ ਫੇਸ ਬੁੱਕ ਟਿੱਪਣੀਆਂ ਵਿੱਚ ਜਾਅਲੀ ਪ੍ਰੋਫਾਈਲਾਂ ਦੇ ਨਾਲ ਘੁਟਾਲੇ ਨੂੰ ਮਾਨਤਾ ਦਿੱਤੀ ਜਾ ਰਹੀ ਹੈ ਜੋ ਇਹ ਸੂਟ ਕੇਸ ਲੈ ਕੇ ਖੁਸ਼ਹਾਲ ਗਾਹਕ ਹੋਣ ਦਾ ਦਾਅਵਾ ਕਰਦੇ ਹਨ। ਉਹ ਕਹਿੰਦੇ ਹਨ ਕਿ ਮਹਿੰਗੀਆਂ ਜੁੱਤੀਆਂ, ਪਰਫਿਊਮ ਉਨ੍ਹਾਂ ਨੂੰ ਮਿਲ ਗਏ ਹਨ। ਕਈ ਲੋਕਾਂ ਨੇ ਕਿਹਾ ਕਿ ਉਹ ਘੁਟਾਲੇ ਦੇ ਸ਼ਿਕਾਰ ਹੋ ਗਏ ਹਨ ਅਤੇ ਉਨ੍ਹਾਂ ਦੇ ਕ੍ਰੈਡਿਟ ਕਾਰਡ ਤੋਂ ਪਹਿਲਾਂ ਹੀ 80 ਡਾਲਰ ਤੋਂ ਵੱਧ ਕੱਟ ਲਏ ਗਏ ਹਨ। ਆਕਲੈਂਡ ਏਅਰਪੋਰਟ ਦੇ ਬੁਲਾਰੇ ਨੇ ਕਿਹਾ ਕਿ ਉਹ ਅਕਤੂਬਰ ਵਿੱਚ ਇਸ ਘੁਟਾਲੇ ਬਾਰੇ ਜਾਣੂ ਹੋ ਗਏ ਸਨ ਅਤੇ ਕਈ ਮੌਕਿਆਂ 'ਤੇ ਫੇਸਬੁੱਕ ਅਤੇ ਇੰਸਟਾਗ੍ਰਾਮ ਦੀ ਮਾਲਕੀ ਵਾਲੀ ਮੇਟਾ ਨੂੰ ਇਸ ਦੀ ਸੂਚਨਾ ਦਿੱਤੀ ਸੀ। ਉਨ੍ਹਾਂ ਕਿਹਾ ਕਿ ਅਸੀਂ ਕਦੇ ਵੀ ਗੁੰਮ ਹੋਏ ਜਾਂ ਲਾਵਾਰਿਸ ਸਮਾਨ ਨੂੰ ਨਹੀਂ ਵੇਚਾਂਗੇ।

### ਕਿਵੇਂ ਬਚੀਏ:

ਘੁਟਾਲੇ ਕਰਨ ਵਾਲਿਆਂ ਨਾਲ ਸੋਸ਼ਲ ਸੰਪਰਕਬੰਦ ਕਰ ਦਿਓ। ਇੱਕ ਵਾਰ ਜਦੋਂ ਤੁਹਾਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਤੁਹਾਡੇ ਨਾਲ ਧੋਖਾ ਕੀਤਾ ਜਾ ਰਿਹਾ ਹੈ, ਤਾਂ ਗੱਲਬਾਤ ਜਾਰੀ ਨਾ ਰੱਖੋ। ਫ਼ੋਨ ਬੰਦ ਕਰੋ। ਘਪਲੇਬਾਜ਼ਾਂ ਵੱਲੋਂ ਭੇਜੀਆਂ ਈਮੇਲਾਂ ਜਾਂ ਚਿੱਠੀਆਂ ਦਾ ਜਵਾਬ ਨਾ ਦਿਓ। ਜੇਕਰ ਤੁਹਾਡੇ ਨਾਲ ਔਨਲਾਈਨ ਘਪਲੇ ਕੀਤੇ ਗਏ ਹਨ, ਤਾਂ ਘੁਟਾਲੇ ਕਰਨ ਵਾਲੇ ਨੂੰ ਤੁਹਾਡੇ ਨਾਲ ਸੰਪਰਕ ਕਰਨ ਤੋਂ ਰੋਕੋ। ਕੋਈ ਹੋਰ ਭੁਗਤਾਨ ਨਾ ਕਰੋ। ਕੁਝ ਘੁਟਾਲੇਬਾਜ਼ ਹਾਲ ਹੀ ਦੇ ਘੁਟਾਲਿਆਂ ਵਿੱਚ ਫਸੇ ਲੋਕਾਂ ਨੂੰ ਨਿਸ਼ਾਨਾ ਬਣਾਉਂਦੇ ਹਨ, ਜਿਵੇਂ ਕਿ ਇੱਕ ਇਨਫੋਰਸਮੈਂਟ ਏਜੰਸੀ ਹੋਣ ਦਾ ਢੌਂਗ ਕਰਨਾ ਜੋ ਤੁਹਾਡੇ ਸਾਰੇ ਪੈਸੇ ਇੱਕ ਫੀਸ ਲਈ ਵਾਪਸ ਕਰ ਸਕਦੀ ਹੈ। ਕਿਸੇ ਨੂੰ ਇਸ ਵਾਅਦੇ 'ਤੇ ਪੈਸੇ ਨਾ ਦਿਓ ਕਿ ਉਹ ਤੁਹਾਡੇ ਗੁਆਚੇ ਹੋਏ ਪੈਸੇ ਵਾਪਸ ਕਰ ਦੇਣਗੇ। ਉਸ ਬੈਂਕ ਜਾਂ ਸੇਵਾ ਨਾਲ ਸੰਪਰਕ ਕਰੋ ਜਿਸ ਰਾਹੀਂ ਤੁਸੀਂ ਪੈਸੇ ਭੇਜੇ ਹਨ। ਜੇਕਰ ਤੁਸੀਂ ਕਿਸੇ ਵਿੱਤੀ ਘੁਟਾਲੇ, ਕ੍ਰੈਡਿਟ ਕਾਰਡ ਘੁਟਾਲੇ ਜਾਂ ਆਪਣੀ ਪਛਾਣ ਦੀ ਚੋਰੀ ਦੇ ਸ਼ਿਕਾਰ ਹੋ, ਤਾਂ ਤੁਰੰਤ ਆਪਣੇ ਬੈਂਕ ਨਾਲ ਸੰਪਰਕ ਕਰੋ। ਜਿੰਨੀ ਜਲਦੀ ਤੁਹਾਡੇ ਬੈਂਕ ਨੂੰ ਇਸ ਬਾਰੇ ਪਤਾ ਲੱਗੇਗਾ, ਪੈਸੇ ਵਾਪਸ ਮਿਲਣ ਦੀ ਸੰਭਾਵਨਾ ਓਨੀ ਹੀ ਜ਼ਿਆਦਾ ਹੋਵੇਗੀ।

### 2024: ਸਿੱਖੀ ਪ੍ਰਚਾਰ ਦਾ ਪਹਿਲਾ ਉਦਮ

# ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਪਹੁੰਚੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ



**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**–ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਵਿਖੇ ਇਸ ਵਾਰ ਨੌਂਵਾਂ ਸਲਾਨਾ ਨਗਰ ਕੀਰਤਨ ਐਤਵਾਰ 14 ਜਨਵਰੀ ਨੂੰ ਸਵੇਰੇ 11 ਵਜੇ ਆਯੋਜਿਤ ਕੀਤਾ ਜਾ ਰਿਹਾ ਹੈ। ਪ੍ਰਕਾਸ਼ ਪੁਰਬ ਦੇ ਸਮਾਗਮਾਂ ਦੀ ਸ਼ੁਰੂਆਤ 12 ਜਨਵਰੀ ਤੋਂ ਸ਼ੁਰੂ ਹੋ ਜਾਣੀ ਹੈ। ਨਗਰ ਕੀਰਤਨ ਸਬੰਧੀ ਜਿੱਥੇ ਸਾਰੀਆਂ ਤਿਆਰੀਆਂ ਹੋ ਗਈਆਂ ਹਨ ਉਥੇ ਸਮੂਹ ਸੰਗਤ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਇਸ ਨਗਰ ਕੀਰਤਨ ਦੇ ਵਿਚ ਸ਼ਾਮਿਲ ਹੋਣ ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜੱਥੇਦਾਰ ਗਿਆਨੀ ਸੁਲਤਾਨ ਸਿੰਘ ਵੀ ਵਿਸ਼ੇਸ਼ ਤੌਰ ਉਤੇ ਅੱਜ ਅੰਤਰਰਾਸ਼ਟਰੀ ਹਵਾਈ ਅੱਡੇ ਉਤੇ ਪਹੁੰਚੇ। ਉਨ੍ਹਾਂ ਦੇ ਨਾਲ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਅਡੀਸ਼ਨਲ ਮੈਨੇਜਰ ਐਡਵੋਕੇਟ ਸ। ਹਰਦੇਵ ਸਿੰਘ ਅਤੇ ਓ. ਐਸ. ਡੀ. ਸਿੰਘ ਸਾਹਿਬ ਅਤੇ ਬਾਬਾ ਜਰਨੈਲ ਸਿੰਘ ਕਾਰਸੇਵਾ ਵਾਲੇ ਵੀ ਸੰਗਤਾਂ ਦੇ ਦਰਸ਼ਨ ਕਰਨ ਪਹੁੰਚੇ ਹਨ। ਉਨ੍ਹਾਂ ਨੂੰ ਜੀ ਆਇਆਂ ਨੂੰ ਕਹਿਣ ਲਈ ਗੁਰਦੁਆਰਾ ਸਿੱਖ ਸੰਗਤ ਦੇ ਪ੍ਰਧਾਨ ਸ. ਪੂਰਨ ਸਿੰਘ ਬੰਗਾ, ਸ. ਗੁਰਪਾਲ ਸਿੰਘ ਸ਼ੇਰਗਿੱਲ, ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਤਜੇਸ਼ਵਰ ਸਿੰਘ, ਭਾਈ ਕਰਨ ਸਿੰਘ, ਸ. ਪ੍ਰਿਥੀਪਾਲ ਸਿੰਘ, ਸ. ਬਚਨ ਸਿੰਘ ਲਾਲੀ, ਸ। ਦਲਜੀਤ ਸਿੰਘ, ਸ. ਕੰਵਲਜੀਤ ਸਿੰਘ ਬਖਸ਼ੀ, ਸ. ਬੇਅੰਤ ਸਿੰਘ ਜਾਡੌਰ ਅਤੇ ਸ। ਮਨਜੀਤ ਸਿੰਘ ਬਾਠ ਪਹੁੰਚੇ।ਉਨ੍ਹਾਂ ਦਾ ਪਹਿਲਾ ਕਥਾ ਦੀਵਾਨ ਐਤਵਾਰ 7 ਜਨਵਰੀ ਨੂੰ ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਵਿਖੇ ਸਜੇਗਾ। ਇਸ ਤੋਂ ਇਲਾਵਾ ਸਮੇਂ ਦੇ ਹਿਸਾਬ ਨਾਲ ਉਹ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਵਿਖੇ ਵੀ ਹਾਜ਼ਰੀ ਭਰਨਗੇ। ਉਨ੍ਹਾਂ ਦੇ ਨਾਲ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਅਡੀਸ਼ਨਲ ਮੈਨੇਜਰ ਐਡਵੋਕੇਟ ਸ. ਹਰਦੇਵ ਸਿੰਘ ਅਤੇ ਓ। ਐਸ। ਡੀ। ਸਿੰਘ ਸਾਹਿਬ ਵੀ ਸੰਗਤਾਂ ਦੇ ਦਰਸ਼ਨ ਕਰਨ ਪਹੁੰਚ ਰਹੇ ਹਨ। ਇਸ ਤੋਂ ਇਲਾਵਾ ਬਾਬਾ ਜਰਨੈਲ ਸਿੰਘ ਕਾਰਸੇਵਾ ਵਾਲੇ ਵੀ ਸੰਗਤਾਂ ਦੇ ਦਰਸ਼ਨ ਕਰਨ ਪਹੁੰਚਣਗੇ।

# "ਫੌਜੀ ਦੇਸ਼ ਨੂੰ ਬਚਾਉਣ ਜਾਨਾਂ ਵਾਰਕੇ" ਟਰੈਕ ਨਾਲ ਹਾਜ਼ਰ ਹੋਏ -"ਤਾਜ ਨਗੀਨਾ ਤੇ ਸਾਧ ਬੋਦਲਾਂ ਵਾਲਾ"




**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)–** ਦੇਸ਼ ਦੀਆਂ ਹੱਦਾਂ ਸਰਹੱਦਾਂ ਤੇ ਪਹਿਰਾ ਦੇਣ ਵਾਲੇ ਫੌਜੀ ਜਵਾਨਾਂ ਦੇ ਹਿੱਤ ਵਿੱਚ ਇੱਕ ਬੀਰ ਰਸ ਭਰਪੂਰ ਟਰੈਕ "ਫੌਜੀ ਦੇਸ਼ ਨੂੰ ਬਚਾਉਣ ਜਾਨਾਂ ਵਾਰ ਕੇ" ਦੇ ਟਾਈਟਲ ਹੇਠ ਹਾਲ ਹੀ ਵਿੱਚ ਰਿਲੀਜ਼ ਕੀਤਾ ਗਿਆ। ਤਾਜ ਨਗੀਨਾ ਇੰਟਰਟੇਨਮੈਂਟ ਵਲੋਂ ਰਿਲੀਜ਼ ਕੀਤੇ ਗਏ ਇਸ ਟਰੈਕ ਨੂੰ ਗਾਇਕ ਤਾਜ ਨਗੀਨਾ ਅਤੇ ਸਾਧ ਬੋਦਲਾਂ ਵਾਲਾ ਨੇ ਆਪਣੀ ਆਵਾਜ਼ ਦੇ ਕੇ ਸ਼ਿੰਗਾਰਿਆ ਹੈ। ਸੰਗੀਤ ਮਹਿਰਾਜ ਦਾ ਹੈ । ਗੁਰਮੀਤ ਚੱਬੇਵਾਲ ਅਤੇ ਕੁਲਦੀਪ ਚੁੰਬਰ ਇਸ ਦੇ ਮੀਡੀਆ ਸਹਿਯੋਗੀ ਹਨ। ਸਾਧ ਬੋਦਲਾਂ ਵਾਲਾ ਨੇ ਇਸ ਦੇਸ਼ ਭਗਤੀ ਦੇ ਗੀਤ ਨੂੰ ਕਲਮਬੱਧ ਕਰਕੇ ਆਪਣੀ ਦੇਸ਼ ਪ੍ਰਤੀ ਸਾਧਨਾ ਨੂੰ ਹੋਰ ਵੀ ਉੱਚਾ ਕੀਤਾ ਹੈ ਅਤੇ ਆਪਣੇ ਵੱਲੋਂ ਕੀਤੀ ਗਈ ਦੇਸ਼ ਸੇਵਾ ਨੂੰ ਰੂਪਮਾਨ ਕੀਤਾ ਹੈ । ਇਸ ਟਰੈਕ ਦਾ ਵੀਡੀਓ ਭੀਮ ਵਲੋਂ ਤਿਆਰ ਕੀਤਾ ਗਿਆ ਹੈ, ਜਦਕਿ ਇਸ ਦੇ ਪ੍ਰੋਡਿਊਸਰ ਅਮਨ ਕੁਮਾਰੀ ਹਨ। ਤਾਜ ਨਗੀਨਾ ਮਿਊਜਿਕ ਪ੍ਰੋਡਕਸ਼ਨ ਵਲੋਂ ਇਸ ਤੋਂ ਪਹਿਲਾਂ ਵੀ ਕਈ ਟਰੈਕ ਲਾਂਚ ਕੀਤੇ ਗਏ ਹਨ । ਇਸ ਟਰੈਕ ਨੂੰ ਵੀ ਸਾਰੇ ਦੇਸ਼ ਵਾਸੀ ਆਪਣਾ ਪਿਆਰ ਅਤੇ ਮੁਹੱਬਤ ਦੇ ਕੇ ਨਿਵਾਜਣਗੇ। ਇਸ ਆਸ ਨਾਲ ਉਕਤ ਜੋੜੀ ਨੇ ਇਸ ਟਰੈਕ ਨੂੰ ਲਾਂਚ ਕੀਤਾ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com






# ਬਸਪਾ ਮੋਗਾ ਦੇ ਆਗੂਆਂ ਨੇ ਸੂਬਾ ਜਨਰਲ ਸਕੱਤਰ ਸ੍ਰ. ਸੁਲਹਾਣੀ ਦਾ ਜਨਮ ਦਿਨ ਮਨਾਇਆ

**ਮੋਗਾ** – ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਮੋਗਾ ਦੇ ਬਹੁਤ ਸਾਰੇ ਆਗੂ ਅੱਜ ਇਥੇ ਗੁਰਦੁਆਰਾ ਬੀਬੀ ਕਾਹਨ ਕੌਰ ਮੋਗਾ ਵਿਖੇ ਇਕੱਤਰ ਹੋਏ। ਸਖ਼ਤ ਸਰਦੀ ਹੋਣ ਦੇ ਬਾਵਜੂਦ ਬਸਪਾ ਦੇ ਸੀਨੀਅਰ ਆਗੂਆਂ ਨੇ ਇੱਕ ਮੀਟਿੰਗ ਕੀਤੀ ਅਤੇ ਨਵੇਂ ਸਾਲ 2024 ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਬਸਪਾ ਦੇ ਬਾਨੀ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਨਾਲ਼ ਲੰਬਾ ਸਮਾਂ ਰਹੇ ਸੂਬਾ ਜਨਰਲ ਸਕੱਤਰ ਸ੍ਰ. ਲਾਲ ਸਿੰਘ ਸੁਲਹਾਣੀ ਵੀ ਪਹੁੰਚੇ ਹੋਏ ਸਨ। ਬਸਪਾ ਮੋਗਾ ਦੇ ਆਗੂਆਂ ਨੇ ਬਿਨਾਂ ਦੱਸੇ ਸ੍ਰ. ਲਾਲ ਸਿੰਘ ਸੁਲਹਾਣੀ ਨੂੰ ਸਰਪ੍ਰਾਈਜ ਦਿੱਤਾ, ਕਿਉਂਕਿ ਅੱਜ ਉਹਨਾਂ ਦਾ ਜਨਮ ਦਿਨ ਸੀ ਅਤੇ ਸਾਰੇ ਆਗੂਆਂ ਨੇ ਸੁਲਹਾਣੀ ਸਾਹਿਬ ਨੂੰ ਜਨਮ ਦਿਨ ਦੀਆਂ ਮੁਬਾਰਕਾਂ ਦਿੱਤੀਆਂ। ਇਸ ਮੌਕੇ ਉਹਨਾਂ ਦਾ ਮੂੰਹ ਮਿੱਠਾ ਕਰਵਾਇਆ ਗਿਆ ਅਤੇ ਸੱਭ ਨੇ ਉਨ੍ਹਾਂ ਦੀ ਲੰਬੀ ਉਮਰ ਲਈ ਅਰਦਾਸ ਕੀਤੀ। ਇਸ ਮੌਕੇ ਬਸਪਾ ਦੇ ਸੂਬਾ ਜਨਰਲ ਸਕੱਤਰ ਸ੍ਰ. ਲਾਲ ਸਿੰਘ ਸੁਲਹਾਣੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਹ ਮੋਗਾ ਦੇ ਸਾਰੇ ਆਗੂ ਸਾਥੀਆਂ ਦੇ ਧੰਨਵਾਦੀ ਹਨ ਜਿਨ੍ਹਾਂ ਨੇ ਮੈਨੂੰ ਵੱਡਾ ਮਾਣ ਬਖਸ਼ਿਆ ਹੈ ਅਤੇ ਉਹ ਮੋਗਾ ਦੇ ਆਗੂਆਂ ਅਤੇ ਸਾਥੀਆਂ ਦੇ ਸਦਾ ਰਿਣੀ ਰਹਿਣਗੇ। ਉਹਨਾਂ ਦੱਸਿਆ ਕਿ ਅੱਜ ਕ੍ਰਾਂਤੀ ਦੂਤ, ਔਰਤਾਂ ਦੀ ਮੁਕਤੀ ਦਾਤਾ, ਵਿਦਿਆ ਦੀ ਦੇਵੀ ਤੇ ਭਾਰਤ ਦੀ ਪਹਿਲੀ ਅਧਿਆਪਕਾ ਦਾਦੀ ਸਾਹਿਬਾ ਸਵਿੱਤਰੀ ਬਾਈ ਫੂਲੇ ਜੀ ਦਾ ਵੀ ਜਨਮ ਦਿਨ ਹੈ, ਉਹਨਾਂ ਨੇ ਇਸ ਦਿਨ ਤੇ ਸੱਭ ਕਾਰਜ ਕਰਤਾਵਾਂ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਉਨ੍ਹਾਂ ਸੰਦੇਸ਼ ਦਿੱਤਾ ਕਿ ਸਾਰੇ ਆਗੂ ਅਤੇ ਸਾਥੀ ਬਹੁਜਨ ਸਮਾਜ ਪਾਰਟੀ ਨੂੰ ਮਜ਼ਬੂਤ ਕਰਨ ਲਈ ਕੰਮ ਤੇਜ਼ ਕਰਨ ਤਾਂ ਕਿ ਅਗਾਮੀ ਲੋਕ ਸਭਾ ਚੋਣਾਂ ਵਿੱਚ ਭੈਣ ਕੁਮਾਰੀ ਮਾਇਆਵਤੀ ਜੀ ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਬਣਾਉਣ ਵਿੱਚ ਯੋਗਦਾਨ ਪਾਇਆ ਜਾ ਸਕੇ। ਇਸ ਮੌਕੇ ਉਹਨਾਂ ਦਾ ਮੂੰਹ ਮਿੱਠਾ ਕਰਵਾਉਣ ਵਾਲਿਆਂ ਵਿੱਚ ਬਸਪਾ ਜ਼ਿਲ੍ਹਾ ਮੋਗਾ ਦੇ ਇੰਚਾਰਜ ਹਰਦੇਵ ਸਿੰਘ ਤਖਾਣਵੱਧ, ਸੀਨੀਅਰ ਆਗੂ ਤੇ ਬਸਪਾ ਬਾਘਾਪੁਰਾਣਾ ਦੇ ਇੰਚਾਰਜ ਲਖਵੀਰ ਸਿੰਘ ਬੁੱਧ ਸਿੰਘ ਵਾਲਾ, ਸੀਨੀਅਰ ਆਗੂ ਇੰਦਰਜੀਤ ਸਿੰਘ ਸੇਖਾ, ਜਸਵੰਤ ਸਿੰਘ ਘਾਲੀ ਹਲਕਾ ਮੋਗਾ, ਗੁਰਤੇਜ ਸਿੰਘ ਰਾਹੀ ਹਲਕਾ ਨਿਹਾਲ ਸਿੰਘ ਵਾਲਾ, ਬੀਬੀ ਸੁਨੀਤਾ ਰਾਣੀ ਮੋਗਾ, ਬੀਬੀ ਕੁਲਵਿੰਦਰ ਕੌਰ ਚੀਮਾ ਹਲਕਾ ਧਰਮਕੋਟ, ਬਲਵਿੰਦਰ ਸਿੰਘ ਅਟਵਾਲ ਬਾਘਾਪੁਰਾਣਾ, ਬਿੱਕਰ ਸਿੰਘ ਬੱਧਨੀ ਕਲਾਂ, ਹਰਨੇਕ ਸਿੰਘ ਬੱਡੂਵਾਲ ਹਲਕਾ ਧਰਮਕੋਟ, ਡਾਕਟਰ ਬਲਜੀਤ ਸਿੰਘ ਮੋਗਾ, ਕਰਨੈਲ ਸਿੰਘ ਕਾਲੇਕੇ ਅਤੇ ਸਰਬਣ ਸਿੰਘ ਕਾਲੇਕੇ ਹਲਕਾ ਬਾਘਾਪੁਰਾਣਾ, ਪ੍ਰੀਤਮ ਸਿੰਘ ਬੀ ਏ ਬਾਘਾਪੁਰਾਣਾ, ਜਗਜੀਤ ਸਿੰਘ ਕੋਟਲਾ, ਗੁਰਮੇਲ ਸਿੰਘ ਖਹਿਰਾ, ਅਮਰਜੀਤ ਸਿੰਘ ਦੌਧਰ ਨਾਟਕਕਾਰ ਹਲਕਾ ਨਿਹਾਲ ਸਿੰਘ ਵਾਲਾ, ਆਯੂਪ੍ਰੀਤ ਸਿੰਘ ਸੁਲਹਾਣੀ ਬਠਿੰਡਾ, ਪ੍ਰਭਾਸ ਬਾਵਾ ਫਰੀਦਕੋਟ ਅਤੇ ਹੋਰ ਕਈ ਆਗੂ ਸ਼ਾਮਲ ਸਨ।




# ਬਹੁਜਨ ਸਮਾਜ ਦੇ ਮੁਲਾਜ਼ਮਾਂ ਦੇ ਨਾਂ ਇਕ ਦਰਦ ਭਰੀ ਅਪੀਲ



ਲਾਲ ਸਿੰਘ ਸੁਲਹਾਣੀ
91-98721-55120

"ਭਾਰੇ ਭੁਈ ਅਕ੍ਰਿਤਘਣ"
ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ।
ਨਾ ਤਿਸੁ ਭਾਰੇ ਕੋਟ ਗੜ੍ਹ ਘਰਬਾਰ ਦਿੰਦੇ।
ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ।
ਨਾ ਤਿਸੁ ਭਾਰੇ ਤਰੁਵਰਾਂ ਫਲ ਸੁਫਲ ਫਲੰਦੇ।
ਨਾ ਤਿਸੁ ਭਾਰੇ ਜੀਅਜੰਤ ਅਣਗਣਤ ਫਿਰੰਦੇ।
ਭਾਰੇ ਭਾਰੇ ਮੁਈ ਅਕਿਰਤਘਣ ਮੰਦੀ ਹੂ ਮੰਦੇ।
(ਵਾਰ ੩੫ ਪਉੜੀ ੯ ਭਾਈ ਗੁਰਦਾਸ ਜੀ)

ਅਕਿਰਤਘਣ ਦਾ ਭਾਵ ਹੈ ਕੀਤੇ ਹੋਏ ਉਪਕਾਰ ਨੂੰ ਭੁੱਲ ਜਾਣ ਵਾਲਾ ਜਾਂ ਅਹਿਸਾਨ ਫਰਾਮੋਸ਼।ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਅਹਿਸਾਨ ਫਰਾਮੋਸ਼, ਕਿਸੇ ਦੇ ਕੀਤੇ ਉਪਕਾਰ ਨੂੰ ਭੁੱਲ ਜਾਣ ਵਾਲੇ, ਕਿਸੇ ਦਾ ਕੀਤਾ ਨਾ ਜਾਨਣ ਵਾਲੇ, ਅਕਿਰਤਘਣ ਲੋਕ ਧਰਤੀ ਤੇ ਭਾਰ ਹਨ।ਅਜਿਹੇ ਮਨੁੱਖ ਸੰਸਾਰ ਵਿਚ ਸੱਭ ਤੋਂ ਘਟੀਆ ਗਿਣੇ ਜਾਂਦੇ ਹਨ ਜੋ ਕਿਸੇ ਦੇ ਕੀਤੇ ਉਪਕਾਰ ਨੂੰ ਭੁੱਲ ਜਾਂਦੇ ਹਨ ਜਾਂ ਅਹਿਸਾਸ ਕਰਵਾਉਣ ਤੇ ਵੀ ਮੰਨਣ ਲਈ ਤਿਆਰ ਨਾ ਹੋਵੇ ਅਜਿਹਾ ਅਕਿਰਤਘਣ ਵਿਅਕਤੀ ਤ੍ਰਿਸਕਾਰ ਦਾ ਪਾਤਰ ਬਣਦਾ ਹੈ।

ਬਹੁਜਨ ਸਮਾਜ ਦੇ ਸਾਥੀਓ! ਆਓ ਆਪਾਂ ਵੀ ਪੜਚੋਲ ਕਰੀਏ ਕਿ ਅਸੀਂ ਕਿਥੇ ਖੜ੍ਹੇ ਹਾਂ? ਮਹਾਨ ਬੁੱਧ ਤੇ ਗੁਰਮਤਿ ਤੋਂ ਬਾਅਦ 19ਵੀਂ ਸਦੀ ਵਿਚ ਸਾਡੇ ਰਹਿਬਰ ਦੇ ਰੂਪ ਵਿਚ ਮਹਾਤਮਾ ਜੋਤੀ ਬਾ ਫੂਲੇ (ਪੱਛੜੀ ਜਾਤੀ) ਉੱਭਰੇ ਤੇ ਉਹਨਾਂ ਨੇ ਸਮਾਜਕ ਬਰਾਬਰੀ ਲਈ ਸੰਘਰਸ਼ ਮੁੜ ਅਰੰਭਿਆ। ਇਸ ਸੰਘਰਸ਼ ਨੂੰ ਹੋਰ ਰਵਾਨਗੀ ਬਖਸ਼ਦਿਆਂ ਸਾਡੇ ਮੁਕਤੀ ਦਾਤਾ ਦਲਿਤਾਂ ਸੋਸ਼ਤਾਂ ਦੇ ਮਸੀਹਾ ਡਾਕਟਰ ਭੀਮ ਰਾਓ ਅੰਬੇਡਕਰ ਨੇ ਦਿਨ ਰਾਤ ਇਕ ਕਰਕੇ ਸਦੀਆਂ ਤੋਂ ਲਤਾੜੇ ਨਿਤਾਣੇ, ਨਿਮਾਣੇ, ਜਾਤਾਂ, ਕੁਜਾਤਾਂ, ਵਿਚ ਲੀਰੋ ਲੀਰ ਕੀਤੇ ਗਏ ਲੋਕਾਂ ਨੂੰ ਸਿਰਫ ਸਿਰ ਉੱਚਾ ਕਰਕੇ ਤੁਰਨ ਦਾ ਸਾਹਸ ਹੀ ਪ੍ਰਦਾਨ ਨਹੀਂ ਕੀਤਾ ਸਗੋਂ ਮਨੂਵਾਦੀ ਤਾਕਤਾਂ ਨਾਲ ਖਹਿਣ ਦੀ ਦਲੇਰੀ ਵੀ ਪੈਦਾ ਕਰ ਦਿੱਤੀ। ਉਹਨਾਂ ਦੀ ਕਰੜੀ ਘਾਲਣਾ ਸਦਕਾ ਕੱਖਾਂ ਤੋਂ ਹੌਲੇ ਬੰਦੇ ਮਾਨਯੋਗ ਸਥਾਨ ਪ੍ਰਾਪਤ ਕਰਨ ਦੇ ਸਮਰੱਥ ਹੋ ਗਏ ।ਜਿਨ੍ਹਾਂ ਲੋਕਾਂ ਨੂੰ ਸ਼ੂਦਰ ਕਹਿਕੇ, ਅਛੂਤ ਸਮਝਕੇ , ਕੰਮੀ- ਕਮੀਣ ਤੇ ਲਾਗੀ -ਵਗਾਰੀ ਸਮਝਕੇ ਦੁਰਕਾਰਿਆ, ਤਰਿਸਕਾਰਿਆ, ਫਿਟਕਾਰਿਆ ਜਾਂਦਾ ਰਿਹਾ ਹੈ। ਉਹ ਅੱਜ ਉੱਚੇ ਅਹੁਦਿਆਂ ਤੇ ਬਿਰਾਜਮਾਨ ਹਨ। ਪਸ਼ੂਆਂ ਤੇ ਕੁੱਤਿਆਂ ਤੋਂ ਵੀ ਬਦਤਰ ਜਿੰਦਗੀ ਜਿਉਣ ਵਾਲੇ ਲੋਕ ਅੱਜ ਅਣਖ ਅਤੇ ਇੱਜ਼ਤ ਦੀ ਜ਼ਿੰਦਗੀ ਜਿਉਣ ਦੀ ਤਮੰਨਾ ਰੱਖਦੇ ਹਨ। ਹਮੇਸ਼ਾ ਧੌਣ ਸੁੱਟੀ ਝੂਠ ਤੇ ਗੁਜਾਰਾ ਕਰਨ ਵਾਲੇ ਲੋਕ ਧੌਣ ਅਕੜਾ ਕੇ ਤੁਰਨ ਵਿਚ ਸ਼ਾਨ ਸਮਝਣ ਲੱਗੇ ਹਨ। ਸਦਾ ਅੱਖਾਂ ਨੀਵੀਆਂ ਰੱਖਣ ਵਾਲੇ ਲੋਕ ਵਿਰੋਧੀਆਂ ਦੀਆਂ ਅੱਖਾਂ 'ਚ ਅੱਖ ਪਾਉਣ ਦੇ ਕਾਬਲ ਹੋ ਗਏ ਹਨ । ਸੜਕ ਤੇ ਜਿੰਨ੍ਹਾਂ ਲੋਕਾਂ ਨੂੰ ਤੁਰਨ ਦੀ ਮਨਾਹੀ ਸੀ ਉਹ ਅੱਜ ਸਕੂਟਰਾਂ, ਕਾਰਾਂ ਦੇ ਮਾਲਕ ਹਨ ਤੇ ਹਵਾਈ ਜਹਾਜ਼ਾਂ ਵਿਚ ਸਫਰ ਕਰਦੇ ਵੇਖੇ ਜਾ ਸਕਦੇ ਹਨ। ਜਿਨ੍ਹਾਂ ਦੀ ਛੋਹ, ਪਰਛਾਵੇਂ ਤੇ ਹਵਾ ਨਾਲ ਭਿੱਟ ਚੜ੍ਹਦੀ ਸੀ ਉਹ ਅਖੌਤੀ ਉੱਚੇ ਲੋਕਾਂ ਨਾਲ ਦਸਤ ਪੰਜਾ ਲੈਣ ਦੇ ਕਾਬਲ ਬਣ ਗਏ ਹਨ। ਰੂੜੀਆਂ ਤੇ ਰੁਲਣ ਤੇ ਕੱਖਾਂ ਦੀਆਂ ਕੁਲੀਆਂ 'ਚ ਦਿਨ ਕਟੀ ਕਰਨ ਵਾਲੇ ਅੱਜ ਆਲੀਸ਼ਾਨ ਕੋਠੀਆਂ ਤੇ ਸੁੰਦਰ ਮਕਾਨਾਂ ਦੇ ਮਾਲਕ ਹਨ। ਜੋ ਕਦੀ ਸਾਢੇ ਤਿੰਨ ਹੱਥ ਧਰਤੀ (ਜੋ ਮਰਨ ਤੋ ਬਾਅਦ ਹਰ ਹਾਲਤ ਵਿਚ ਮਿਲਣੀ ਈ ਹੈ) ਆਪਣੇ ਨਾਂ ਤੇ ਨਹੀਂ ਖਰੀਦ ਸਕਦੇ ਸਨ ਉਹ ਅੱਜ ਜ਼ਿਮੀਂਦਾਰ ਕਹਾਉਣ ਵਿਚ ਮਾਣ ਮਹਿਸੂਸ ਕਰਦੇ ਹਨ ।

ਇਤਿਹਾਸ ਪੁੱਠੇ ਗੇੜ ਕਿਉਂ ਤੁਰਿਆ? ਇਹ ਅਣਹੋਣੀ ਕਿਵੇਂ ਵਾਪਰੀ? ਇਸ ਇਨਕਲਾਬ ਦਾ ਮੁੱਢ ਕਿਵੇਂ ਬੱਝਾ? ਸਿਰਫ ਤੇ ਸਿਰਫ ਯੁੱਗ ਪੁਰਸ਼ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਕਿਰਪਾ ਸਦਕਾ ਉਹਨਾਂ ਦੇ ਸੰਘਰਸ਼ ਦੀ ਬਦੌਲਤ। ਇਹ ਕੋਈ ਅਚਨਚੇਤੀ ਵਾਪਰੀ ਹੋਈ ਘਟਨਾ ਨਹੀਂ ਬਲਕਿ ਯੋਜਨਾਬੱਧ ਢੰਗ ਨਾਲ ਛੇੜੇ ਲੰਮੇ ਜਹਾਦ ਦਾ ਸਿੱਟਾ ਹੈ। ਅੱਜ ਅਸੀਂ ਜੋ ਕੁੱਝ ਵੀ ਹਾਂ, ਜਿੰਨ੍ਹਾਂ ਪਦਵੀਆਂ ਤੇ ਬਿਰਾਜਮਾਨ ਹਾਂ ਕੀ ਉਹ ਸਿਰਫ ਸਾਡੀ ਚੰਗੀ ਅਕਲ ਜਾਂ ਨਿਰੋਲ ਯੋਗਤਾ ਸਦਕਾ ਹੈ? ਨਹੀਂ ! ਨਹੀਂ ! ਨਹੀਂ! ਇਹ ਸਿਰਫ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਕੀਤੇ ਸੰਘਰਸ਼ ਸਦਕਾ ਹੀ ਹੋ ਸਕਿਆ ਹੈ। ਜਿਨ੍ਹਾਂ ਨੇ ਇਤਿਹਾਸ ਵਿਚ ਪਹਿਲੀ ਵਾਰ ਦਲਿਤ ਸਮਾਜ ਨੂੰ ਕਾਨੂੰਨੀ ਤੌਰ ਤੇ ਵਿਦਿਆ ਦਾ ਅਧਿਕਾਰ ਲੈਕੇ ਦਿੱਤਾ। ਰਿਜਰਵੇਸ਼ਨ ਤੇ ਜ਼ਮੀਨ ਖਰੀਦਣ ਦਾ ਹੱਕ ਦਿਵਾਇਆ ।ਇਸ ਦੇ ਸਹਾਰੇ ਹੀ ਅਸੀਂ ਲੋਕ ਆਈ। ਏ। ਐਸ।, ਆਈ. ਪੀ. ਐਸ., ਸੈਕਟਰੀ, ਸੁਪਰਡੰਟ, ਖਜਾਨਚੀ, ਜਜ, ਸੈਸ਼ਨ ਜਜ, ਇੰਜਨੀਅਰ , ਡਾਕਟਰ , ਡਾਇਰੈਕਟਰ, ਡਿਪਟੀ ਕਮਿਸ਼ਨਰ, ਕਮਿਸ਼ਨਰ, ਥਾਣੇਦਾਰ, ਇੰਸਪੈਕਟਰ, ਐਸ. ਐਸ. ਪੀ., ਡੀ. ਜੀ. ਪੀ., ਪਟਵਾਰੀ, ਫਾਰਮਾਸਿਸਟ, ਉਪਰੇਟਰ, ਟੈਕਨੀਸ਼ੀਅਨ, ਕਲਰਕ, ਸਟੈਨੋ, ਆਦਿ ਹੋਰ ਪਤਾ ਨਹੀਂ ਕੀ ਕੁੱਝ ਹਾਂ। ਨੀਚ ਨਖਿੱਧ ਨੀਵੇਂ, ਢੇਡ, ਗਿੱਟਲ, ਕੁਜਾਤ ਤੇ ਕੰਮੀ- ਕਮੀਣ ਕਹਿ ਕੇ ਤਰਿਸਕਾਰੇ ਜਾਣ ਵਾਲੇ ਲੋਕ ਬਾਬਾ ਸਾਹਿਬ ਦੀ ਕ੍ਰਿਪਾ ਸਦਕਾ ਹੀ ਸਨਮਾਨਯੋਗ ਤੇ ਪ੍ਰਭਾਵਸ਼ਾਲੀ ਤਾਕਤ ਬਣ ਸਕੇ ਹਨ। ਜਿਹਨਾਂ ਲੋਕਾਂ ਨੂੰ ਵੋਟ ਪਾਉਣ ਦਾ ਹੱਕ ਹਾਸਲ ਨਹੀਂ ਸੀ । ਉਹ ਅੱਜ ਮੈਂਬਰ ਪੰਚਾਇਤ, ਸਰਪੰਚ, ਸਹਿਕਾਰੀ ਸਭਾਵਾਂ ਦੇ ਡਾਇਰੈਕਟਰ, ਜ਼ਿਲ੍ਹਾ ਪ੍ਰੀਸ਼ਦਾਂ, ਪੰਚਾਇਤ ਸੰਮਤੀਆਂ, ਮਾਰਕੀਟ ਕਮੇਟੀਆਂ ਦੇ ਚੇਅਰਮੈਨ, ਐਮ. ਐਲ. ਏ., ਐਮ. ਪੀ-, ਵਜੀਰ, ਗਵਰਨਰ , ਰਾਜਦੂਤ ਤੇ ਰਾਸ਼ਟਰਪਤੀ ਆਦਿ ਬਣ ਰਹੇ ਹਨ ਕਿਉਂਕਿ ਬਾਬਾ ਸਾਹਿਬ ਨੇ ਸਿਰਤੋੜ ਯਤਨ ਕਰਕੇ ਰਿਜਰਵੇਸ਼ਨ ਵਰਗਾ ਅਧਿਕਾਰ ਦਿਵਾ ਕੇ ਸ਼ੂਦਰ ਸਮਾਜ ਦੀ ਉੱਨਤੀ ਦੇ ਦੁਆਰ ਖੋਲ੍ਹ ਦਿੱਤੇ ।

ਦਲਿਤ ਸਮਾਜ ਦੇ ਉਪਰੋਕਤ ਵਰਗ ਪਾਸ ਅੱਜ ਸਮਾਂ, ਸੂਝ ਤੇ ਸਰਮਾਇਆ ਹੈ । ਜੇ ਉਹ ਬਾਬਾ ਸਾਹਿਬ ਦੇ ਪਦ ਚਿੰਨ੍ਹਾਂ ਤੇ ਚੱਲ ਪਵੇ ਤਾਂ ਕੋਈ ਕਾਰਨ ਨਹੀਂ ਕਿ 85 ਫੀਸਦੀ ਬਹੁਜਨ ਸਮਾਜ ਗੁਲਾਮੀ ਦੀ ਜਕੜ ਨਾ ਤੋੜ ਸਕੇ । ਉਹਨਾਂ ਦਾ ਨਿਸ਼ਾਨਾ ਸਮਤਾ, ਸਮਾਨਤਾ, ਭਾਈਚਾਰੇ ਤੇ ਜਾਤਪਾਤ ਰਹਿਤ ਸਮਾਜ ਸਿਰਜਣਾ ਸੀ। ਉਹਨਾਂ ਦਾ ਰਿਜਰਵੇਸ਼ਨ ਰਾਹੀਂ ਨੌਕਰੀਆਂ ਅਤੇ ਰਾਜਸੀ ਪਦਵੀਆਂ ਦਿਵਾਉਣ ਦਾ ਮੰਤਵ ਸੀ ਕਿ ਬੁਧੀਜੀਵੀ ਲੋਕ ਆਪਣਾ ਫਰਜ਼ ਪਛਾਣ ਕੇ ਦਲਿਤ ਸੋਸ਼ਿਤ ਸਮਾਜ ਦੇ ਮੁਕਤੀ ਸੰਘਰਸ਼ ਵਿਚ ਆਪਣਾ ਯੋਗਦਾਨ ਪਾਉਣਗੇ। ਉਹਨਾਂ ਦੀ ਸੋਚ ਸੀ ਕਿ ਜੇ ਉਹਨਾਂ ਨੇ ਇਕੱਲਿਆਂ ਸੰਘਰਸ਼ ਕਰਕੇ ਇਤਨੇ ਅਧਿਕਾਰ ਦਿਵਾਉਣਾ ਦਿੱਤੇ ਹਨ ਤਾਂ ਇਹ ਲੋਕ ਜ਼ਿਆਦਾ ਗਿਣਤੀ ਵਿਚ ਪੜ੍ਹ ਲਿਖ ਕੇ ਇਕੱਠੇ ਹੋਣ ਉਪਰੰਤ ਸੰਘਰਸ਼ ਦੇ ਰਾਹ ਪੈ ਕੇ ਆਪਣਾ ਖੁੱਸਿਆ ਮਾਨ ਸਨਮਾਨ, ਰਾਜ ਪਾਟ ਖੋਹਣ ਤੇ ਸੰਭਾਲਣ ਦੇ ਸਮਰੱਥ ਹੋ ਸਕਣਗੇ । ਰਿਜਰਵੇਸ਼ਨ ਵਰਗੇ ਵਧੀਆ ਹਥਿਆਰ ਰਾਹੀਂ ਹੱਕ ਪ੍ਰਾਪਤ ਕਰਕੇ ਮਨੂਵਾਦ ਨੂੰ ਦਾਤੀ ਪਾ ਲੈਣਗੇ ਕਿਉਂਕਿ ਮਨੂਵਾਦ ਹੀ ਲੁੱਟ ਖਸੁੱਟ ਅਮੀਰੀ, ਗਰੀਬੀ, ਊਚ -ਨੀਚ , ਛੂਤ -ਛਾਤ, ਜਾਤ-ਪਾਤ, ਅਸਮਾਨਤਾ, ਅਸਮਤਾ, ਅਭਾਈਚਾਰਾ, ਨਾ ਬਰਾਬਰੀ, ਵੰਡ ਵਿਤਕਰੇ, ਵਰਣ ਵੰਡ, ਬਲਾਤਕਾਰ, ਜ਼ੁਲਮ ਸਿਤਮ, ਅਤਿਆਚਾਰ, ਜਾਤੀ ਅਭਿਮਾਨ ਅਤੇ ਨਫ਼ਰਤ ਲਈ ਜ਼ਿਮੇਵਾਰ ਹੈ।ਉਹਨਾਂ ਦਾ ਸੁਪਨਾ ਸੀ ਕਿ ਪੜੇ ਲਿਖੇ ਲੇਖਕ, ਮੁਲਾਜ਼ਮ ਤੇ ਰਾਜਸੀ ਆਗੂ ਜਿੰਨ੍ਹਾਂ ਕੋਲ ਸਮਾਂ, ਸਰਮਾਇਆ ਤੇ ਹੁਨਰ ਹੈ ਉਹ ਆਪਣਾ ਫਰਜ਼ ਪਛਾਣ ਕੇ ਅਗਾਂਹ ਵਧ ਕੇ ਸਮਾਜਕ ਗੈਰ ਬਰਾਬਰੀ ਵਿਰੁੱਧ ਸੰਘਰਸ਼ ਵਿਚ ਹਿੱਸਾ ਪਾਉਣਗੇ। ਕੀ ਅਸੀਂ ਆਪਣੇ ਸਿਰ ਚੜ੍ਹਿਆ ਕਾਰਜ ਉਤਾਰਨ ਦਾ ਯਤਨ ਕੀਤਾ ਹੈ? ਜੇ ਨਹੀਂ ਤਾਂ ਫਿਰ ਅਸੀਂ ਅਕ੍ਰਿਤਘਣ ਹੀ ਤਾਂ ਹਾਂ, ਪੇਟ ਪ੍ਰਸਤ, ਧਰਤੀ ਤੇ ਨਿਰਾ ਭਾਰ।

ਸਦੀਆਂ ਤੋਂ ਮਾਲਕ ਦੀ ਝੂਠ ਤੇ ਪਲਣ ਵਾਲੇ, ਉਹਦੀ ਬੁਸ਼ਕਰ ਤੇ ਪੂਛ ਮਾਰਨ ਵਾਲੇ ਤੇ ਪੈਰ ਚੁੰਮਣ ਵਾਲੇ, ਉਸਦੇ ਹਰ ਹੁਕਮ ਤੇ ਫੁੱਲ ਚੜ੍ਹਾਉਣ ਵਾਲੇ, ਉਸਦੀ ਹਾਂ ਵਿਚ ਹਾਂ ਮਿਲਾ ਕੇ ਖੁਸ਼ੀ ਹਾਸਲ ਕਰਨ ਵਾਲੇ।ਦੱਬੂ ਡਰੂ ਤੇ ਖੁਦਗਰਜ਼ ਲੋਕਾਂ ਤੋਂ ਅਣਖ ਇਜ਼ਤ ਤੇ ਸਵੈਮਾਣ ਦੀ ਲੜਾਈ ਦੀ ਆਸ ਰੱਖਣਾ ਅਚੰਭਾਜਨਕ ਗੱਲ ਹੈ।ਉਸ ਮਹਾਨ ਰਹਿਬਰ ਚ ਜਿਸਨੇ ਬਦੇਸ਼ਾਂ ਵਿੱਚੋਂ ਉਚ ਸਿੱਖਿਆ ਪ੍ਰਾਪਤ ਕਰਕੇ 32 ਡਿਗਰੀਆਂ ਹਾਸਲ ਕੀਤੀਆਂ, ਦੁਨੀਆਂ ਦਾ ਛੇਵਾਂ ਫਿਲਾਸਫਰ ਹੋਣ ਦਾ ਨਾਮਣਾ ਖੱਟਿਆ, ਉੱਚੇ ਸਰਕਾਰੀ ਅਹੁਦਿਆਂ ਤੇ ਬਿਰਾਜਮਾਨ ਰਿਹਾ, ਫੌਜਾਂ ਦਾ ਸਕੱਤਰ ਤੇ ਕੇਦਰ ਵਿਚ ਵਜੀਰ ਬਣਿਆਂ ਕਦੇ ਵੀ ਸ਼ੋਹਰਤ, ਸਤਕਾਰ ਤੇ ਪੈਸੇ ਦੀ ਭਾਵਨਾ ਪੈਦਾ ਨਹੀਂ ਹੋਈ। ਉਹਨੂੰ ਕੋਈ ਲਾਲਚ ਪੋਹ ਨਹੀਂ ਸਕਿਆ । ਕੋਈ ਧਮਕੀ ,ਕੋਈ ਡਰਾਵਾ ਉਹਨਾਂ ਤੇ ਪ੍ਰਭਾਵ ਨਾ ਪਾ ਸਕਿਆ ਤੇ ਇਕ ਅਸੀਂ ਹਾਂ ਕਿ ਰਿਜਰਵੇਸ਼ਨ ਤਹਿਤ ਛੋਟੀ ਮੋਟੀ ਨੌਕਰੀ ਪਦਵੀ ਤੇ ਨਿਗੂਣੀ ਵਜੀਰੀ ਪ੍ਰਾਪਤ ਕਰਕੇ ਆਪਣਾ ਆਪਾ ਉਂਝ ਹੀ ਭੁਲਾ ਬੈਠੇ ਹਾਂ, ਜੁੱਤੀਆਂ ਗੰਢ ਗੰਢ ਕੇ ਪੜ੍ਹਾਉਣ ਵਾਲਾ ਪਿ ,ਗੋਹਾ ਕੂੜਾ ਤੇ ਲੋਕਾਂ ਦੀਆਂ ਵਗਾਰਾਂ ਕਰਦੀ ਮਾਂ ਤੇ ਘਾਹ ਖੋਤ ਕੇ ਪੜ੍ਹਾਈ 'ਚ ਮਦਦ ਕਰਨ ਵਾਲੀ ਭੈਣ ਸਾਨੂੰ ਉਂਝ ਹੀ ਵਿਸਰ ਗਏ ਬਲਕਿ ਉਹਨਾਂ ਨਾਲ ਨਫਰਤ ਜਿਹੀ ਹੋਣ ਲੱਗ ਪਈ । ਜਿਨ੍ਹਾਂ ਜੁਲੀਆਂ 'ਚ ਬੈਠ ਕੇ ਪੜ੍ਹੇ ਸਾਂ ਉਹਨਾਂ ਤੋਂ ਬੋਅ ਆਉਣ ਲੱਗ ਪਈ । ਬਾਬਾ ਸਾਹਿਬ ਦੇ ਦਿੱਤੇ ਦਿਵਾਏ ਅਧਿਕਾਰਾਂ ਦਾ ਸਹਾਰਾ ਲੈ ਕੇ ਪੜ੍ਹ ਇਹ ਸੂਝਵਾਨ ਲੋਕ ਵੱਡੇ ਛੋਟੇ ਅਹੁਦਿਆਂ, ਰੁਤਬਿਆਂ ਦੀ ਖੁਮਾਰੀ ਵਿਚ ਆਪਣੀ ਔਕਾਤ ਭੁੱਲ ਬੈਠੇ, ਹੋਂਦ ਗੁਆ ਬੈਠੇ।

ਸਾਡਾ ਕਹਿਣ ਦਾ ਭਾਵ ਇਹ ਹਰਗਿਜ਼ ਨਹੀਂ ਕਿ ਸਾਨੂੰ ਆਪਣਾ ਜੀਵਨ ਸਤਰ ਉੱਚਾ ਨਹੀਂ ਕਰਨਾ ਚਾਹੀਦਾ । ਲੜਾਈ ਤਾਂ ਜੀਵਨ ਸਤਰ ਉਚਿਆ ਕੇ ਅਣਖ ਤੇ ਸਵੈਮਾਣ ਨਾਲ ਜਿੰਦਗੀ ਜਿਉਣ ਦੀ ਹੀ ਲੜਨੀ ਹੈ।ਪਰ ਆਪਣੇ ਪਿੱਛੇ ਰਹਿ ਗਏ ਸਮਾਜ ਨੂੰ ਨਾਲ ਲੈਕੇ ਚੱਲਣਾ ਵੀ ਸਾਡਾ ਫਰਜ਼ ਹੈ। ਮਾਲਕ ਦੇ ਜੂਠੇ ਬਰਤਣ ਚੱਟ ਕੇ ਸਾਡਾ ਮਾਣ ਸਨਮਾਨ ਸਿਰਫ ਚਿੱਟੇ ਕਾਲਰਾਂ ਵਾਲੇ ਕੱਪੜਿਆਂ ਤੇ ਉੱਚੇ ਅਹੁਦਿਆਂ ਵਿਚ ਹੀ ਨਹੀਂ ਸਗੋਂ ਭਾਈਚਾਰੇ ਵਿਚ ਹੈ ਤੇ ਭਾਈਚਾਰਾ ਬਣਾਉਣ ਲਈ ਅਸੀਂ ਕਦੀ ਉਦਮ ਹੀ ਨਹੀਂ ਕੀਤਾ । ਸਗੋਂ ਉਸ ਭਾਈਚਾਰੇ ਨੂੰ ਤਾਂ ਅਸੀਂ ਨਫ਼ਰਤ ਦੀਂ ਨਜ਼ਰ ਨਾਲ ਹੀ ਵੇਖਿਆ ਹੈ। ਉਸ ਨਾਲੋਂ ਕੱਟੇ ਰਹੇ ਹਾਂ ਤੇ ਆਪਣੇ ਆਪ ਨੂੰ ਛੁਪਾ ਕੇ ਰੱਖਣ ਵਿਚ ਹੀ ਗਨੀਮਤ ਸਮਝੀ ਹੈ।

ਅਖੌਤੀ ਉਚ ਜਾਤੀਆਂ 'ਚ ਵਿਚਰ ਕੇ ਉਹਨਾਂ ਦੀ ਹਾਂ 'ਚ ਹਾਂ ਮਿਲਾ ਕੇ ਉਹਨਾਂ ਦੀ ਰੀਸੋ ਰੀਸ ਅਸੀਂ ਵੀ ਵਰਮਾ, ਸ਼ਰਮਾ, ਚੋਪੜਾ, ਗਿੱਲ,ਸੰਧੂ ਬਣ ਕੇ ਆਪਣਾ ਆਪ ਛੁਪਾਉਣ ਦੀ ਨਾਕਾਮ ਕੋਸ਼ਿਸ਼ ਕੀਤੀ ਹੈ। ਕੀ ਆਪਣੀ ਹੋਂਦ ਗੁਆ ਕੇ ਇਜਤ ਤੇ ਖੁਸ਼ੀ ਹਾਸਲ ਹੋ ਸਕਦੀ ਹੈ? ਕੀ ਅਜਿਹੇ ਗਿਲਾਫਾਂ ਵਿਚ ਅਸੀਂ ਆਪਣਾ ਆਪਾ, ਆਪਣਾ ਪਿਛੋਕੜ ਛੁਪਾ ਸਕੇ ਹਾਂ? ਜੇ ਨਹੀਂ ਤਾਂ ਫਿਰ ਅਜਿਹੀ ਸੋਚ ਅਜਿਹੀ ਹੀਣ ਭਾਵਨਾ ਪੈਦਾ ਹੀ ਕਿਉਂ ਹੋਵੇ?

ਇਉਂ ਕਰਕੇ ਤਾਂ ਸਗੋਂ ਹਰ ਵਕਤ ਇਹ ਭੈਅ ਬਣਿਆਂ ਰਹਿੰਦਾ ਹੈ ਕਿ ਕਿਤੇ ਦੂਜਿਆਂ ਸਾਹਮਣੇ ਸਾਡੀ ਅਸਲੀਅਤ ਨੰਗੀ ਨਾ ਹੋ ਜਾਵੇ। ਸਾਡੇ 'ਚ ਹੀਣਤਾ ਭਾਵ ਕਿਉਂ ? ਕੁਦਰਤ ਨੇ ਸੱਭ ਮਨੁੱਖ ਬਰਾਬਰ ਪੈਦਾ ਕੀਤੇ ਹਨ।ਊਚ ਨੀਚ ਕਿਸੇ ਰੱਬ ਦੀ ਦੇਣ ਨਹੀਂ ਸਗੋਂ ਸ਼ੈਤਾਨ (ਬਰਾਹਮਣ) ਦੀ ਚਲਾਕ ਸੋਚ ਸਦਕਾ ਹੈ। ਜਾਤ ਪਾਤ ਬਕਵਾਸ ਹੈ। ਜਾਤ ਅਭਿਮਾਨੀ ਮੂਰਖ ਹੈ, ਗਵਾਰ ਹੈ।ਵਰਣ ਵੰਡ ਕੁੱਝ ਚਲਾਕ ਤੇ ਮੁੱਠੀ ਭਰ ਲੋਕਾਂ ਦੀ ਪੈਦਾ ਕੀਤੀ ਹੋਈ ਵਿਵਸਥਾ ਹੈ। ਅਸਲੀਅਤ ਤੋਂ ਅਣਜਾਣ ਹੋਣ ਕਰਕੇ ਸਾਨੂੰ ਤਾਂ ਜਾਤ ਦੇ ਨਾਂ ਤੇ ਐਵੇਂ ਹੀ ਮੁੜ੍ਹਕਾ ਆ ਜਾਂਦਾ ਹੈ। ਕੀ ਮਿਹਨਤ ਮੁਸ਼ੱਕਤ ਤੇ ਹੱਡ ਭੰਨਵੀਂ ਕਮਾਈ ਕਰਨ ਵਾਲੇ ਲੋਕ ਕੰਮੀ ਕਮੀਣ ਹੁੰਦੇ ਹਨ?

ਨਹੀਂ! ਨਹੀਂ!! ਸਾਥੀਓ ਹਰਗਿਜ਼ ਨਹੀਂ ।ਆਪਣਾ ਆਪਾ ਪਛਾਣੋ। ਪਿਛੋਕੜ ਪੜਚੋਲ ਕੇ ਆਪਣਾ ਇਤਿਹਾਸ ਵਾਚੋ। ਸਦੀਆਂ ਪਹਿਲਾਂ ਸਾਡੇ ਬਜ਼ੁਰਗ ਇਸ ਦੇਸ਼ ਦੇ ਮਾਲਕ ਸਨ। ਸਿੰਧ ਘਾਟੀ ਵਰਗੀ ਮਹਾਨ ਸੱਭਿਅਤਾ ਦੇ ਮਾਲਕ ਸਨ। ਜੋ ਸਮੇਂ ਦੇ ਵਹਿਣ 'ਚ ਵਹਿ ਕੇ ਚੱਲੀਏ ਤੇ ਕਪਟੀ ਆਰੀਅਨਾਂ ਦੇ ਗੁਲਾਮ ਬਣ ਗਏ । ਜਦੋਂ ਕੋਈ ਕੌਮ ਗੁਲਾਮ ਬਣ ਜਾਏ ਤਾਂ ਉਸ ਨਾਲ ਮਨ ਮਰਜ਼ੀ ਦਾ ਸਲੂਕ ਕੀਤਾ ਜਾ ਸਕਦਾ ਹੈ । ਜ਼ਲੀਲ ਕਰਨ ਲਈ ਔਖੇ ਤੇ ਗੰਦੇ ਕਿੱਤੇ ਕਰਨ ਵਾਸਤੇ ਫਤਵੇ ਠੋਸੇ ਜਾ ਸਕਦੇ ਹਨ। ਰਾਜਸੀ ਤਾਕਤ ਨਾਲ ਕਿਸੇ ਨੂੰ ਵੀ ਨੀਚ, ਨਖਿੱਧ, ਜਾਤ -ਕੁਜਾਤ, ਅਛੂਤ -ਸਛੂਤ ਬਣਾਇਆ ਜਾ ਸਕਦਾ ਹੈ। ਸਦੀਆਂ ਤੋਂ ਬਰਾਹਮਣਵਾਦੀਆਂ ਨੇ ਵੀ ਸਾਡੇ ਨਾਲ ਅਜਿਹਾ ਦੁਰਵਿਵਹਾਰ ਕੀਤਾ । ਅੱਜ ਅਸੀਂ ਪੜ੍ਹ ਲਿਖ ਕੇ ਸਾਰਾ ਕੁੱਝ ਜਾਨਣ ਦੇ, ਸਮਝਣ ਦੇ ਸਮਰੱਥ ਹੋ ਰਹੇ ਹਾਂ । ਇਤਿਹਾਸ ਸਾਡਾ ਰਾਹ ਦਸੇਰਾ ਹੈ। ਬਜ਼ੁਰਗਾਂ ਦਾ ਸੰਘਰਸ਼ ਸਾਡਾ ਮਾਰਗ ਦਰਸ਼ਕ ਹੈ। ਸੋਚੋ! ਸੰਭਲੋ!! ਹੋਸ਼ ਕਰੋ! ਸਾਥੀ , ਤਾਂ ਕਿ ਬਹੁਜਨ ਸਮਾਜ ਦਾ ਮਾਣ ਸਨਮਾਨ ਬਹਾਲ ਹੋ ਸਕੇ।ਜੇ ਸਾਡੇ ਪੜ੍ਹੇ ਲਿਖੇ ਲੋਕ ਛੁਪੇ ਰਹੇ ਤਾਂ ਦੂਸਰੇ ਨਿਮਾਣੇ, ਨਿਤਾਣੇ ਸਮਾਜ ਦੀ ਬਾਂਹ ਕੌਣ ਫੜੇਗਾ? ਮਨੂਵਾਦੀ ਲੋਕ?

ਦੋਸਤੋ ਜੇ ਅਸੀਂ ਰਿਜਰਵੇਸ਼ਨ ਦੇ ਨਾਂ ਤੇ ਪੜ੍ਹੇ ਹਾਂ ਵਜ਼ੀਫੇ ਲਏ ਹਨ ਨੌਕਰੀਆਂ ਹਾਸਲ ਕੀਤੀਆਂ ਹਨ ਜਾਂ ਹੋਰ ਸਹੂਲਤਾਂ ਪ੍ਰਾਪਤ ਕਰਨ ਲਈ ਲਿਲਕੜੀਆਂ ਕੱਢਣ ਤੋਂ ਨਹੀ ਝਿਜਕਦੇ ਦਿਨੇ ਰਾਤ ਲਾ਼ਲਾਂ ਸੁੱਟਦੇ ਹਾਂ ਤਾਂ ਸਾਨੂੰ ਅੰਬੇਡਕਰ ਮਿਸ਼ਨ ਤੋਂ ਪਿੱਠ ਨਹੀਂ ਮਰੋੜਨੀ ਚਾਹੀਦੀ। ਅਜਿਹਾ ਕਰਨ ਨਾਲ ਦਲਿਤ ਸੋਸ਼ਤ ਸਮਾਜ ਦਾ ਵਿਕਾਸ ਰੁਕਦਾ ਹੈ। ਬੱਬਰ ਸ਼ੇਰ ਡਾਕਟਰ ਅੰਬੇਡਕਰ ਦਾ ਮਾਰਿਆ ਸ਼ਿਕਾਰ (ਰਿਜਰਵੇਸ਼ਨ) ਖਾ ਖਾ ਕੇ ਅਸੀਂ ਸੁਆਰਥਪੁਣੇ ਦੀ ਗੰਦੀ ਮਿਸਾਲ ਪੈਦਾ ਨਾ ਕਰੀਏ। ਪੇਟ ਪ੍ਰਸਤ ਨਾ ਬਣੀਏ ।ਪਸ਼ੂ ਵੀ ਤਾਂ ਕੇਵਲ ਪੇਟ ਪ੍ਰਸਤ ਹੁੰਦਾ ਹੈ।

ਪਿਛਲੱਗੂਪੁਣਾ ਛੱਡ ਕੇ ਬਹਾਦਰ ਬਣੋ। ਦਲਿਤ ਸੋਸ਼ਤ ਸਮਾਜ ਦੇ ਮੁਕਤੀ (ਆਜ਼ਾਦੀ) ਸੰਘਰਸ਼ 'ਚ ਯੋਗਦਾਨ ਪਾਉ। ਜਾਤਪਾਤ, ਕਰਮਕਾਂਡ, ਛੂਤਛਾਤ ਤੇ ਵੰਡ ਵਿਤਕਰਿਆਂ ਨੂੰ ਵਗਾਹ ਮਾਰਨ ਲਈ ਤੱਤਪਰ ਰਹੋ, ਲਾਮ ਬੰਦ ਹੋਵੋ। ਮਨੂਵਾਦੀ ਸੋਚ ਤੋਂ ਛੁਟਕਾਰਾ ਪਾਉਣ ਲਈ ਬਹਾਦਰ ਬਣੋ। ਬਾਬਾ ਸਾਹਿਬ ਦੇ ਪਦ ਚਿੰਨ੍ਹਾਂ ਤੇ ਚਲਦੇ ਹੋਏ ਬਹੁਜਨ ਸਮਾਜ ਦੇ ਸੰਘਰਸ਼ ਲਈ ਸੰਗਠਿਤ ਹੋਵੋ। ਦੱਬੇ ਕੁਚਲੇ ਸਮਾਜ ਦੀ ਸੇਵਾ ਹੀ ਸੱਚਾ ਧਰਮ ਹੈ, ਸੂਰਬੀਰਤਾ ਹੈ।

ਜੇ ਅਸੀਂ ਬਾਬਾ ਸਾਹਿਬ ਦੇ ਲਾਏ ਦਰੱਖਤ (ਰਿਜਰਵੇਸ਼ਨ) ਦਾ ਫ਼ਲ (ਪੜ੍ਹਾਈ/ਨੌਕਰੀਆਂ/ ਵਜ਼ੀਰੀਆਂ) ਚੱਖ ਰਹੇ ਹਾਂ ਤਾਂ ਉਸ ਦਲਿਤ ਸਮਾਜ ਨੂੰ ਸਹਾਰਾ ਦੇਣਾ ਵੀ ਸਾਡਾ ਫਰਜ਼ ਹੈ। ਜਿਸਦੇ ਨਾਂ ਤੇ ਸਾਨੂੰ ਇਹ ਹੱਕ ਹਾਸਲ ਹੋਇਆ ਹੈ। ਜੇ ਅਸੀਂ ਅਜਿਹਾ ਨਹੀਂ ਕਰਦੇ ਤਾਂ ਫਿਰ ਅਸੀਂ ਅਹਿਸਾਨ ਫਰਾਮੋਸ਼, ਅਕਿਰਤਘਣ, ਸੁਆਰਥੀ, ਨਿਰਦਈ, ਪੇਟ ਪ੍ਰਸਤ ਹਾਂ ਤੇ ਧਰਤੀ ਤੇ ਵਾਧੂ ਭਾਰ ਹਾਂ। ਇਤਿਹਾਸ ਸਾਨੂੰ ਕਦੇ ਮਾਫ ਨਹੀਂ ਕਰੇਗਾ । ਆਉਣ ਵਾਲੀਆਂ ਨਸਲਾਂ ਸਾਨੂੰ ਹਮੇਸ਼ਾ ਲਾਹਣਤਾਂ ਪਾਉਂਦੀਆਂ ਰਹਿਣਗੀਆਂ।

****

# 14 ਜਨਵਰੀ ਅਜ਼ਾਦੀ ਘੁਲਾਟੀਏ, ਗਦਰ ਲਹਿਰ ਅਤੇ ਆਦਿ ਧਰਮ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਦੇ ਜਨਮ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਸਾਡੇ ਦੇਸ਼ ਦੀ ਸਮਾਜਿਕ ਬਣਤਰ ਅਤੇ ਮੰਨੂਵਾਦੀ ਕੁਪ੍ਰਥਾ ਕਾਰਨ ਸਮਾਜ ਜਾਤਿ ਅਧਾਰਿਤ ਵੱਖ ਵੱਖ ਵਰਗਾਂ ਵਿੱਚ ਵੰਡਿਆਂ ਰਿਹਾ ਹੈ ਅਤੇ ਸਮਾਜ ਦੇ ਕੁੱਝ ਵਰਗਾਂ ਵਿਸ਼ੇਸ਼ ਤੋਰ ਤੇ ਚੋਥੇ ਵਰਣ ਸ਼ੂਦਰਾਂ ਨੂੰ ਵਿਦੇਸ਼ੀ ਸ਼ਾਸ਼ਕਾਂ ਤੋਂ ਇਲਾਵਾ ਅਪਣੇ ਦੇਸ਼ ਦੇ ਲੋਕਾਂ ਦੀ ਗੁਲਾਮੀ ਦਾ ਵੀ ਸ਼ਿਕਾਰ ਰਹਿਣਾ ਪਿਆ ਹੈ। ਜਾਤ ਪਾਤ ਦੀ ਕੁਪ੍ਰਥਾ ਨੂੰ ਖਤਮ ਕਰਨ ਅਤੇ ਦੇਸ਼ ਵਾਸੀਆਂ ਨੂੰ ਬਰਾਬਰ ਦਾ ਦਰਜਾ ਦੇਣ ਲਈ ਸਮੇਂ ਸਮੇਂ ਤੇ ਕਈ ਸਮਾਜ ਸੁਧਰਾਕਾਂ ਨੇ ਅੰਦੋਲਨ ਚਲਾਏ ਹਨ ਜਿਨ੍ਹਾਂ ਵਿੱਚ ਇੱਕ ਨਾਮ ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਹੈ ਜਿਨ੍ਹਾਂ ਨੇ ਸੰਘਰਸ਼ ਕੀਤਾ ਅਤੇ ਸਦੀਆਂ ਤੋਂ ਲਿਤਾੜ੍ਹੇ ਵਰਗਾਂ ਦੇ ਵਿਕਾਸ ਲਈ ਕੰਮ ਕੀਤਾ। ਬਾਬੂ ਮੰਗੂ ਰਾਮ ਮੂਗੋਵਾਲੀਆ ਦਾ ਜਨਮ 14 ਜਨਵਰੀ, 1886 ਨੂੰ ਪਿੰਡ ਮੂਗੋਵਾਲ ਤਹਿਸੀਲ ਮਾਹਿਲਪੁਰ ਜਿਲ੍ਹਾ ਹੁਸ਼ਿਆਰਪੁਰ ਵਿੱਚ ਇੱਕ ਅਛੂਤ ਪਰਿਵਾਰ ਵਿੱਚ ਮਾਤਾ ਅਤਰੀ ਅਤੇ ਪਿਤਾ ਹਰਨਾਮ ਦਾਸ ਦੇ ਘਰ ਹੋਇਆ। ਆਪ ਦੇ ਪਿਤਾ ਚਮੜੇ ਦੇ ਧੰਦੇ ਨਾਲ ਜੁੜ੍ਹੇ ਹੋਏ ਸਨ ਅਤੇ ਵਪਾਰ ਸਬੰਧੀ ਅੰਗਰੇਜੀ ਵਿੱਚ ਆਏ ਆਰਡਰਾਂ ਨੂੰ ਪੜ੍ਹਣ ਲਈ ਉੱਚ ਜਾਤੀ ਦੇ ਪੜ੍ਹੇ ਲਿਖੇ ਵਿਅਕਤੀਆਂ ਤੋਂ ਮੱਦਦ ਲੈਣੀ ਪੈਂਦੀ ਸੀ। ਆਪ ਦੇ ਪਿਤਾ ਚਾਹੁੰਦੇ ਸਨ ਕਿ ਉਨ੍ਹਾਂ ਦੇ ਬੱਚੇ ਆਤਮ ਨਿਰਭਰ ਬਣਨ ਲਈ ਜਰੂਰੀ ਵਿੱਦਿਆ ਪ੍ਰਾਪਤ ਕਰਨ। ਆਪ ਦੀ ਉਮਰ ਲੱਗਭੱਗ ਤਿੰਨ ਸਾਲ ਦੀ ਸੀ ਜਦੋਂ ਮਾਤਾ ਦੀ ਮੋਤ ਹੋ ਗਈ। ਆਪ ਨੇ ਜਾਤ ਅਧਾਰਿਤ ਵਿੱਤਕਰੇ ਨੂੰ ਅਪਣੇ ਅੱਖੀਂ ਵੇਖਿਆ ਅਤੇ ਪਿੰਡੇ ਤੇ ਹੰਢਾਇਆ। ਆਪ ਨੇ ਪੰਜਾਬੀ ਦੀ ਸਿੱਖਿਆ ਅਪਣੇ ਪਿੰਡ ਵਿੱਚ ਹੀ ਇੱਕ ਡੇਰੇ ਦੇ ਸਾਧੂ ਤੋਂ ਪ੍ਰਾਪਤ ਕੀਤੀ ਅਤੇ ਬਾਦ ਵਿੱਚ ਬਜਵਾੜਾ ਸਕੂਲ ਅਤੇ ਦੇਹਰਾਦੂਨ ਵਿੱਚ ਪੜ੍ਹੇ ਅਤੇ ਅੰਗਰੇਜੀ ਵਿੱਚ ਗਿਆਨ ਹਾਸਲ ਕੀਤਾ। ਬਾਬੂ ਜੀ ਬਹੁਤੇ ਸਕੂਲਾਂ ਵਿੱਚ ਦਾਖਲ ਹੋਣ ਵਾਲੇ ਪਹਿਲੇ ਅਛੂਤ ਵਿਦਿਆਰਥੀ ਸਨ ਅਤੇ ਉਨ੍ਹਾਂ ਨੂੰ ਕਈ ਵਾਰ ਕਲਾਸ ਦੇ ਕਮਰੇ ਤੋਂ ਬਾਹਰ ਬੈਠਕੇ ਹੀ ਪੜ੍ਹਣਾ ਪੈਂਦਾ ਸੀ। ਬਜਵਾੜਾ ਸਕੂਲ ਵਿੱਚ ਇੱਕ ਦਿਨ ਜਦੋਂ ਭਾਰੀ ਬਾਰਸ਼ ਅਤੇ ਤੁਫਾਨ ਕਾਰਨ ਕਲਾਸ ਅੰਦਰ ਚਲੇ ਗਏ ਤਾਂ ਸਕੂਲ ਵਿੱਚ ਹਾਜ਼ਰ ਮੰਨੂਵਾਦੀ ਮਾਨਸਿਕਤਾ ਵਾਲੇ ਅਧਿਆਪਕ ਨੇ ਆਪ ਦੀ ਬੇਰਹਿਮੀ ਨਾਲ ਕੁਟਾਈ ਕੀਤੀ ਅਤੇ ਸਾਰਾ ਫਰਨੀਚਰ ਬਾਹਰ ਸੁਟਵਾ ਦਿਤਾ। ਇਸ ਘਟਨਾ ਨੇ ਬਾਬੂ ਜੀ ਦੇ ਮਨ ਤੇ ਭਾਰੀ ਅਸਰ ਕੀਤਾ। ਆਪ ਪ੍ਰਾਇਮਰੀ ਕਲਾਸ ਵਿੱਚ ਤੀਜੇ ਨੰਬਰ ਤੇ ਰਹੇ। ਇਸ ਪੜ੍ਹਾਈ ਤੋਂ ਬਾਦ ਜਿੱਥੇ ਉੱਚ ਜਾਤਿ ਦੇ ਵਿਦਿਆਰਥੀਆਂ ਨੂੰ ਅੱਗੇ ਪੜ੍ਹਣ ਅਤੇ ਪਟਵਾਰੀ ਬਣਨ ਲਈ ਉਤਸ਼ਾਹਿਤ ਕੀਤਾ ਗਿਆ ਉੱਥੇ ਹੀ ਬਾਬੂ ਜੀ ਨੂੰ ਸਕੂਲ ਛੱਡਣ ਅਤੇ ਪਿਤਾ ਨਾਲ ਚਮੜੇ ਦਾ ਕੰਮ ਕਰਨ ਲਈ ਕਿਹਾ ਗਿਆ। ਸਾਲ 1905 ਵਿੱਚ ਆਪ ਦਾ ਵਿਆਹ ਹੋ ਗਿਆ ਅਤੇ 1909 ਵਿੱਚ ਯੂ ਐਸ ਏ ਚਲੇ ਗਏ। ਇੱਥੇ ਆਪ ਨੇ ਕੁੱਝ ਸਾਲ ਪਿੰਡ ਦੇ ਜਿਮੀਂਦਾਰਾਂ ਕੋਲ ਖੇਤਾਂ ਵਿੱਚ ਕੰਮ ਕੀਤਾ ਪਰ ਇੱਥੇ ਵੀ ਜਾਤ ਅਧਾਰਤ ਵਿਤਕਰੇ ਦਾ ਹੀ ਸਾਹਮਣਾ ਕਰਨਾ ਪਿਆ। ਇਸ ਦੌਰਾਨ ਆਪ ਅਜ਼ਾਦੀ ਦੀ ਲੜ੍ਹਾਈ ਲਈ ਗਦਰ ਲਹਿਰ ਦੇ ਆਗੂਆਂ ਲਾਲਾ ਹਰਦਿਆਲ ਅਤੇ ਸੋਹਣ ਸਿੰਘ ਭਕਨਾ ਦੇ ਸੰਪਰਕ ਵਿੱਚ ਆ ਗਏ ਅਤੇ ਗਦਰ ਲਹਿਰ ਲਈ ਕੰਮ ਕਰਨਾ ਸ਼ੁਰੂ ਕਰ ਦਿਤਾ। ਗਦਰ ਲਹਿਰ ਵਲੋਂ ਇੱਕ ਬਹੁਤ ਹੀ ਖਤਰਨਾਕ ਮਿਸ਼ਨ ਉਲੀਕਿਆ ਗਿਆ ਜਿਸ ਵਿੱਚ ਅਜ਼ਾਦੀ ਦੀ ਲੜਾਈ ਲਈ ਹਥਿਆਰਾਂ ਦਾ ਇੱਕ ਜ਼ਹਾਜ ਸਮੁੰਦਰ ਰਸਤੇ ਭਾਰਤ ਲਿਜਾਉਣਾ ਸੀ ਜਿਸਦੀ ਮੁੱਖ ਜਿੰਮੇਵਾਰੀ ਆਪ ਨੂੰ ਦਿੱਤੀ ਗਈ ਪਰ ਇਸਦੀ ਖਬਰ ਪਹਿਲਾਂ ਹੀ ਬਰਤਾਨੀਆ ਸਰਕਾਰ ਨੂੰ ਲੱਗ ਗਈ ਅਤੇ ਇਸਦੀ ਜਾਸੂਸੀ ਸ਼ੁਰੂ ਕਰ ਦਿਤੀ। ਇਹ ਮਿਸ਼ਨ ਜੋਕਿ 1915 ਵਿੱਚ ਚੱਲਿਆ ਅਤੇ ਜਿਸਨੂੰ ਗਦਰ ਲਹਿਰ ਦੇ ਪੰਜ ਆਗੂ ਲੈ ਕੇ ਆ ਰਹੇ ਸਨ ਬਰਤਾਨੀਆਂ ਸਰਕਾਰ ਨੇ ਸਮੁੰਦਰ ਵਿੱਚ ਤੋਪਾਂ ਨਾਲ ਉਡਾ ਦਿਤਾ। ਬਾਬੂ ਜੀ ਕਿਸੇ ਤਰੀਕੇ ਨਾਲ ਬਚ ਗਏ ਅਤੇ ਇਸਤੋਂ ਬਾਦ ਫਿਲਪਾਈਨ, ਸ਼੍ਰੀ ਲੰਕਾ ਹੁੰਦੇ ਹੋਏ ਆਖਰ ਸੋਲ੍ਹਾਂ ਸਾਲ ਬਾਅਦ 1925 ਵਿੱਚ ਭਾਰਤ ਆ ਪਹੁੰਚੇ। ਇਸ ਦੌਰਾਨ ਕੋਈ ਵੀ ਖਬਰ ਨਾਂ ਮਿਲਣ ਕਾਰਨ ਪਰਿਵਾਰ ਨੇ ਬਾਬੂ ਜੀ ਨੂੰ ਮਰਿਆ ਮੰਨਕੇ ਉਨ੍ਹਾ ਦੀ ਪਤਨੀ ਨੂੰ ਦੂਜੇ ਭਰਾ ਨਾਲ ਵਿਆਹ ਦਿਤਾ ਸੀ। ਪੰਜਾਬ ਵਿੱਚ ਆਕੇ ਵੇਖਿਆ ਕਿ ਦੇਸ਼ ਨੂੰ ਅੰਗਰੇਜਾਂ ਤੋਂ ਅਜ਼ਾਦ ਕਰਵਾਉਣ ਲਈ ਲੜਾਈ ਲੜੀ ਜਾ ਰਹੀ ਹੈ ਪਰੰਤੂ ਸਦੀਆਂ ਤੋਂ ਗੁਲਾਮ ਅਛੂਤਾਂ ਦੇ ਵਿਕਾਸ ਅਤੇ ਅਜ਼ਾਦੀ ਲਈ ਕੋਈ ਕੁੱਝ ਨਹੀਂ ਕਰ ਰਿਹਾ ਹੈ। ਸਾਲ 1925 ਦੇ ਅੰਤ ਵਿੱਚ ਬਾਬੂ ਜੀ ਨੇ ਪਿੰਡ ਵਿੱਚ ਇਨ੍ਹਾਂ ਲਿਤਾੜ੍ਹੇ ਵਰਗ ਦੇ ਬੱਚਿਆਂ ਨੂੰ ਸਿੱਖਿਆ ਦੇਣ ਲਈ ਪਹਿਲਾ ਆਦਿ ਧਰਮ ਪ੍ਰਾਇਮਰੀ ਸਕੂਲ ਖੋਲਿਆ ਅਤੇ ਬੱਚਿਆਂ ਨੂੰ ਪੜਾਉਣਾ ਸ਼ੁਰੂ ਕਰ ਦਿਤਾ। ਬਾਬੂ ਮੰਗੂ ਰਾਮ ਦੀ ਅਗਵਾਈ ਵਿੱਚ 11-12 ਜੂਨ 1926 ਨੂੰ ਪਿੰਡ ਮੂਗੋਵਾਲ ਵਿੱਚ ਦੇਸ਼ ਦੇ ਵੱਖ ਵੱਖ ਭਾਗਾਂ ਪੰਜਾਬ, ਰਾਜਸਥਾਨ, ਉਤੱਰ ਪ੍ਰਦੇਸ, ਦਿੱਲੀ, ਕਲਕੱਤਾ ਆਦਿ ਤੋਂ 36 ਜਾਤਾਂ ਦੇ ਹਜਾਰਾਂ ਲੋਕਾਂ ਜਿਨ੍ਹਾਂ ਨੂੰ ਅਛੂਤ ਮੰਨਿਆਂ ਜਾਂਦਾ ਸੀ ਦਾ ਭਾਰੀ ਇਕੱਠ ਹੋਇਆ ਅਤੇ ਘੋਸ਼ਣਾ ਕੀਤੀ ਗਈ ਕਿ ਇਨ੍ਹਾਂ ਜਾਤਾਂ ਨਾਲ ਸਬੰਧਿਤ ਲੋਕ ਆਦਿ ਧਰਮ ਅਪਣਾਉਣਗੇ। ਇਸ ਕਾਨਫਰੰਸ ਨੂੰ ਰੋਕਣ ਲਈ ਕੁੱਝ ਆਰਿਆ ਸਮਾਜੀ ਆਗੂਆਂ ਅਤੇ ਇਲਾਕੇ ਦੇ ਜਾਤ ਦੇ ਹੰਕਾਰੀ ਲੋਕਾਂ ਨੇ ਲੜਾਈ ਝਗੜਾ ਕੀਤਾ ਪਰ ਬਾਬੂ ਮੰਗੂ ਰਾਮ ਦੀ ਦੂਰ ਅੰਦੇਸ਼ੀ ਨਾਲ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੇ ਇਸ ਕਾਨਫਰੰਸ ਨੂੰ ਨਿਰਵਿਘਨ ਚਲਾਉਣ ਲਈ 03 ਠਾਣੇਦਾਰ ਅਤੇ 12 ਸਿਪਾਹੀ ਸੁਰੱਖਿਆ ਲਈ ਲਗਾ ਦਿੱਤੇ। ਕਾਨਫਰੰਸ ਵਿੱਚ ਗੜਬੜ ਕਰਨ ਵਾਲੇ ਆਰਿਆ ਸਮਾਜੀ ਆਗੂ ਸਵਾਮੀ ਅਛੂਤਾ ਨੰਦ ਅਤੇ ਇਲਾਕੇ ਦੇ ਜੈਲਦਾਰ ਪੂੰਨੂ ਰਾਮ ਨੂੰ ਮੁਆਫੀ ਮੰਗਣੀ ਪਈ। ਇਸ ਦਾ ਪਹਿਲਾ ਪ੍ਰਧਾਨ ਸਰਬ ਸੰਮਤੀ ਨਾਲ ਬਾਬੂ ਮੰਗੂ ਰਾਮ ਨੂੰ ਬਣਾਇਆ ਗਿਆ ਅਤੇ ਪ੍ਰਬੰਧਕ ਕਮੇਟੀ ਮੈਂਬਰਾਂ ਹਜ਼ਾਰਾ ਰਾਮ ਪਿਪਲਾਂਵਾਲਾ, ਪੰਡਤ ਹਰੀਰਾਮ, ਸੰਤ ਰਾਮ, ਰਾਮ ਚੰਦ, ਹਰਦਿੱਤ ਮੱਲ, ਰੇਸ਼ਮ ਲਾਲ ਬਾਲਮੀਕਿ, ਬਿਹਾਰੀ ਲਾਲ, ਰਾਮ ਸਿੰਘ, ਚਮਨ ਰਾਮ ਆਦਿ ਦੀ ਚੋਣ ਕੀਤੀ ਗਈ। 1927 ਵਿੱਚ ਆਦਿ ਡੰਕਾ ਨਾਂ ਦਾ ਸਪਤਾਹਿਕ ਅਖਬਾਰ ਸ਼ੁਰੂ ਕੀਤਾ ਗਿਆ ਅਤੇ 1928 ਵਿੱਚ ਇਹ ਉਰਦੂ ਵਿੱਚ ਵੀ ਚਲਾਇਆ ਗਿਆ ਅਤੇ ਆਦਿ ਧਰਮ ਜਾਗਰੁਕਤਾ ਮੁਹਿੰਮ ਸ਼ੁਰੂ ਕੀਤੀ ਗਈ। ਨਵੰਬਰ 1926 ਵਿੱਚ ਜਲੰਧਰ ਵਿੱਚ ਆਦਿ ਧਰਮ ਦਾ ਪਹਿਲਾ ਦਫਤਰ ਖੋਲਿਆ ਗਿਆ ਅਤੇ ਬਾਬੂ ਜੀ ਜਲੰਧਰ ਰਹਿਣ ਲੱਗ ਪਏ ਜਿੱਥੇ ਉਹ 1940 ਤੱਕ ਰਹੇ ਅਤੇ ਆਦਿ ਧਰਮ ਅਤੇ ਅਛੂਤਾਂ ਦੀ ਭਲਾਈ ਲਈ ਕੰਮ ਕੀਤਾ। ਬਰਤਾਨੀਆ ਸਰਕਾਰ ਨੇ ਭਾਰਤ ਵਿੱਚ ਅਛੂਤਾਂ ਦੀ ਸਥਿਤੀ ਦਾ ਜਾਇਜਾ ਲੈਣ ਲਈ ਸਰ ਜੋਹਨ ਸਾਇਮਨ ਦੀ ਅਗਵਾਈ ਵਿੱਚ ਇੱਕ ਕਮਿਸ਼ਨ ਨਿਯੁਕਤ ਕੀਤਾ ਜਿਸਨੂੰ ਸਾਇਮਨ ਕਮਿਸ਼ਨ ਕਿਹਾ ਜਾਂਦਾ ਹੈ। ਕਈ ਆਗੂਆਂ ਨੇ ਲਾਲਾ ਲਾਜਪਤ ਰਾਏ ਦੀ ਅਗਵਾਈ ਵਿੱਚ ਇਸ ਕਮਿਸ਼ਨ ਦਾ ਵਿਰੋਧ ਕੀਤਾ ਸੀ। ਬਾਬੂ ਮੰਗੂ ਰਾਮ ਨੇ ਅਪਣੇ ਸੈਂਕੜੇ ਸਾਥੀਆਂ ਨਾਲ ਸਾਇਮਨ ਕਮਿਸ਼ਨ ਅੱਗੇ ਅਪਣਾ ਪੱਖ ਪੇਸ਼ ਕਰਦਿਆਂ ਕਿਹਾ ਕਿ ਅਸੀਂ ਨਾਂ ਹਿੰਦੂ, ਨਾ ਮੁਸਲਿਮ, ਨਾਂ ਸਿੱਖ ਅਤੇ ਨਾ ਹੀ ਇਸਾਈ ਹਾਂ। ਉਨ੍ਹਾਂ ਸਬੂਤਾ ਸਮੇਤ ਦੱਸਿਆ ਕਿ ਉਹ ਆਦਿ ਧਰਮੀ ਹਨ ਜੋਕਿ ਕਿਸੇ ਵੇਲੇ ਇਸ ਦੇਸ਼ ਦੇ ਸ਼ਾਸ਼ਕ ਰਹੇ ਹਨ। ਆਦਿ ਧਰਮ ਆਗੂਆਂ ਦੇ ਸੰਘਰਸ਼ ਕਾਰਨ ਅਛੂਤਾਂ ਨੂੰ ਪੜ੍ਹਣ ਲਿਖਣ ਦੀਆਂ ਸਹੂਲਤਾਂ, ਵੋਟ ਦਾ ਅਧਿਕਾਰ ਪ੍ਰਾਪਤ ਹੋਇਆ, ਬੇਗਾਰ ਪ੍ਰਥਾ ਬੰਦ ਕਰਵਾਈ, ਫੌਜ ਅਤੇ ਪੁਲਿਸ ਵਿੱਚ ਭਰਤੀ ਸ਼ੁਰੂ ਹੋਈ, ਰਜਤਨਾਮੇ ਖਤਮ ਕਰਕੇ ਘਰਾਂ ਦੇ ਮਾਲਕ ਬਣਾਇਆ ਗਿਆ, 1900 ਵਿੱਚ ਬਣਿਆ ਇੰਤਕਾਲ ਇਰਾਜ਼ੀ ਐਕਟ ਜਿਸ ਅਨੁਸਾਰ ਸਿਰਫ 12 ਜਾਤਾਂ ਜਿਨ੍ਹਾਂ ਵਿੱਚ ਅਹੀਰ, ਅਰਾਈ, ਅਵਾਣ, ਗੁੱਜਰ, ਜੱਟ, ਕੰਬੋਜ, ਮੀਂਏ, ਪਠਾਣ, ਕਨੈਤ, ਰਾਜਪੂਤ, ਰਾਠੀ, ਸੈਣੀ ਹੀ ਜਮੀਨ ਖਰੀਦ ਸਕਦੇ ਸਨ ਖਤਮ ਕਰਵਾਇਆ ਜਿਸ ਨਾਲ ਗੈਰ ਮਾਰੂਸੀ ਲੋਕਾਂ ਨੂੰ ਵੀ ਜਾਇਦਾਦ ਖ੍ਰੀਦਣ ਦਾ ਅਧਿਕਾਰ ਮਿਲਿਆ। ਆਦਿ ਧਰਮ ਮੰਡਲ ਨੇ ਹਰੀਜਨ ਸ਼ਬਦ ਦੀ ਵਰਤੋਂ ਦਾ ਖੁੱਲਕੇ ਵਿਰੋਧ ਕੀਤਾ। ਸਾਲ 1930 ਵਿੱਚ ਗਵਰਨਰ ਪੰਜਾਬ ਨੇ ਆਰਡਰ ਜਾਰੀ ਕੀਤੇ ਕਿ ਆਦਿ ਧਰਮੀ ਲੜਕੇ ਲੜਕੀਆਂ ਜੋ ਦਸਵੀਂ ਪਾਸ ਹਨ ਨੂੰ ਅਧਿਆਪਕ ਦੀ ਸਿਖਲਾਈ ਦੇਣ ਲਈ ਸਪੈਸ਼ਲ ਕਲਾਸਾਂ ਸ਼ੁਰੂ ਕੀਤੀਆਂ ਜਾਣ। ਚੌਧਰੀ ਸਦਰੂਦੀਨ ਖਾਨ ਨੇ ਆਦਿ ਧਰਮ ਮੰਡਲ ਦੀ ਇਮਾਰਤ ਵਿੱਚ ਇਹ ਕਲਾਸਾਂ ਲਗਾਈਆਂ ਅਤੇ 80 ਵਿਅਕਤੀਆਂ ਨੂੰ ਜੇ ਬੀ ਟੀ ਦਾ ਕੌਰਸ ਕਰਵਾਕੇ ਮਾਸਟਰ ਬਣਾਇਆ ਗਿਆ। 26 ਫਰਵਰੀ 1930 ਨੂੰ ਆਦਿ ਧਰਮ ਰਜਿਸਟਰਡ ਹੋਇਆ ਅਤੇ 1931 ਵਿੱਚ ਹੋਈ ਜਨਗਣਨਾ ਵਿੱਚ ਪੰਜਾਬ ਦੀ ਕੁੱਲ ਅਬਾਦੀ ਲੱਗਭੱਗ 28491000 ਸੀ ਅਤੇ ਪਹਿਲੀ ਵਾਰ ਆਦਿ ਧਰਮ ਨੂੰ ਜੋੜ੍ਹਿਆ ਗਿਆ ਅਤੇ ਉਸ ਵੇਲੇ ਪੰਜਾਬ ਵਿੱਚ ਲੱਗਭੱਗ 418789 ਲੋਕਾਂ ਨੇ ਜੋਕਿ ਕੁੱਲ ਅਬਾਦੀ ਦਾ ਲੱਗਭੱਗ 1.5 ਫਿਸਦੀ ਸੀ ਨੇ ਅਪਣਾ ਧਰਮ ਆਦਿ ਧਰਮ ਲਿਖਾਇਆ ਸੀ। ਇਸ ਜਨਗਣਨਾ ਵੇਲੇ ਕਈ ਥਾਵਾਂ ਤੇ ਲੜਾਈ ਝਗੜੇ ਹੋਏ ਜਿਸ ਵਿੱਚ ਰਲਾ ਰਾਮ ਰਵਿਦਾਸੀਆ ਅਤੇ ਝਗੜੂ ਰਾਮ ਬਾਲਮਿਕੀ ਮਾਰੇ ਗਏ ਸਨ ਅਤੇ ਹੋਰ ਕਈ ਜਖਮੀ ਹੋਏ ਜਿਸ ਕਾਰਨ ਇਸਨੂੰ ਖੂਨੀ ਮਰਦਮਸ਼ੁਮਾਰੀ ਵੀ ਕਿਹਾ ਜਾਂਦਾ ਹੈ, ਕਈ ਥਾਵਾਂ ਤੇ ਅਛੂਤਾਂ ਨੂੰ ਜਬਰਦਸਤੀ ਹਿੰਦੂ ਅਤੇ ਸਿੱਖ ਲਿਖਿਆ ਗਿਆ। ਵਰਣਨਯੋਗ ਹੈ ਕਿ 1911 ਦੀ ਜਨਗਣਨਾ ਵੇਲੇ ਅਛੂਤਾਂ ਦੀ ਜਿਹੜੀ ਜਨਸੰਖਿਆ ਲੱਗਭੱਗ 28 ਲੱਖ ਸੀ ਉਹ 1931 ਵਿੱਚ ਘਟਾਕੇ ਲੱਗਭੱਗ 13 ਲੱਖ ਕਰ ਦਿੱਤੀ ਗਈ। ਸਾਲ 1930,31,32 ਵਿੱਚ ਲੰਡਨ ਵਿੱਚ ਹੋਈਆ ਗੋਲਮੇਜ਼ ਕਾਨਫਰੰਸਾ ਵਿੱਚ ਇਹ ਸਾਬਤ ਕਰਨ ਲਈ ਕਿ ਭਾਰਤੀ ਦਲਿਤਾਂ ਦੇ ਅਸਲੀ ਆਗੂ ਡਾਕਟਰ ਅੰਬੇਡਕਰ ਹਨ ਪੰਜਾਬ ਅਤੇ ਹੋਰ ਸੂਬਿਆਂ ਤੋਂ ਦਲਿਤ ਆਗੂਆਂ ਨੇ ਲੱਗਭੱਗ 57 ਤਾਰਾਂ ਲੰਡਨ ਭੇਜੀਆਂ ਜਿਸ ਕਾਰਨ ਅੰਬੇਡਕਰ ਨੂੰ ਅਛੂਤਾਂ ਦੀ ਪ੍ਰਤੀਨਿਧਤਾ ਕਰਨ ਦਾ ਅਧਿਕਾਰ ਮਿਲਿਆ। ਇਸਤੋਂ ਬਾਦ ਇੰਗਲੇਂਡ ਸਰਕਾਰ ਨੇ ਲੋਥੀਅਨ ਕਮੇਟੀ ਨੂੰ ਭਾਰਤ ਭੇਜਿਆ ਜਿਸ ਵਿੱਚ ਅੰਬੇਡਕਰ ਅਛੂਤਾਂ ਦਾ ਨੁਮੰਾਇਦਾ ਬਣਕੇ ਨਾਲ ਆਇਆ। ਇਹ ਕਮੇਟੀ ਜਦੋਂ ਲਹੌਰ ਆਈ ਤਾਂ ਆਦਿ ਧਰਮ ਮੰਡਲ ਦੇ ਆਗੂ ਲੱਗਭੱਗ 10 ਹਜਾਰ ਵਿਅਕਤੀਆਂ ਨਾਲ ਪਹੁੰਚੇ ਅਤੇ ਅਪਣੀਆਂ ਮੰਗਾਂ ਕਮੇਟੀ ਅੱਗੇ ਰੱਖੀਆਂ। ਇਸ ਮੌਕੇ ਕੁੱਝ ਆਰਿਆ ਸਮਾਜੀ ਆਗੂਆਂ ਨੇ ਅਛੂਤ ਗਦਾਰਾਂ ਦੀ ਮੱਦਦ ਨਾਲ ਆਦਿ ਧਰਮ ਮੰਡਲ ਦੀਆਂ ਮੰਗਾਂ ਦਾ ਵਿਰੋਧ ਕੀਤਾ ਪਰੰਤੂ ਮੀਟਿੰਗ ਹਾਲ ਤੋਂ ਬਾਹਰ ਬੈਠੇ ਹਜ਼ਾਰਾਂ ਵਿਅੱਕਤੀਆਂ ਨੇ ਜਦੋਂ ਇੱਕਸੁਰ ਵਿੱਚ ਨਾਹਰੇ ਲਗਾਏ ਤਾਂ ਇਨ੍ਹਾਂ ਆਰਿਆ ਸਮਾਜੀ ਆਗੂਆਂ ਨੂੰ ਨਾਮੋਸ਼ੀ ਦਾ ਸਾਹਮਣਾ ਕਰਨਾ ਪਿਆ। ਆਦਿ ਧਰਮ ਮੰਡਲ ਆਗੂਆਂ ਨੇ ਮੰਗ ਰੱਖੀ ਕਿ ਸਾਡੀ ਗਿਣਤੀ ਅਤੇ ਵਸੋਂ ਦੇ ਹਿਸਾਬ ਨਾਲ ਅਲੱਗ ਰਾਖਵਾਂਕਰਣ ਕੀਤਾ ਜਾਵੇ। ਲਾਰਡ ਲੋਥੀਅਨ ਦੀ ਰਿਪੋਰਟ ਤੋਂ ਬਾਦ ਇੰਗਲੈਂਡ ਦੀ ਸਰਕਾਰ ਨੇ ਅਛੂਤਾਂ ਲਈ ਅਲੱਗ ਚੌਣ ਵਿਵਸਥਾ ਦੀ ਮੰਨਜੂਰੀ ਦੇ ਦਿਤੀ ਜਿਸਨੂੰ ਕਮਿਊਨਲ ਐਵਾਰਡ ਦਾ ਨਾਮ ਦਿਤਾ ਗਿਆ। ਇਸ ਫੈਸਲੇ ਅਨੁਸਾਰ ਪਹਿਲੀ ਵਾਰ ਅਛੂਤਾਂ ਨੂੰ ਹਿੰਦੂਆਂ ਤੋਂ ਵੱਖਰੇ ਮੰਨਕੇ ਅਲੱਗ ਹੱਕ ਦਿੱਤੇ ਗਏ, ਅਛੂਤਾਂ ਨੂੰ ਰਾਖਵਾਂਕਰਣ ਦਿਤਾ ਗਿਆ, ਦੋਹਰੀ ਵੋਟ ਦਾ ਹੱਕ ਦਿਤਾ ਗਿਆ, ਭਾਰਤ ਦੀ ਕੌਂਸਲ ਵਿੱਚ 73 ਸੀਟਾਂ ਹਿੰਦੂਆਂ ਤੋਂ ਅਲੱਗ ਅਛੂਤਾਂ ਨੂੰ ਦਿਤੀਆਂ ਗਈਆਂ। ਇਸ ਕਮਿਊਨਲ ਐਵਾਰਡ ਦੇ ਵਿਰੋਧ ਵਿੱਚ ਕਾਂਗਰਸੀ ਆਗੂ ਗਾਂਧੀ ਜਿਸਨੇ ਪਹਿਲਾਂ ਗੋਲਮੇਜ਼ ਕਾਨਫਰੰਸ ਵਿੱਚ ਵੀ ਡਾਕਟਰ ਅੰਬੇਡਕਰ ਦੇ ਦਾਖਲੇ ਦਾ ਵਿਰੋਧ ਕੀਤਾ ਸੀ ਨੇ ਯਰਵਦਾ ਜੇਲ ਵਿੱਚ 20 ਸਤੰਬਰ, 1932 ਨੂੰ ਮਰਨ ਵਰਤ ਰੱਖ ਲਿਆ ਅਤੇ ਗਾਂਧੀ ਦੇ ਵਿਰੋਧ ਵਿੱਚ ਆਦਿ ਧਰਮ ਆਗੂਆਂ ਨੇ ਵੀ ਮਰਨ ਵਰਤ ਰੱਖ ਲਿਆ। 24 ਸਤੰਬਰ 1932 ਨੂੰ ਡਾਕਟਰ ਅੰਬੇਡਕਰ ਅਤੇ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸਨੂੰ ਪੂਨਾ ਪੈਕਟ ਕਿਹਾ ਜਾਂਦਾ ਹੈ ਅਤੇ ਅਛੂਤਾਂ ਨੂੰ ਹਿੰਦੂਆਂ ਦਾ ਇੱਕ ਹਿੱਸਾ ਮੰਨਿਆ ਗਿਆ। 26 ਸਤੰਬਰ ਨੂੰ ਇਸ ਸਬੰਧੀ ਕਨੂੰਨ ਬਣਨ ਤੋਂ ਬਾਦ ਗਾਂਧੀ ਨੇ ਅਪਣਾ ਮਰਨ ਵਰਤ ਤਾਂ ਖਤਮ ਕਰ ਦਿਤਾ ਪਰ ਬਾਬੂ ਮੰਗੂ ਰਾਮ ਨੇ ਸਾਥੀਆਂ ਨਾਲ ਮਰਨ ਵਰਤ ਜਾਰੀ ਰੱਖਿਆ ਅਤੇ 12ਵੇਂ ਦਿਨ ਸੰਤ ਸਰਵਣ ਦਾਸ ਬੱਲਾਂ ਵਾਲਿਆਂ ਅਤੇ ਸੇਠ ਕਿਸ਼ਨ ਦਾਸ ਦੇ ਹੱਥੋਂ ਜੂਸ ਪੀ ਕੇ ਅਪਣਾ ਮਰਨ ਵਰਤ ਖਤਮ ਕੀਤਾ। ਪੂਨਾ ਪੈਕਟ ਅਨੁਸਾਰ ਪੰਜਾਬ ਵਿੱਚ 08 ਸੀਟਾਂ ਰਾਖਵੀਆਂ ਰੱਖੀਆਂ ਗਈਆਂ। ਸਾਲ 1937 ਵਿੱਚ ਪੰਜਾਬ ਵਿੱਚ ਹੋਈਆ ਚੋਣਾਂ ਵਿੱਚ ਆਦਿ ਧਰਮ ਮੰਡਲ ਆਗੂਆਂ ਨੇ ਬਾਬੂ ਮੰਗੂ ਰਾਮ ਮੂਗੋਵਾਲੀਆ ਦੀ ਅਗਵਾਈ ਵਿੱਚ ਰਾਖਵੀਆਂ 8 ਸੀਟਾਂ ਵਿਚੋਂ 7 ਤੇ ਜਿੱਤ ਹਾਸਲ ਕੀਤੀ ਅਤੇ 8ਵੀਂ ਸੀਟ ਜੋਕਿ ਸਿਰਫ 07 ਵੋਟਾਂ ਨਾਲ ਹਾਰੀ ਸੀ ਜਿੱਤਣ ਵਾਲਾ ਮੂਲਾ ਸਿੰਘ ਬਲਾਚੌਰ ਵੀ ਬਾਦ ਵਿੱਚ ਆਦਿ ਧਰਮ ਮੰਡਲ ਵਿੱਚ ਸ਼ਾਮਿਲ ਹੋ ਗਿਆ ਸੀ। ਸਾਲ 1942 ਵਿੱਚ ਦੂਜੀ ਸੰਸਾਰਿਕ ਜੰਗ ਹੋਣ ਕਾਰਨ ਚੌਣਾਂ ਨਹੀਂ ਹੋਈਆਂ ਅਤੇ 1946 ਵਿੱਚ ਬਾਬੂ ਮੰਗੂ ਰਾਮ ਆਪਣੇ 04 ਹੋਰ ਸਾਥੀਆਂ ਨਾਲ ਪੰਜਾਬ ਅਸੈਂਬਲੀ ਲਈ ਚੁਣੇ ਗਏ ਸਨ। ਆਪ ਨੇ ਦੱਬੇ-ਕੁਚਲੇ ਵਰਗਾਂ ਲਈ ਵਿਦਿਅਕ ਅਤੇ ਰੁਜ਼ਗਾਰ ਦੇ ਮੌਕੇ ਵਧਾਉਣ ਦੀ ਵਕਾਲਤ ਕੀਤੀ। ਜੂਨ 1928 ਵਿੱਚ ਸ਼ਹੀਦ ਭਗਤ ਸਿੰਘ ਨੇ ਕਿਰਤੀ ਅਖਬਾਰ ਵਿੱਚ "ਅਛੂਤ ਦੀ ਸਮੱਸਿਆ" ਸਿਰਲੇਖ ਵਾਲਾ ਇੱਕ ਲੇਖ ਪ੍ਰਕਾਸ਼ਿਤ ਕੀਤਾ ਜਿਸ ਵਿੱਚ ਅਛੂਤਾਂ ਨੂੰ ਸੁਤੰਤਰ ਰੂਪ ਵਿੱਚ ਜਥੇਬੰਦ ਕਰਨ ਲਈ ਆਦਿ ਧਰਮ ਮੰਡਲ ਦੇ ਯਤਨਾਂ ਦੀ ਸ਼ਲਾਘਾ ਕੀਤੀ। ਸਾਲ 1947 ਵਿੱਚ ਭਾਰਤ ਦੀ ਵੰਡ ਤੋਂ ਪਹਿਲਾਂ ਮਿਸਟਰ ਮੁਹੰਮਦ ਅਲੀ ਜਿਨਾਹ ਦਾ ਸਕੱਤਰ ਅਪਣੇ ਨਾਲ ਚੌਧੀਰ ਸੁੰਦਰ ਦਾਸ, ਮਾਸਟਰ ਗੁਰਬੰਤਾ ਸਿੰਘ ਅਤੇ ਕਈ ਅਫਸਰਾਂ ਨੂੰ ਨਾਲ ਲੈਕੇ ਪਿੰਡ ਮੂਗੋਵਾਲ ਪਹੁੰਚਿਆ ਅਤੇ ਮੰਗ ਰੱਖੀ ਕਿ ਜੇਕਰ ਉਹ ਮੁਸਲਿਮ ਲੀਗ ਦੀ ਗੱਲ ਮੰਨਕੇ ਪਾਕਿਸਤਾਨ ਨਾਲ ਮਿਲ ਜਾਣ ਤਾਂ 50 ਮੁਰੱਬੇ ਜਮੀਨ ਅਤੇ 50 ਹਜਾਰ ਰੁਪਏ ਦੇਣਗੇ ਜਿਸਨੂੰ ਉਨ੍ਹਾਂ ਨੇ ਠੁਕਰਾ ਦਿਤਾ। ਅਜਾਦੀ ਤੋਂ ਬਾਦ 1951 ਵਿੱਚ ਹੋਈ ਜਨਗਣਨਾ ਵਿੱਚ ਆਦਿ ਧਰਮ ਦਾ ਖਾਨਾ ਖਤਮ ਕਰ ਦਿਤਾ ਗਿਆ।

ਅਜਾਦ ਭਾਰਤ ਵਿੱਚ ਵੀ ਬਾਬੂ ਮੰਗੂ ਰਾਮ ਨੇ ਆਦਿ ਧਰਮ ਲਹਿਰ ਨੂੰ ਚਲਾਉਣ ਲਈ ਲਗਾਤਾਰ ਸੰਘਰਸ਼ ਕੀਤਾ। 1972 ਵਿੱਚ ਆਪ ਨੂੰ ਕੇਂਦਰ ਸਰਕਾਰ ਨੇ ਸਨਮਾਨਿਤ ਕੀਤਾ ਅਤੇ ਪੈਨਸ਼ਨ ਲਗਾਈ। ਸਰਕਾਰ ਵਲੋਂ ਆਪ ਨੂੰ ਗੜ੍ਹਸੰਕਰ ਨੇੜੇ ਕੁੱਝ ਜਮੀਨ ਦਿੱਤੀ ਗਈ। 22 ਅਪ੍ਰੈਲ 1980 ਨੂੰ ਗਦਰ ਲਹਿਰ ਅਤੇ ਆਦਿ ਧਰਮ ਅੰਦੋਲਨ ਦਾ ਇਹ ਆਗੂ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਕਾਂਗਰਸੀ ਆਗੂ ਸਾਬਕਾ ਰਾਜ ਸਭਾ ਮੈਂਬਰ ਸਮਸ਼ੇਰ ਸਿੰਘ ਦੂਲੋਂ ਵਲੋਂ ਇਸ ਪਿੰਡ ਵਿੱਚ ਬਾਬੂ ਜੀ ਦਾ ਬੁੱਤ ਬਣਵਾਇਆ ਗਿਆ ਹੈ। ਅੱਜ ਵੱਖ ਵੱਖ ਸੰਸਥਾਵਾਂ ਵਲੋਂ ਇਸ ਮਹਾਨ ਆਗੂ ਦਾ ਜਨਮ ਦਿਨ ਮਨਾਇਆ ਜਾ ਰਿਹਾ ਹੈ। ਅਜ਼ਾਦੀ ਲਈ ਕੀਤੇ ਗਏ ਸੰਘਰਸ਼ ਅਤੇ ਸਦੀਆਂ ਤੋਂ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਚੁੱਕੇ ਗਏ ਕਦਮਾਂ ਕਾਰਨ ਬਾਬੂ ਮੰਗੂ ਰਾਮ ਮੂਗੋਵਾਲੀਆ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।



# ਅਜੋਕੀ ਸਿੱਖਿਆ ਪ੍ਰਣਾਲੀ ਦੀ ਦਿਸ਼ਾ ਅਤੇ ਦਸ਼ਾ



ਡਾ. ਇਕਬਾਲ ਸਿੰਘ ਸਕਰੌਦੀ
91-84276-85020

ਕਿਸੇ ਵੀ ਸਮਾਜ, ਰਾਜ, ਕੌਮ ਜਾਂ ਦੇਸ਼ ਦੀ ਤਰੱਕੀ ਦੀ ਰਫ਼ਤਾਰ ਇਸ ਗੱਲ ਉੱਤੇ ਨਿਰਭਰ ਕਰਦੀ ਹੈ ਕਿ ਉੱਥੋਂ ਦੇ ਨਾਗਰਿਕਾਂ ਲਈ ਵਿੱਦਿਆ ਦੇ ਪ੍ਰਬੰਧ ਦੀ ਕਿਹੋ ਜਿਹੀ ਵਿਉਂਤਬੰਦੀ ਕੀਤੀ ਗਈ ਹੈ। ਜਿਹੜੇ ਦੇਸ਼ਾਂ ਨੇ ਸਿੱਖਿਆ ਜਿਹੇ ਸਭ ਤੋਂ ਅਹਿਮ ਖੇਤਰ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ, ਉਹ ਦੇਸ਼ ਲਗਾਤਾਰ ਤਰੱਕੀ ਦੀਆਂ ਪੌੜੀਆਂ ਚੜ੍ਹਦੇ-ਚੜ੍ਹਦੇ ਬੁਲੰਦੀਆਂ ਨੂੰ ਛੋਹ ਗਏ। ਪਰੰਤੂ ਜਿਹੜੇ ਦੇਸ਼ਾਂ ਦੇ ਰਾਜਸੀ ਆਗੂਆਂ ਨੇ ਸਿੱਖਿਆ ਜਿਹੇ ਅਹਿਮ ਮਹੱਤਵ ਵਾਲ਼ੇ ਖੇਤਰ ਨੂੰ ਛੱਡ ਕੇ ਕੇਵਲ ਧਰਮ ਦੀ ਰਾਜਨੀਤੀ ਕੀਤੀ। ਵਹਿਮਾਂ ਭਰਮਾਂ ਨੂੰ ਫ਼ੈਲਾਉਣ ਵਾਲ਼ੇ ਅਨਸਰਾਂ ਦੀ ਪਿੱਠ ਥਾਪੜੀ। ਨਸ਼ਿਆਂ ਦੇ ਸੌਦਾਗਰਾਂ ਨੂੰ ਜੇਲ੍ਹਾਂ ਅੰਦਰ ਜਾਂ ਜੇਲ੍ਹਾਂ ਤੋਂ ਬਾਹਰ ਪੁਸ਼ਤ-ਪਨਾਹੀ ਕੀਤੀ, ਉਹ ਦੇਸ਼, ਕੌਮ, ਰਾਜ, ਸਮਾਜ ਨਾ ਕੇਵਲ ਸਿੱਖਿਆ ਦੇ ਖੇਤਰ ਵਿੱਚ ਸਗੋਂ ਹਰ ਪੱਖੋਂ ਪਛੜਦੇ ਚਲੇ ਗਏ।

ਪਿਛਲੇ ਦਿਨੀਂ ਪੰਜਾਬ ਦੇ ਸਕੂਲਾਂ ਵਿਚਲੇ ਵਿੱਦਿਅਕ ਮਿਆਰ ਦੇ ਸਰਵੇਖਣ ਕੀਤੇ ਗਏ ਹਨ। ਜਿਨ੍ਹਾਂ ਦੀ ਰਿਪੋਰਟ ਨੇ ਬਹੁਤ ਹੀ ਨਿਰਾਸ਼ਾਵਾਦੀ ਸਥਿਤੀ ਨੂੰ ਸਾਹਮਣੇ ਲਿਆਂਦਾ ਹੈ। ਹਾਲਾਂਕਿ 2019 ਈ। ਵਿੱਚ ਕੀਤੇ ਗਏ ਸਰਵੇਖਣ ਵਿੱਚ ਪੰਜਾਬ ਰਾਜ ਨੂੰ ਸਿੱਖਿਆ ਦੇ ਖੇਤਰ ਵਿੱਚ ਸਾਰੇ ਭਾਰਤ ਵਿੱਚੋਂ ਪਹਿਲੇ ਨੰਬਰ ਉੱਤੇ ਦਿਖਾਇਆ ਗਿਆ ਸੀ।

ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕੀ ਚਾਰ ਸਾਲ ਦੇ ਅਰਸੇ ਦੌਰਾਨ ਹੀ ਪੰਜਾਬ ਰਾਜ ਵਿੱਚ ਸਿੱਖਿਆ ਦੇ ਖੇਤਰ ਵਿੱਚ ਇੰਨੀਂ ਜ਼ਿਆਦਾ ਗਿਰਾਵਟ ਆ ਗਈ ਹੈ ਕਿ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦਾ ਬੌਧਿਕ ਪੱਧਰ ਇੰਨਾਂ ਹੇਠਾਂ ਚਲਾ ਗਿਆ ਹੈ ਕਿ ਉਹ ਆਪਣੀ ਮਾਂ ਬੋਲੀ ਪੰਜਾਬੀ ਨੂੰ ਪੜ੍ਹਨ ਤੋਂ ਵੀ ਅਸਮਰੱਥ ਹਨ।

ਤਾਜ਼ਾ ਕੀਤੇ ਸਰਵੇਖਣ ਅਨੁਸਾਰ ਤੀਜੀ ਤੋਂ ਅੱਠਵੀਂ ਸ਼੍ਰੇਣੀ ਤੱਕ ਦੇ ਵਿਦਿਆਰਥੀਆਂ ਵਿੱਚੋਂ ਇਕਾਹਠ ਪ੍ਰਤੀਸ਼ਤ ਵਿਦਿਆਰਥੀ ਪੰਜਾਬੀ ਲਿਖਤ ਕਹਾਣੀ, ਕਵਿਤਾ, ਲੇਖ, ਜੀਵਨੀ, ਸਵੈਜੀਵਨੀ ਆਦਿ ਬਿਲਕੁਲ ਹੀ ਨਹੀਂ ਪੜ੍ਹ ਸਕਦੇ। ਪੰਦਰਾਂ ਫੀ ਸਦੀ ਵਿਦਿਆਰਥੀਆਂ ਨੂੰ ਗੁਰਮੁਖੀ ਦੇ ਪੈਂਤੀ ਅੱਖਰਾਂ ਦੀ ਸਿਰਫ਼ ਪਛਾਣ ਹੈ। ਚਾਰ ਫੀ ਸਦੀ ਵਿਦਿਆਰਥੀ ਤਾਂ ਅਜਿਹੇ ਹਨ, ਜਿਹੜੇ ਗੁਰਮੁਖੀ ਦੇ ਅੱਖਰ ਵੀ ਪਛਾਣ ਨਹੀਂ ਸਕਦੇ। ਕੇਵਲ ਬਾਈ ਫੀ ਸਦੀ ਵਿਦਿਆਰਥੀ ਸਿਰਫ਼ ਅੱਖਰ ਪਛਾਣ ਕੇ ਪੜ੍ਹ ਸਕਦੇ ਹਨ।

ਗਣਿਤ ਦੇ ਖੇਤਰ ਵਿੱਚ ਸਥਿਤੀ ਹੋਰ ਵੀ ਵਧੇਰੇ ਚਿੰਤਾਜਨਕ ਹੈ। ਦੋ ਫੀ ਸਦੀ ਵਿਦਿਆਰਥੀ ਤਾਂ ਹਿੰਦਸੇ ਵੀ ਨਹੀਂ ਪਛਾਣ ਸਕਦੇ। ਅੱਠ ਫੀ ਸਦੀ ਵਿਦਿਆਰਥੀ ਸਿਰਫ਼ ਨੌਂ ਤੱਕ ਦੇ ਅੰਕ ਪਛਾਣਦੇ ਹਨ। ਸੋਲ਼ਾਂ ਫੀ ਸਦੀ ਵਿਦਿਆਰਥੀਆਂ ਦੀ ਸਮਰੱਥਾ ਗਿਆਰਾਂ ਤੋਂ ਨੜਿੰਨਵੇਂ ਤੱਕ ਦੇ ਹਿੰਦਸੇ ਪਛਾਣਨ ਤੱਕ ਸੀਮਤ ਹੈ। ਪਰੰਤੂ ਉਹ ਗਣਿਤ ਦੀ ਕੋਈ ਵਿਧੀ ਜਮ੍ਹਾਂ, ਘਟਾਉ, ਗੁਣਾਂ, ਤਕਸੀਮ ਆਦਿ ਸੰਬੰਧੀ ਕੁਝ ਵੀ ਨਹੀਂ ਜਾਣਦੇ। ਕੇਵਲ ਸੈਂਤੀ ਫੀ ਸਦੀ ਵਿਦਿਆਰਥੀ ਘਟਾਉ ਜਾਂ ਤਕਸੀਮ ਕਰ ਸਕਦੇ ਹਨ। ਅੰਗਰੇਜ਼ੀ ਦੀ ਪੜ੍ਹਾਈ ਦੀ ਸਥਿਤੀ ਤਾਂ ਅਤਿਅੰਤ ਗੰਭੀਰ ਹੈ।

ਸਿੱਖਿਆ ਦੀ ਜਿਹੋ ਜਿਹੀ ਤਰਸਯੋਗ ਸਥਿਤੀ ਪੰਜਾਬ ਰਾਜ ਦੀ ਸਰਵੇਖਣ ਦੇ ਇਨ੍ਹਾਂ ਅੰਕੜਿਆਂ ਵਿੱਚ ਵਿਖਾਈ ਗਈ ਹੈ। ਇਸ ਤੋਂ ਸਵਾਲ ਉੱਠਦੇ ਹਨ ਕਿ ਇਸ ਦਾ ਜ਼ਿੰਮੇਵਾਰ ਕੌਣ ਹੈ? ਕੀ ਕੇਂਦਰ ਸਰਕਾਰ ਦੀਆਂ ਪੰਜਾਬ ਰਾਜ ਪ੍ਰਤੀ ਅਪਣਾਈਆਂ ਜਾਂਦੀਆਂ ਪੱਖਪਾਤੀ ਨੀਤੀਆਂ ਇਸ ਲਈ ਜ਼ਿੰਮੇਵਾਰ ਹਨ? ਕੀ ਪੰਜਾਬ ਸਰਕਾਰ ਇਸ ਦੀ ਜ਼ਿੰਮੇਵਾਰ ਹੈ? ਕੀ ਪੰਜਾਬ ਦੇ ਸਿੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਅਤੇ ਅਫ਼ਸਰਸ਼ਾਹੀ ਵੱਲੋਂ ਬਣਾਈਆਂ ਗਈਆਂ ਗ਼ਲਤ ਨੀਤੀਆਂ ਇਸ ਲਈ ਜ਼ਿੰਮੇਵਾਰ ਹਨ? ਕੀ ਸਕੂਲ ਪ੍ਰਿੰਸੀਪਲ ਅਤੇ ਮੁੱਖ ਅਧਿਆਪਕ ਇਸ ਲਈ ਜ਼ਿੰਮੇਵਾਰ ਹਨ? ਕੀ ਅਧਿਆਪਕ ਜ਼ਿੰਮੇਵਾਰ ਹਨ? ਕੀ ਵਿਦਿਆਰਥੀਆਂ ਦੇ ਮਾਪੇ ਜ਼ਿੰਮੇਵਾਰ ਹਨ? ਜਾਂ ਖ਼ੁਦ ਵਿਦਿਆਰਥੀ ਇਸ ਮਾੜੀ ਸਥਿਤੀ ਲਈ ਜ਼ਿੰਮੇਵਾਰ ਹਨ?

ਕੇਂਦਰ ਦੀਆਂ ਪੱਖਪਾਤੀ ਨੀਤੀਆਂ ਨੂੰ ਜੇਕਰ ਇੱਕ ਪਾਸੇ ਕਰ ਦੇਈਏ ਤਾਂ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਤਾਂ ਤਹਿ ਹੈ।

ਸਰਕਾਰ ਦੀ ਇਹ ਡਿਊਟੀ ਬਣਦੀ ਹੈ ਕਿ ਉਹ ਆਪਣੇ ਰਾਜ ਦੇ ਸਮੂਹ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਬਹੁਤ ਹੀ ਸੁਚਾਰੂ ਢੰਗ ਨਾਲ਼ ਚਲਾਉਣ ਲਈ ਵਧੀਆ ਵਿੱਦਿਅਕ ਢਾਂਚਾ, ਸਮੇਂ-ਸਮੇਂ ਸਿਰ ਅਧਿਆਪਕਾਂ ਦੀ ਭਰਤੀ, ਵੱਖ-ਵੱਖ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਵਿਸ਼ਾਵਾਰ ਅਧਿਆਪਕਾਂ ਦੀ ਨਿਯੁਕਤੀ ਕਰਨ ਨੂੰ ਯਕੀਨੀ ਬਣਾਏ।

ਬੇਸ਼ੱਕ ਪਿਛਲੀ ਸਰਕਾਰ ਅਤੇ ਮੌਜੂਦਾ ਪੰਜਾਬ ਸਰਕਾਰ ਵੱਲੋਂ ਇਸ ਪਾਸੇ ਕਾਫ਼ੀ ਸੁਹਿਰਦ ਉਪਰਾਲੇ ਕੀਤੇ ਗਏ ਹਨ। ਪਰੰਤੂ ਫਿਰ ਵੀ ਇਹ ਸਾਰਾ ਕੁਝ ਸੰਤੋਸ਼ਜਨਕ ਨਹੀਂ ਹੈ। ਸਰਕਾਰ ਦੇ ਪੱਧਰ ਉੱਤੇ ਇਸ ਵਿੱਚ ਤੇਜ਼ੀ ਨਾਲ਼ ਹੋਰ ਸੁਧਾਰ ਲਿਆਉਣ ਦੀ ਲੋੜ ਹੈ।

ਦੂਜਾ, ਪਿਛਲੇ ਸੋਲ਼ਾਂ ਸਤਾਰਾਂ ਸਾਲਾਂ ਤੋਂ ਪੰਜਾਬ ਦੀ ਸਕੂਲੀ ਸਿੱਖਿਆ ਦੇ ਪ੍ਰਬੰਧ ਲਈ ਅਜਿਹੇ ਉੱਚ ਅਧਿਕਾਰੀ ਨਿਯੁਕਤ ਕੀਤੇ ਜਾਂਦੇ ਰਹੇ ਹਨ, ਜਿਹੜੇ ਪੰਜਾਬ ਦੇ ਪਿੰਡਾਂ ਦੀ ਆਰਥਿਕ, ਸਮਾਜਿਕ, ਰਾਜਨੀਤਕ, ਸਭਿਆਚਾਰਕ ਸਥਿਤੀ ਨੂੰ ਜਾਣੇ ਬਿਨਾਂ ਹੀ ਚੰਡੀਗੜ੍ਹ ਦੇ ਏ ਸੀ ਹਾਲ ਵਿੱਚ ਬੈਠ ਕੇ ਸਿੱਖਿਆ ਨੀਤੀਆਂ ਬਣਾਉਂਦੇ ਰਹੇ। ਉਨ੍ਹਾਂ ਨੂੰ ਲਾਗੂ ਕਰਦੇ ਰਹੇ। ਉਨ੍ਹਾਂ ਨੇ ਪੰਜਾਬ ਦੇ ਧਰਾਤਲ ਨਾਲ਼ ਜੁੜੇ ਸਿੱਖਿਆ ਸ਼ਾਸਤਰੀਆਂ ਨੂੰ ਆਪਣੇ ਨੇੜੇ ਬਿਲਕੁਲ ਨਹੀਂ ਫਟਕਣ ਦਿੱਤਾ। ਉਹ ਤਾਂ ਸਗੋਂ ਸਕੂਲ ਪ੍ਰਿੰਸੀਪਲ/ਹੈੱਡਮਾਸਟਰ ਸਾਹਿਬਾਨ ਨੂੰ ਵੀ ਚੈੱਕ ਕਰਨ ਵਾਲ਼ੀ ਇੱਕ ਅਜਿਹੀ ਟੀਮ ਉੱਤੇ ਭਰੋਸਾ ਕਰਦੇ ਰਹੇ, ਜਿਹੜੇ ਖ਼ੁਦ ਹੀ ਸਿੱਖਿਆ ਜਿਹੇ ਅਹਿਮ ਖੇਤਰ ਨਾਲ਼ ਤਨ ਮਨ ਨਾਲ਼ ਜੁੜੇ ਹੋਏ ਨਹੀਂ ਸਨ।

ਆਈ ਏ ਐੱਸ ਅਫ਼ਸਰਾਂ ਅਤੇ ਹੋਰ ਉੱਚ ਅਧਿਕਾਰੀਆਂ ਦੀਆਂ ਝਿੜਕਾਂ, ਦਬਕਿਆਂ ਤੋਂ ਡਰਦੇ ਹੋਏ ਇਹੀ ਅਫ਼ਸਰਾਂ ਵੱਲੋਂ ਬਣਾਈ ਟੀਮ ਦੇ ਮੈਂਬਰ ਯੈੱਸ ਸਰ, ਜੀ ਸਰ, ਹਾਂ ਜੀ ਕਹਿਣ ਦੀ ਪ੍ਰਵਿਰਤੀ ਦੇ ਧਾਰਨੀ ਹੁੰਦੇ ਚਲੇ ਗਏ। ਇਨ੍ਹਾਂ ਟੀਮ ਮੈਂਬਰਾਂ ਦੀ 'ਹਾਂ ਜੀ' ਨੇ ਆਈ ਏ ਐਸ ਲੱਬੀ ਨੂੰ ਇਹ ਭੁਲੇਖਾ ਸਿਰਜ ਦਿੱਤਾ ਕਿ ਨੀਚੇ ਸਕੂਲਾਂ ਵਿੱਚ "ਸਭ ਅੱਛਾ ਹੈ।"

ਜਦੋਂ ਸਕੂਲ ਪ੍ਰਿੰਸੀਪਲ ਅਤੇ ਹੈੱਡਮਾਸਟਰ ਸਾਹਿਬਾਨ ਨੂੰ ਉਨ੍ਹਾਂ ਤੋਂ ਹੇਠਲੇ ਰੈਂਕ ਉੱਤੇ ਡਿਊਟੀ ਨਿਭਾਉਣ ਵਾਲ਼ੇ ਅਧਿਆਪਕਾਂ ਤਥਾ ਕਥਿਤ ਡੀ ਐੱਮ, ਬੀ ਐੱਮ ਸਾਹਿਬਾਨ ਚੈੱਕ ਕਰਨ ਲੱਗੇ ਤਾਂ ਕੁਦਰਤੀ ਤੌਰ ਉੱਤੇ ਸਾਡੇ ਪ੍ਰਿੰਸੀਪਲ ਸਾਹਿਬਾਨ ਅਤੇ ਹੈੱਡਮਾਸਟਰ ਸਾਹਿਬਾਨ ਆਪਣੇ ਆਪ ਨੂੰ ਠੱਗਿਆ ਜਿਹਾ ਮਹਿਸੂਸ ਕਰਨ ਲੱਗੇ। ਮਾਨਸਿਕ ਤੌਰ 'ਤੇ ਉਹ ਆਪਣੇ ਆਪ ਨੂੰ ਊਣਾ ਮਹਿਸੂਸ ਕਰਨ ਲੱਗੇ। ਫ਼ਿਰ ਜਦੋਂ ਤਥਾ ਕਥਿਤ ਉਪਰੋਕਤ ਟੀਮਾਂ ਸਕੂਲ ਪ੍ਰਿੰਸੀਪਲ ਅਤੇ ਹੈੱਡਮਾਸਟਰ ਸਾਹਿਬਾਨ ਦੀਆਂ ਝੂਠੀਆਂ ਸੱਚੀਆਂ ਸ਼ਿਕਾਇਤਾਂ ਆਪਣੇ ਆਕਾਵਾਂ ਨੂੰ ਕਰਨ ਲੱਗੇ ਤਾਂ ਉਹੀ ਪ੍ਰਿੰਸੀਪਲ/ਹੈੱਡਮਾਸਟਰ ਸਾਹਿਬਾਨ ਉੱਚ ਅਧਿਕਾਰੀਆਂ ਅਨੁਸਾਰ ਦਿੱਤੇ ਅੰਕੜਿਆਂ ਨੂੰ ਪੂਰਿਆਂ ਕਰਨ ਦੇ ਰਾਹ ਤੁਰ ਪਏ।

ਸਰਕਾਰ ਦੀ ਛਹਿ ਉੱਤੇ ਉੱਚ ਅਧਿਕਾਰੀਆਂ ਵੱਲੋਂ ਦਿੱਤੇ ਅੰਕੜਿਆਂ ਦੀ ਪੂਰਤੀ ਦੇ ਅਮਲ ਵਿੱਚ ਨੈਤਿਕ ਕਦਰਾਂ ਕੀਮਤਾਂ, ਵਿਦਿਆਰਥੀਆਂ ਵਿੱਚ ਗ਼ਲਤੀ ਕਰਨ ਦੇ ਬਾਵਜੂਦ ਵੀ ਸੱਚ ਕਹਿਣ ਦੀ ਦਲੇਰੀ, ਨਕਲ ਨਾ ਕਰਨ ਦੀ ਪ੍ਰਵਿਰਤੀ, ਜਮਾਤ ਦੇ ਸਾਹਮਣੇ ਖੜ੍ਹੋ ਕੇ ਪੂਰੀ ਦ੍ਰਿੜ੍ਹਤਾ ਸਹਿਤ ਆਪਣੇ ਵਿਚਾਰ ਪੇਸ਼ ਕਰਨ ਦੀ ਜੁਰਅਤ, ਸਮੇਂ ਦੀ ਪਾਬੰਦੀ ਆਦਿ ਗੁਣ ਲੋਪ ਹੁੰਦੇ-ਹੁੰਦੇ ਹੌਲ਼ੀ-ਹੌਲ਼ੀ ਪੂਰੀ ਤਰ੍ਹਾਂ ਖ਼ਤਮ ਹੁੰਦੇ ਚਲੇ ਗਏ।

ਪੰਜਾਬ ਦੀ ਸਿੱਖਿਆ ਦੀ ਮੌਜੂਦਾ ਤਰਸਯੋਗ ਹਾਲਤ ਲਈ ਵਿਦਿਆਰਥੀਆਂ ਦੇ ਮਾਪਿਆਂ ਨੂੰ ਵੀ ਪੂਰੀ ਤਰ੍ਹਾਂ ਬਰੀ ਨਹੀਂ ਕੀਤਾ ਜਾ ਸਕਦਾ। ਬੇਸ਼ੱਕ ਇਹ ਗੱਲ ਠੀਕ ਹੈ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬਹੁਤੇ ਵਿਦਿਆਰਥੀਆਂ ਦੇ ਮਾਪੇ ਅਨਪੜ੍ਹ ਹਨ, ਘੱਟ ਪੜ੍ਹੇ ਹਨ। ਬਹੁਤੇ ਦਿਹਾੜੀ, ਮਜ਼ਦੂਰੀ, ਪ੍ਰਾਈਵੇਟ ਫ਼ੈਕਟਰੀਆਂ, ਕਾਰਖਾਨਿਆਂ ਵਿੱਚ ਅੱਠ ਤੋਂ ਦਸ ਘੰਟੇ ਕੰਮ ਕਰਦੇ ਹਨ। ਇਸ ਪ੍ਰਕਾਰ ਉਹ ਸਵੇਰੇ ਘਰੋਂ ਤੁਰਨ ਅਤੇ ਰਾਤ ਨੂੰ ਘਰ ਮੁੜਨ ਤੱਕ ਲਗਪਗ ਗਿਆਰਾਂ ਘੰਟੇ ਘਰੋਂ ਬਾਹਰ ਰਹਿੰਦੇ ਹਨ। ਪਰੰਤੂ ਘਰ ਵਿੱਚ ਆ ਕੇ ਵੀ ਉਹ ਆਪਣੇ ਸਕੂਲ ਪੜ੍ਹਦੇ ਪੁੱਤਰ ਅਤੇ ਧੀ ਨੂੰ ਇਹ ਕਦੀ ਨਹੀਂ ਪੁੱਛਦੇ ਕਿ ਤੁਹਾਨੂੰ ਅੱਜ ਸਕੂਲ ਵਿੱਚ ਕੀ ਪੜ੍ਹਾਇਆ ਗਿਆ ਸੀ? ਜੇਕਰ ਕੁਝ ਪੜ੍ਹਾਇਆ ਨਹੀਂ ਗਿਆ, ਤਾਂ ਕਿਉਂ ਨਹੀਂ ਪੜ੍ਹਾਇਆ ਗਿਆ?

ਦੂਜੀ ਗੱਲ, ਜੇਕਰ ਸਕੂਲ ਦੇ ਪ੍ਰਿੰਸੀਪਲ, ਅਧਿਆਪਕ ਸਾਹਿਬਾਨ ਵਿਦਿਆਰਥੀ/ ਵਿਦਿਆਰਥਣ ਦੀ ਕਿਸੇ ਗ਼ਲਤੀ ਕਾਰਨ ਉਸ ਨੂੰ ਝਿੜਕਦੇ ਹਨ, ਡਾਂਟਦੇ ਹਨ, ਜਾਂ ਉੱਚੀ ਆਵਾਜ਼ ਵਿੱਚ ਉਨ੍ਹਾਂ ਨੂੰ ਕੁਝ ਕਹਿੰਦੇ ਹਨ ਤਾਂ ਉਹ ਆਪਣੇ ਪੁੱਤਰ ਜਾਂ ਧੀ ਦੀ ਗ਼ਲਤੀ ਨੂੰ ਜਾਣੇ ਬਿਨਾਂ ਹੀ ਸਕੂਲ ਵਿੱਚ ਆ ਕੇ ਸੰਬੰਧਿਤ ਅਧਿਆਪਕ ਨਾਲ਼ ਬਹਿਸ ਕਰਦੇ ਹਨ। ਉਨ੍ਹਾਂ ਨੂੰ ਮੰਦਾ ਚੰਗਾ ਬੋਲਦੇ ਹਨ। ਕਈ ਵਾਰੀ ਤਾਂ ਸਰੀਰਕ ਹਮਲਾ ਕਰਨ ਦੀਆਂ ਘਟਨਾਵਾਂ ਵੀ ਵਾਪਰੀਆਂ ਹਨ। ਅਜਿਹੀ ਸਥਿਤੀ ਵਿੱਚ ਕਿਉਂ ਕੋਈ ਸਕੂਲ ਪ੍ਰਿੰਸੀਪਲ ਜਾਂ ਅਧਿਆਪਕ ਆਪਣੇ ਲਈ ਮੁਫ਼ਤ ਦੀ ਪ੍ਰੇਸ਼ਾਨੀ ਸਹੇੜੇਗਾ?

ਹਾਲਾਂਕਿ ਬਹੁਤ ਸਾਰੇ ਪਿੰਡਾਂ ਦੇ ਸਰਪੰਚ ਸਾਹਿਬਾਨ ਅਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸਾਹਿਬ ਬਹੁਤ ਹੀ ਸੂਝਵਾਨ, ਪੜ੍ਹੇ ਲਿਖੇ ਅਤੇ ਸਿੱਖਿਆ ਪ੍ਰਤੀ ਚੇਤਨ ਵਿਅਕਤੀ ਹਨ। ਪਰੰਤੂ ਫ਼ਿਰ ਵੀ ਹੱਥਾਂ ਦੀਆਂ ਉਂਗਲੀਆਂ ਵਾਂਗ ਸਾਰੇ ਇੱਕ ਸਮਾਨ ਨਹੀਂ ਹਨ। ਹੁਣ ਕਾਫ਼ੀ ਵੱਡੀ ਗਿਣਤੀ ਉਨ੍ਹਾਂ ਲੋਕਾਂ ਦੀ ਹੈ, ਜਿਨ੍ਹਾਂ ਨੇ ਗਾਹੇ-ਵਗਾਹੇ ਵਧੀਆ ਢੰਗ ਨਾਲ਼ ਚੱਲਦੇ ਸਕੂਲ ਪ੍ਰਬੰਧ ਵਿੱਚ ਆਪਣੀ ਟੰਗ ਜ਼ਰੂਰ ਹੀ ਅੜ੍ਹਾਉਣੀ ਹੁੰਦੀ ਹੈ ਤਾਂ ਜੋ ਖੜਕਾ ਦੜਕਾ ਹੋਣ ਨਾਲ਼ ਇਨ੍ਹਾਂ ਚੌਧਰੀਆਂ ਦਾ ਨਾਂ ਵੀ ਚਰਚਾ ਵਿੱਚ ਆਉਂਦਾ ਰਹੇ। ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦਾ ਰਹੇ।

ਸਕੂਲ ਦੇ ਸਭ ਤੋਂ ਅਹਿਮ ਵਰਗ ਅਧਿਆਪਕ ਸਾਹਿਬਾਨ ਦੀ ਗੱਲ ਕਰਨ ਤੋਂ ਪਹਿਲਾਂ ਮੈਂ ਇੱਥੇ ਇੱਕ ਗੱਲ ਸਾਂਝੀ ਕਰਨੀ ਚਾਹੁੰਦਾ ਹਾਂ। ਮੇਰੇ ਇੱਕ ਅਜ਼ੀਜ਼ ਦੋਸਤ ਦੀਆਂ ਦੋ ਧੀਆਂ, ਦੋ ਭਤੀਜੇ, ਇੱਕ ਭਾਣਜਾ ਜ਼ਿਲ੍ਹੇ ਦੀ ਇੱਕ ਟ੍ਰੇਨਿੰਗ ਸੰਸਥਾ ਵਿੱਚ ਵੱਖ-ਵੱਖ ਸਮੇਂ ਈ ਟੀ ਟੀ ਦਾ ਦੋ ਸਾਲਾ ਕੋਰਸ ਕਰਕੇ ਸਾਰੇ ਹੀ ਅਧਿਆਪਕ ਲੱਗੇ ਹੋਏ ਹਨ। ਉਹ ਬੜੀ ਜ਼ਿੰਮੇਵਾਰੀ ਨਾਲ਼ ਆਪਣੀ ਡਿਊਟੀ ਨਿਭਾਅ ਰਹੇ ਹਨ।

ਮੇਰੇ ਮਿੱਤਰ ਨੇ ਹੀ ਮੈਨੂੰ ਜਾਣਕਾਰੀ ਦਿੱਤੀ ਕਿ ਜਿੰਨੇ ਸਾਲ ਉਸ ਦੀਆਂ ਧੀਆਂ ਅਤੇ ਰਿਸ਼ਤੇਦਾਰਾਂ ਦੇ ਧੀ ਪੁੱਤਰ ਟ੍ਰੇਨਿੰਗ ਸੰਸਥਾ ਵਿੱਚ ਟ੍ਰੇਨਿੰਗ ਲੈਂਦੇ ਰਹੇ। ਉਸ ਸੰਸਥਾ ਦੀ ਆਪਣੀ ਕੋਈ ਬਿਲਡਿੰਗ ਨਹੀਂ ਸੀ। ਸਾਰੀਆਂ ਜਮਾਤਾਂ ਗਰਮੀਆਂ ਵਿੱਚ ਰੁੱਖਾਂ ਦੀ ਛਾਂ ਹੇਠ ਅਤੇ ਸਰਦੀਆਂ ਵਿੱਚ ਖੁੱਲ੍ਹੇ ਅਸਮਾਨ ਹੇਠ ਹੀ ਲਗਦੀਆਂ ਰਹੀਆਂ ਸਨ। ਬਲੈਕ ਬੋਰਡ ਦੇ ਤੌਰ 'ਤੇ ਹਰੇਕ ਜਮਾਤ ਕੋਲ ਕੇਵਲ ਇੱਕ ਲੱਕੜੀ ਦਾ ਫੱਟਾ ਹੁੰਦਾ ਸੀ। ਜਿਸ ਉੱਪਰ ਕੁਝ ਵੀ ਲਿਖਣ ਲੱਗਿਆਂ ਸੰਬੰਧਿਤ ਅਧਿਆਪਕ ਆਪਣੀ ਬੈਠਣ ਵਾਲ਼ੀ ਕੁਰਸੀ ਉੱਪਰ ਹੀ ਬਲੈਕ ਬੋਰਡ ਰੱਖ ਲੈਂਦਾ ਸੀ ਤਾਂ ਜੋ ਸਾਰੇ ਵਿਦਿਆਰਥੀਆਂ ਨੂੰ ਬੋਰਡ ਉੱਪਰ ਲਿਖਿਆ ਸਹੀ ਢੰਗ ਨਾਲ਼ ਦਿਖਾਈ ਦਿੰਦਾ ਰਹੇ। ਮੇਰੇ ਮਿੱਤਰ ਦੇ ਦੱਸਣ ਅਨੁਸਾਰ ਲਗਪਗ ਦਸ ਸਾਲ ਤੱਕ ਉਹ ਸੰਸਥਾ ਬਿਨਾਂ ਬਿਲਡਿੰਗ ਤੋਂ ਚੱਲਦੀ ਰਹੀ। ਪਰੰਤੂ ਉਨ੍ਹਾਂ ਦਸਾਂ ਸਾਲਾਂ ਦੌਰਾਨ ਉਸੇ ਸੰਸਥਾ ਦੇ ਵਿਦਿਆਰਥੀ ਪੰਜਾਬ ਦੀ ਮੈਰਿਟ ਸੂਚੀ ਵਿੱਚ ਆਉਂਦੇ ਰਹੇ। ਖੇਡਾਂ , ਸਾਹਿਤਕ, ਸਭਿਆਚਾਰਕ ਮੁਕਾਬਲਿਆਂ ਵਿੱਚ ਵੀ ਮੋਹਰੀ ਬਣੇ ਰਹੇ। ਸਪੱਸ਼ਟ ਹੈ ਕਿ ਕਿਸੇ ਸੰਸਥਾ ਕੋਲ ਆਪਣੀ ਬਿਲਡਿੰਗ ਨਹੀਂ ਹੈ। ਵਿਦਿਆਰਥੀ ਦਰੀਆਂ ਉੱਤੇ ਬੈਠ ਕੇ ਖੁੱਲ੍ਹੇ ਅਸਮਾਨ ਹੇਠ ਪੜ੍ਹਦੇ ਰਹੇ ਸਨ। ਫ਼ਿਰ ਵੀ ਉਹ ਪੰਜਾਬ ਭਰ ਵਿੱਚੋਂ ਮੈਰਿਟ ਸੂਚੀ ਵਿੱਚ ਆਪਣੇ ਨਾਂ ਦਰਜ ਕਰਵਾਉਂਦੇ ਰਹੇ ਸਨ। ਇੱਥੇ ਉਸ ਸੰਸਥਾ ਦੇ ਅਧਿਆਪਕਾਂ ਦੀ ਮਿਹਨਤ ਨੂੰ ਅਤੇ ਉਸ ਸੰਸਥਾ ਦੇ ਵਿਦਿਆਰਥੀਆਂ ਵੱਲੋਂ ਕੀਤੀ ਗਈ ਉੰਨੀਂ ਹੀ ਮਿਹਨਤ ਨੂੰ ਸਲਾਮ ਕਰਨਾ ਬਣਦਾ ਹੈ।

ਹੁਣ ਅਧਿਆਪਕਾਂ ਸੰਬੰਧੀ ਗੱਲ ਕਰਨੀ ਬਣਦੀ ਹੈ। ਜਿਸ ਤਰ੍ਹਾਂ ਅਸੀਂ ਸਾਰੇ ਜਾਣਦੇ ਹਾਂ ਕਿ ਕੋਈ ਅਜਿਹਾ ਕੰਮ ਹੁੰਦਾ ਹੈ, ਜਿਸ ਨੂੰ ਕਰਨ ਲਈ ਸਾਡਾ ਵਾਰ-ਵਾਰ ਜੀਅ ਕਰਦਾ ਹੈ। ਜਿਸ ਨੂੰ ਕਰਕੇ ਸਾਨੂੰ ਇੱਕ ਸੰਤੋਸ਼ ਜਿਹਾ ਪ੍ਰਾਪਤ ਹੁੰਦਾ ਹੈ। ਸੰਤੁਸ਼ਟੀ ਹਾਸਲ ਹੁੰਦੀ ਹੈ। ਕੰਮ ਕਿੰਨਾਂ ਵੀ ਲੰਮਾ ਜਾਂ ਔਖਾ ਹੋਵੇ, ਨਾ ਸਾਨੂੰ ਥਕੇਵਾਂ ਹੁੰਦਾ ਹੈ ਅਤੇ ਨਾ ਅਕੇਵਾਂ ਹੁੰਦਾ ਹੈ। ਅਜਿਹਾ ਕੰਮ ਕਰਨ ਲਈ ਕਿਸੇ ਦੇ ਹੁਕਮ ਦੀ ਲੋੜ ਨਹੀਂ ਹੁੰਦੀ। ਅਜਿਹਾ ਕੰਮ ਕਰਨ ਲਈ ਜੇਕਰ ਲੋੜੀਂਦੀਆਂ ਵਸਤਾਂ, ਸਹੂਲਤਾਂ, ਸਮਾਨ ਨਾ ਵੀ ਹੋਵੇ ਤਾਂ ਵੀ ਇਨਸਾਨ ਇੱਧਰੋਂ ਉੱਧਰੋਂ ਨਿੱਕ ਸੁੱਕ ਇਕੱਠਾ ਕਰਕੇ ਆਪਣਾ ਕੰਮ ਸਾਰ ਲੈਂਦਾ ਹੈ। ਅਜਿਹਾ ਕੰਮ ਕਰਦੇ ਸਮੇਂ ਉਸ ਨੂੰ ਭੁੱਖ ਵੀ ਨਹੀਂ ਲੱਗਦੀ। ਨਾ ਹੀ ਉਹ ਕਿਸੇ ਦੀ ਵਾਹ ਵਾਹ ਦੀ ਉਡੀਕ ਕਰਦਾ ਹੈ।

ਪਰੰਤੂ ਇਸ ਦੇ ਬਿਲਕੁਲ ਉਲਟ ਕੋਈ ਅਜਿਹਾ ਕੰਮ ਵੀ ਹੁੰਦਾ ਹੈ, ਜਿਸ ਨੂੰ ਕਰਨ ਲਈ ਸਾਡਾ ਜੀਅ ਨਹੀਂ ਕਰਦਾ। ਜਿਹੜਾ ਸਾਨੂੰ ਭਾਰ ਮਾਲੂਮ ਹੁੰਦਾ ਹੈ। ਜਿਸ ਨੂੰ ਕਰਨ ਨਾਲ਼ ਬਹੁਤ ਜਲਦੀ ਥਕੇਵਾਂ ਹੋ ਜਾਂਦਾ ਹੈ। ਦਿਲ ਅੱਕ ਜਾਂਦਾ ਹੈ। ਗੁੱਸਾ ਜਿਹਾ ਆਉਣ ਲੱਗ ਪੈਂਦਾ ਹੈ। ਆਂਢੀਆਂ ਗੁਆਂਢੀਆਂ ਨਾਲ਼ ਲੜਨ ਨੂੰ ਜੀਅ ਕਰਦਾ ਹੈ। ਹੋਰ ਤਾਂ ਹੋਰ ਕੰਮ ਨਾਲ਼ ਸੰਬੰਧਿਤ ਸੰਦਾਂ ਔਜ਼ਾਰਾਂ ਨੂੰ ਵੀ ਭੰਨ ਤੋੜਨ ਤੱਕ ਨੌਬਤ ਆ ਜਾਂਦੀ ਹੈ। ਅਜਿਹਾ ਕੰਮ ਬੇਸ਼ੱਕ ਕਿੰਨਾਂ ਵੀ ਸੌਖਾ ਕਿਉਂ ਨਾ ਹੋਵੇ। ਇਸ ਦਾ ਬੇਸ਼ੱਕ ਕਿੰਨਾਂ ਵੀ ਆਰਥਿਕ ਲਾਭ ਸਾਨੂੰ ਮਿਲ ਰਿਹਾ ਹੋਵੇ। ਫ਼ਿਰ ਵੀ ਇਹ ਕੰਮ ਕਰਨ ਨੂੰ ਸਾਡਾ ਜੀਅ ਨਹੀਂ ਕਰਦਾ।

ਸੋ ਸਪੱਸ਼ਟ ਹੈ ਕਿ ਕੋਈ ਵੀ ਕੰਮ ਕਰਨ ਲਈ ਕੰਮ ਵਿੱਚ ਰੁਚੀ ਦਾ ਹੋਣਾ ਬਹੁਤ ਜਰੂਰੀ ਹੈ। ਕੰਮ ਦੀ ਚੋਣ ਵਿੱਚ ਕੰਮ ਕਰਨ ਵਾਲੇ ਦਾ ਹਿੱਸਾ ਹੋਣਾ ਜਰੂਰੀ ਹੈ। ਕੰਮ ਦਾ ਫੁਰਨਾ ਜਾਂ ਕੰਮ ਦੀ ਪ੍ਰੇਰਣਾ ਕਰਤੇ ਵੱਲੋਂ ਹੋਣੀ ਚਾਹੀਦੀ ਹੈ ਨਾ ਕਿ ਕੰਮ ਕਰਾਉਣ ਵਾਲ਼ੇ ਵੱਲੋਂ।

ਪੜ੍ਹਾਈ ਦੀ ਕਿਰਿਆ ਇੱਕ ਅਜਿਹਾ ਕੰਮ ਹੈ, ਜਿਹੜਾ ਮੱਲੋਮੱਲੀ ਕਿਸੇ ਤੋਂ ਕਰਵਾਇਆ ਨਹੀਂ ਜਾ ਸਕਦਾ। ਜਿਹੜਾ ਕਿਸੇ ਦੇ ਸਿਰ ਨਹੀਂ ਮੜ੍ਹਿਆ ਜਾ ਸਕਦਾ। ਪੜ੍ਹਾਈ ਦੇ ਕਾਰਜ ਵਿੱਚ ਪੜ੍ਹਨ ਵਾਲ਼ੇ ਅਤੇ ਪੜ੍ਹਾਉਣ ਵਾਲ਼ੇ ਦੀ ਧੁਰ ਅੰਦਰੋਂ ਰਜ਼ਾਮੰਦੀ ਹੋਣੀ ਬਹੁਤ ਜ਼ਰੂਰੀ ਹੈ।

ਇਸ ਸੰਦਰਭ ਵਿੱਚ ਜਦੋਂ ਅਸੀਂ ਆਪਣੀ ਸਕੂਲੀ ਸਿੱਖਿਆ ਦਾ ਅਧਿਐਨ ਕਰਦੇ ਹਾਂ ਤਾਂ ਵਰਲਡ ਬੈਂਕ ਵੱਲੋਂ ਵਿਕਾਸਸ਼ੀਲ ਦੇਸ਼ਾਂ ਨੂੰ ਮਿਲਣ ਵਾਲ਼ੀਆਂ ਗ੍ਰਾਂਟਾਂ ਨੂੰ ਲਗਾਤਾਰ ਜਾਰੀ ਰੱਖਣ ਦੇ ਅਮਲ ਕਾਰਨ ਕੇਂਦਰੀ ਸਰਕਾਰ ਅਤੇ ਰਾਜ ਸਰਕਾਰਾਂ ਅਜਿਹੇ ਅੰਕੜੇ ਪੇਸ਼ ਕਰਦੀਆਂ ਹਨ ਕਿ ਉਹ ਸੌ ਪ੍ਰਤੀਸ਼ਤ ਸਾਖ਼ਰਤਾ ਦਰ ਵਿਖਾ ਸਕਣ। ਹਾਲਾਂਕਿ ਅਸੀਂ ਸਾਰੇ ਜਾਣਦੇ ਹਾਂ ਕਿ ਕਿਸੇ ਵੀ ਸਮਾਜ ਦੇ ਸੌ ਪ੍ਰਤੀਸ਼ਤ ਵਿਦਿਆਰਥੀ ਸਿੱਖਿਆ ਦੇ ਅਮਲ ਵਿੱਚ ਪੂਰੇ ਨਹੀਂ ਉੱਤਰਦੇ। ਇਸ ਲਈ ਜਿਹੜੇ ਬੱਚੇ ਦੀ ਪੜ੍ਹਨ ਦੇ ਕਾਰਜ ਵਿੱਚ ਰੁਚੀ ਹੀ ਨਹੀਂ ਹੈ, ਉਸ ਨੂੰ ਮੱਲੋਮੱਲੀ ਪੜ੍ਹਾਇਆ ਨਹੀਂ ਜਾ ਸਕਦਾ। ਅੰਗਰੇਜ਼ੀ ਦਾ ਇੱਕ ਅਖਾਣ ਹੈ ਕਿ ਤੁਸੀਂ ਘੋੜੇ ਨੂੰ ਪਾਣੀ ਪਿਲਾਉਣ ਲਈ ਪਾਣੀ ਦੇ ਸਰੋਤ ਤੱਕ ਤਾਂ ਲਿਜਾ ਸਕਦੇ ਹੋ, ਪਰੰਤੂ ਉਸ ਨੂੰ ਪਾਣੀ ਪੀਣ ਲਈ ਮਜਬੂਰ ਨਹੀਂ ਕਰ ਸਕਦੇ।

ਅਸੀਂ ਸਾਰੇ ਜਾਣਦੇ ਹਾਂ ਕਿ ਪਿਛਲੇ ਸੱਤ ਅੱਠ ਸਾਲਾਂ ਵਿੱਚ ਸਰਕਾਰਾਂ ਵੱਲੋਂ ਵੱਖ-ਵੱਖ ਵਿਭਾਗਾਂ ਵਿੱਚ ਬਹੁਤ ਸਾਰੀਆਂ ਅਸਾਮੀਆਂ ਉੱਤੇ ਕੱਟ ਲਾਇਆ ਜਾਂਦਾ ਰਿਹਾ ਹੈ। ਨਤੀਜੇ ਵਜੋਂ ਬਹੁਤ ਸਾਰੇ ਵਿਭਾਗਾਂ ਵਿੱਚ ਨਵੀਂ ਭਰਤੀ ਹੀ ਨਹੀਂ ਕੀਤੀ ਗਈ। ਕੇਵਲ ਸਿੱਖਿਆ ਵਿਭਾਗ ਅਤੇ ਪੁਲਿਸ ਵਿਭਾਗ ਵਿੱਚ ਹੀ ਨੌਜਵਾਨਾਂ ਅਤੇ ਮੁਟਿਆਰਾਂ ਨੂੰ ਰੁਜ਼ਗਾਰ ਪ੍ਰਾਪਤੀ ਦੇ ਮੌਕੇ ਮਿਲੇ ਹਨ।

ਇਨ੍ਹਾਂ ਪਿਛਲੇ ਸਾਲਾਂ ਵਿੱਚ ਬਹੁਤ ਸਾਰੇ ਅਜਿਹੇ ਲੜਕੇ ਅਤੇ ਲੜਕੀਆਂ ਸਿੱਖਿਆ ਵਿਭਾਗ ਪੰਜਾਬ ਵਿੱਚ ਨੌਕਰੀ ਹਾਸਲ ਕਰਨ ਵਿੱਚ ਕਾਮਯਾਬ ਰਹੇ ਹਨ, ਜਿਹੜੇ ਕਿਸੇ ਹੋਰ ਵਿਭਾਗ ਵਿੱਚ ਕਿਸੇ ਉੱਚੇ ਅਹੁਦੇ ਉੱਤੇ ਲੱਗਣਾ ਚਾਹੁੰਦੇ ਸਨ। ਪਰੰਤੂ ਬੇਰੁਜ਼ਗਾਰੀ ਤੋਂ ਤੰਗ ਆ ਕੇ ਉਨ੍ਹਾਂ ਸਿੱਖਿਆ ਵਿਭਾਗ ਪੰਜਾਬ ਵਿੱਚ ਨੌਕਰੀ ਤਾਂ ਹਾਸਲ ਕਰ ਲਈ ਹੈ, ਪਰੰਤੂ ਦਿਲੋਂ ਉਹ ਨਾ ਤਾਂ ਵਿਦਿਆਰਥੀਆਂ ਨਾਲ਼ ਜੁੜੇ ਹਨ। ਨਾ ਸਕੂਲ ਨਾਲ਼ ਜੁੜੇ ਹਨ। ਨਾ ਹੀ ਆਪਣੇ ਕਿੱਤੇ ਨਾਲ਼ ਇਨਸਾਫ਼ ਕਰ ਰਹੇ ਹਨ।

ਮੌਜੂਦਾ ਸਮੇਂ ਵਿੱਚ ਕੇਵਲ ਪੰਜਾਹ ਪ੍ਰਤੀਸ਼ਤ ਅਧਿਆਪਕ ਹੀ ਅਜਿਹੇ ਹਨ, ਜਿਹੜੇ ਪੂਰੀ ਈਮਾਨਦਾਰੀ, ਸਿਰੜ ਨਾਲ, ਲਗਨ, ਮਿਹਨਤ, ਉਤਸ਼ਾਹ, ਖ਼ੁਸ਼ੀ ਉਮਾਹ ਅਤੇ ਤਨ ਮਨ ਨਾਲ਼ ਡਟ ਕੇ ਪੜ੍ਹਾਉਣ ਲਈ ਸੁਹਿਰਦ ਹਨ। ਪਰੰਤੂ ਇਨ੍ਹਾਂ ਨੂੰ ਵੀ ਸਕੂਲਾਂ ਵਿੱਚ ਉਸ ਤਰ੍ਹਾਂ ਦਾ ਸ਼ਾਂਤ ਪੜ੍ਹਾਈ ਵਾਲ਼ਾ ਮਾਹੌਲ ਉਪਲਬਧ ਨਹੀਂ ਹੈ, ਜਿਸ ਵਿੱਚ ਵਧੀਆ ਪੜ੍ਹਾਈ ਕਰਵਾਈ ਜਾ ਸਕਦੀ ਹੈ। ਬਹੁਤੇ ਥਾਂਈਂ ਵੇਖਣ ਵਿੱਚ ਆਇਆ ਹੈ ਕਿ ਆਪਣੀ ਡਿਊਟੀ ਨੂੰ ਸੰਜੀਦਗੀ ਨਾਲ਼ ਨਾ ਨਿਭਾਉਣ ਵਾਲ਼ੇ ਵਿਅਕਤੀ ਸਕੂਲ ਮੁਖੀ ਦੇ ਚਹੇਤੇ ਬਣ ਬੈਠਦੇ ਹਨ। ਉਹ ਆਪ ਤਾਂ ਆਪਣੀ ਡਿਊਟੀ ਪ੍ਰਤੀ ਗ਼ੈਰ ਜ਼ਿੰਮੇਵਾਰ ਬਣੇ ਹੋਏ ਹਨ, ਉਲਟਾ ਕੰਮ ਕਰਨ ਵਾਲੇ ਸੁਹਿਰਦ ਅਧਿਆਪਕਾਂ ਦੇ ਕੰਮ ਵਿੱਚ ਮੀਨ ਮੇਖ ਵੀ ਕਰਦੇ ਹਨ।

ਸਿੱਖਿਆ ਸ਼ਾਸਤਰੀ, ਅਧਿਆਪਕ ਜਥੇਬੰਦੀਆਂ ਦੇ ਆਗੂ, ਸਮਾਜ ਦੇ ਪਤਵੰਤੇ ਸੱਜਣ ਅਕਸਰ ਇਹ ਕਹਿੰਦੇ ਵੇਖੇ ਜਾਂਦੇ ਹਨ ਕਿ ਅਧਿਆਪਕਾਂ ਦੇ ਬਹੁਤ ਸਾਰੇ ਵਰਗ ਬਣਾ ਦਿੱਤੇ ਗਏ ਹਨ। ਉਨ੍ਹਾਂ ਦੀਆਂ ਤਨਖ਼ਾਹਾਂ ਅਤੇ ਭੱਤਿਆਂ ਵਿੱਚ ਵੀ ਬਹੁਤ ਜ਼ਿਆਦਾ ਅੰਤਰ ਹੈ। ਸਾਰੀਆਂ ਸਰਕਾਰਾਂ ਪ੍ਰਾਈਵੇਟੇਸ਼ਨ ਵੱਲ ਵਧ ਰਹੀਆਂ ਹਨ। ਪਰੰਤੂ ਕੀ ਅਸੀਂ ਕਦੀ ਸੋਚਿਆ ਹੈ ਕਿ ਕੀ ਇਹ ਸਥਿਤੀ ਯਕਦਮ ਬਦਲੀ ਹੈ? ਜੀ ਨਹੀਂ। ਬਿਲਕੁਲ ਨਹੀਂ। ਜਦੋਂ ਲੰਮੇ ਸਮੇਂ ਤੱਕ ਸਿੱਖਿਆ ਜਿਹੇ ਪਵਿੱਤਰ ਖੇਤਰ ਵਿੱਚ ਬਹੁਤ ਸਾਰੇ ਲੋਕਾਂ ਨੇ ਆਪਣੇ ਫ਼ਰਜ਼ਾਂ ਨੂੰ ਸੁਚੱਜੇ ਢੰਗ ਨਾਲ਼ ਨਿਭਾਇਆ ਹੀ ਨਹੀਂ ਹੈ ਤਾਂ ਸਰਕਾਰਾਂ ਨੇ ਤਾਂ ਪ੍ਰਾਈਵੇਟੇਸ਼ਨ ਵੱਲ ਵਧਣਾ ਹੀ ਹੈ।

ਅਧਿਆਪਕ ਜਥੇਬੰਦੀਆਂ ਦੇ ਆਗੂ ਸਾਹਿਬਾਨ ਅਧਿਆਪਕਾਂ ਦੇ ਜਮਹੂਰੀ ਹੱਕਾਂ ਪ੍ਰਤੀ ਸਦਾ ਜਾਗਰੂਕ ਰਹਿੰਦੇ ਹਨ। ਧਰਨੇ ਲਾਉਂਦੇ ਹਨ। ਮੁਜ਼ਾਹਰੇ ਕਰਦੇ ਹਨ। ਉੱਥੇ ਅਧਿਆਪਕ ਜਥੇਬੰਦੀਆਂ ਦੇ ਲੀਡਰਾਂ ਦੀ ਇਹ ਵੀ ਡਿਊਟੀ ਬਣਦੀ ਹੈ ਕਿ ਉਹ ਆਪੋ ਆਪਣੇ ਸਕੂਲ ਵਿੱਚ ਪੜ੍ਹਾਈ ਲਈ ਸੁਖਾਵਾਂ ਅਤੇ ਖ਼ੁਸ਼ਗਵਾਰ ਮਾਹੌਲ ਬਣਾਉਣ ਲਈ ਪ੍ਰਿੰਸੀਪਲ/ਹੈੱਡਮਾਸਟਰ ਸਾਹਿਬ ਨੂੰ ਸਹਿਯੋਗ ਕਰਨ। ਅਧਿਆਪਨ ਦੇ ਕਾਰਜ ਨੂੰ ਈਮਾਨਦਾਰੀ ਸਹਿਤ ਨਾ ਨਿਭਾਉਣ ਵਾਲ਼ੇ ਅਧਿਆਪਕਾਂ ਨੂੰ ਕੰਮ ਕਰਨ ਲਈ ਪ੍ਰੇਰਿਤ ਕਰਨ। ਪ੍ਰਿੰਸੀਪਲ/ਹੈੱਡਮਾਸਟਰ ਸਾਹਿਬਾਨ ਦੇ ਸਹਿਯੋਗ ਨਾਲ਼ ਸ਼ਾਮ ਨੂੰ ਛੁੱਟੀ ਸਮੇਂ ਤੋਂ ਬਾਅਦ ਲੋੜਵੰਦ ਗ਼ਰੀਬ ਪਰਿਵਾਰਾਂ ਦੇ ਵਿਦਿਆਰਥੀਆਂ ਨੂੰ ਇੱਕ ਘੰਟੇ ਲਈ ਲਾਜ਼ਮੀ ਤੌਰ 'ਤੇ ਉਹ ਵਿਸ਼ੇ ਪੜ੍ਹਾਉਣ, ਜਿਨ੍ਹਾਂ ਵਿੱਚ ਸੰਬੰਧਿਤ ਵਿਦਿਆਰਥੀ ਪਛੜੇ ਹੋਏ ਹਨ।

ਰਾਜਸੀ ਲੋਕਾਂ ਵੱਲੋਂ ਸਕੂਲਾਂ ਵਿੱਚ ਵਧੀ ਦਖ਼ਲ ਅੰਦਾਜ਼ੀ ਕਾਰਨ ਪੜ੍ਹਾਈ ਲਈ ਮਾਹੌਲ ਅਸਾਵਾਂ ਹੋਇਆ ਹੈ। ਇਸ ਲਈ ਮੁੱਖ ਮੰਤਰੀ ਸਾਹਿਬ ਪੰਜਾਬ ਨੂੰ ਇੱਕ ਅਜਿਹਾ ਸਰਕੂਲਰ ਜਾਰੀ ਕਰਨਾ ਚਾਹੀਦਾ ਹੈ ਕਿ ਆਮ ਹਾਲਤਾਂ ਵਿੱਚ ਕਿਸੇ ਵੀ ਪਾਰਟੀ ਦੇ ਰਾਜਸੀ ਲੀਡਰ ਕਿਸੇ ਵੀ ਸਕੂਲ ਵਿੱਚ ਨਾ ਜਾਣ। ਗ੍ਰਾਂਟਾਂ ਆਦਿ ਦੇ ਚੈੱਕ ਸਿੱਧੇ ਸਕੂਲ ਪ੍ਰਿੰਸੀਪਲ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਹੋਣੇ ਚਾਹੀਦੇ ਹਨ।

ਪਹਿਲਾਂ ਇੱਕੋ ਗੱਲ ਕੀਤੀ ਜਾਂਦੀ ਸੀ ਕਿ ਅਧਿਆਪਕਾਂ ਤੋਂ ਵਿੱਦਿਅਕ ਡਿਊਟੀ ਤੋਂ ਇਲਾਵਾ ਹੋਰ ਬਹੁਤ ਸਾਰੇ ਕੰਮ ਲਏ ਜਾਂਦੇ ਹਨ। ਪਰੰਤੂ ਹੁਣ ਅਜਿਹੀ ਸਥਿਤੀ ਵੀ ਨਹੀਂ ਹੈ। ਇੱਥੇ ਇਹ ਵੀ ਸਵਾਲ ਉਠਾਇਆ ਜਾਂਦਾ ਹੈ ਕਿ ਜੇਕਰ ਸਰਕਾਰੀ ਸਕੂਲਾਂ ਵਿੱਚ ਪੜ੍ਹਾਉਣ ਵਾਲ਼ੇ ਅਧਿਆਪਕ ਬਹੁਤ ਸੁਹਿਰਦ ਹਨ। ਉਹ ਆਪਣੀ ਡਿਊਟੀ ਪੂਰੀ ਈਮਾਨਦਾਰੀ ਨਾਲ਼ ਨਿਭਾਉਂਦੇ ਹਨ, ਤਦ ਉਨ੍ਹਾਂ ਦੇ ਆਪਣੇ ਧੀ ਪੁੱਤਰ ਪ੍ਰਾਈਵੇਟ ਸਕੂਲਾਂ ਵਿੱਚ ਕਿਉਂ ਪੜ੍ਹਦੇ ਹਨ?

ਮੇਰੀ ਇਹ ਨਿੱਜੀ ਰਾਇ ਹੈ ਕਿ ਹਰੇਕ ਸਰਕਾਰੀ ਸਕੂਲ ਦੇ ਪ੍ਰਬੰਧ ਦੀ ਪੂਰੀ ਜ਼ਿੰਮੇਵਾਰੀ ਉਥੋਂ ਦੇ ਪ੍ਰਿੰਸੀਪਲ/ਮੁੱਖ ਅਧਿਆਪਕ ਨੂੰ ਪੂਰੀ ਤਰ੍ਹਾਂ ਸੌਂਪ ਦਿੱਤੀ ਜਾਣੀ ਚਾਹੀਦੀ ਹੈ। ਸਕੂਲ ਸੰਬੰਧੀ ਉਸ ਨੂੰ ਪੂਰੇ ਅਧਿਕਾਰ ਦੇਣ ਦੀ ਲੋੜ ਹੈ। ਇਸ

**(ਬਾਕੀ ਅਗਲੇ ਸਫੇ 'ਤੇ)**

# ਬਿਲਕਿਸ ਬਾਨੋ – ਇਨਸਾਫ਼ ਲਈ ਜੰਗ



ਗੁਰਮੀਤ ਪਲਾਹੀ
91-98158-02070

ਗੁਜਰਾਤ ਵਿੱਚ ਗੋਧਰਾ ਕਾਂਡ ਤੋਂ ਬਾਅਦ ਤਿੰਨ ਮਾਰਚ 2002 ਨੂੰ ਦੰਗੇ ਭੜਕ ਗਏ ਸਨ। ਰੰਧਿਕਪੁਰ ਪਿੰਡ, ਜੋ ਗੁਜਰਾਤ ਦੀ ਤਹਿਸੀਲ ਲਿਮਖੇੜਾ (ਜ਼ਿਲ੍ਹਾ ਦਾਹੋਦ) ਦਾ ਇੱਕ ਪਿੰਡ ਹੈ, ਵਿੱਚ ਭੀੜ ਨੇ ਬਿਲਕਿਸ ਬਾਨੋ ਦੇ ਘਰ ਉਤੇ ਹਮਲਾ ਬੋਲ ਦਿੱਤਾ। ਬਿਲਕਿਸ ਆਪਣੇ ਪਰਿਵਾਰ ਨਾਲ ਖੇਤ ਵਿੱਚ ਲੁਕ ਗਈ ਸੀ। ਉਦੋਂ ਉਸ ਦੀ ਉਮਰ 21 ਸਾਲ ਸੀ ਤੇ ਉਹ 5 ਮਹੀਨੇ ਦੀ ਗਰਭਵਤੀ ਸੀ। ਦੰਗਾਈਆਂ ਨੇ ਬਿਲਕਿਸ ਨੂੰ ਫੜਕੇ ਗੈਂਗਰੇਪ ਕੀਤਾ। ਉਸਦੀ ਮਾਂ ਤੇ ਤਿੰਨ ਹੋਰ ਔਰਤਾਂ ਨਾਲ ਵੀ ਰੇਪ ਕੀਤਾ।

ਇਹ ਹਮਲਾ ਇੰਨਾ ਭਿਆਨਕ ਸੀ ਕਿ ਬਿਲਕਿਸ ਦੇ ਪਰਿਵਾਰ ਦੇ 17 ਜੀਆਂ ਵਿਚੋਂ 7 ਨੂੰ ਮਾਰ ਦਿੱਤਾ ਗਿਆ। ਛੇ ਲਾਪਤਾ ਪਾਏ ਗਏ, ਜਿਹੜੇ ਮੁੜ ਕਦੇ ਨਹੀਂ ਮਿਲੇ। ਹਮਲੇ ਵਿੱਚ ਸਿਰਫ਼ ਬਿਲਕਿਸ, ਇੱਕ ਵਿਅਕਤੀ ਅਤੇ ਤਿੰਨ ਸਾਲ ਦਾ ਬੱਚਾ ਹੀ ਬਚੇ ਸਨ।


ਇਹ ਘਟਨਾ ਪੂਰੇ ਦੇਸ਼ ਵਿੱਚ ਚਰਚਾ ਵਿੱਚ ਆਈ। ਗੈਂਗਰੇਪ ਦੇ ਮੁਲਜ਼ਮਾਂ ਨੂੰ ਦੋ ਸਾਲਾਂ ਬਾਅਦ 2004 ਵਿੱਚ ਗ੍ਰਿਫ਼ਤਾਰ ਕੀਤਾ ਗਿਆ। ਸੀਬੀਆਈ ਸਪੈਸ਼ਲ ਕੋਰਟ ਵਿੱਚ ਮੁਕੱਦਮਾ ਚੱਲਿਆ। ਜਨਵਰੀ 2008 ਵਿੱਚ 11 ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਦੋਸ਼ੀਆਂ ਨੇ ਹਾਈ ਕੋਰਟ ਵਿੱਚ ਅਪੀਲ ਪਾਈ। ਪਰ ਉਹ ਰੱਦ ਹੋ ਗਈ।

ਇਹ ਮੁਕਮਲਾ ਉਸ ਵੇਲੇ ਚਰਚਾ ਵਿੱਚ ਆਇਆ ਜਦੋਂ ਗੁਜਰਾਤ ਸਰਕਾਰ ਨੇ 11 ਦੋਸ਼ੀਆਂ ਦੀ ਸਜ਼ਾ ਮੁਆਫ਼ ਕਰਦਿਆਂ 15 ਅਗਸਤ 2022 ਨੂੰ ਇਹਨਾ ਨੂੰ ਰਿਹਾਅ ਕਰ ਦਿੱਤਾ ਸੀ। ਬਿਲਕਿਸ ਬਾਨੋ ਵਲੋਂ ਇਸ ਫ਼ੈਸਲੇ ਵਿਰੁੱਧ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ, ਜਿਸਦਾ ਫ਼ੈਸਲਾ ਕਰਦਿਆਂ ਭਾਰਤ ਦੀ ਸੁਪਰੀਮ ਕੋਰਟ ਨੇ ਬਿਲਕਿਸ ਕਾਂਡ ਦੇ 11 ਦੋਸ਼ੀਆਂ ਦੀ ਫਰਾਡ ਨਾਲ ਸਜ਼ਾ ਘਟਾਉਣ 'ਤੇ ਗੁਜਰਾਤ ਸਰਕਾਰ ਦੀ ਖਿਚਾਈ ਕੀਤੀ ਅਤੇ ਇਹਨਾ ਬਲਾਤਕਾਰੀਆਂ ਨੂੰ ਫਿਰ ਅੰਦਰ ਡੱਕਣ ਲਈ ਹੁਕਮ ਦਿੱਤਾ ਹੈ।

ਸੁਪਰੀਪ ਕੋਰਟ ਦਾ ਬਿਲਕਿਸ ਬਾਨੋ ਮਾਮਲੇ ਵਿੱਚ ਫ਼ੈਸਲਾ ਗੁਜਰਾਤ ਸਰਕਾਰ ਦੇ ਪੱਖਪਾਤੀ ਵਰਤਾਰੇ ਉਤੇ ਸਖ਼ਤ ਅਦਾਲਤੀ ਹਮਲਾ ਹੈ। ਅਦਾਲਤ ਨੇ ਦੋਸ਼ੀਆਂ ਨੂੰ ਦੋ ਹਫ਼ਤਿਆਂ ਦੇ ਅੰਦਰ ਆਤਮ-ਸਮਰਪਣ ਕਰਨ ਦੇ ਹੁਕਮ ਦਿੱਤੇ ਹਨ ਅਤੇ ਨਾਲ ਹੀ ਅਦਾਲਤ ਨੂੰ ਗੁੰਮਰਾਹ ਕਰਨ ਅਤੇ ਹੱਕ ਹੜੱਪਣ ਨੂੰ ਲੈ ਕੇ ਗੁਜਰਾਤ ਸਰਕਾਰ ਨੂੰ ਫਿਟਕਾਰ ਲਾਈ ਹੈ। ਸੁਪਰੀਮ ਕੋਰਟ ਨੇ ਆਪਣੇ ਹੁਕਮ 'ਚ ਕਿਹਾ ਹੈ ਕਿ ਗੁਜਰਾਤ ਸਰਕਾਰ ਨੂੰ ਦੋਸ਼ੀਆਂ ਨੂੰ ਰਿਹਾ ਕਰਨ ਦਾ ਕੋਈ ਹੱਕ ਹੀ ਨਹੀਂ ਸੀ, ਕਿਉਂਕਿ ਪੂਰੇ ਮਾਮਲੇ ਦੀ ਸੁਣਵਾਈ ਮਹਾਂਰਾਸ਼ਟਰ ਵਿੱਚ ਹੋਈ ਸੀ, ਇਸ ਲਈ ਇਸਦਾ ਫ਼ੈਸਲਾ ਮਹਾਂਰਾਸ਼ਟਰ ਹੀ ਕਰ ਸਕਦਾ ਸੀ।

ਬਿਲਕਿਸ ਬਾਨੋ ਘਟਨਾ, ਮਹਿਲਾਵਾਂ ਖਿਲਾਫ਼ ਘਿਣਾਉਣੇ, ਖੌਫ਼ਨਾਕ ਅਪਰਾਧ ਦੀ ਇੱਕ ਸ਼ਰਮਨਾਕ ਘਟਨਾ ਹੈ। ਆਮ ਤੌਰ 'ਤੇ ਔਰਤਾਂ ਫਿਰਕੂ ਦੰਗਿਆਂ, ਜੰਗਾਂ ਵਿੱਚ ਬੁਰੀ ਤਰ੍ਹਾਂ ਸ਼ਿਕਾਰ ਬਣਾਈਆਂ ਜਾਂਦੀਆਂ ਹਨ। ਉਹਨਾ ਦੇ ਕਤਲ ਹੁੰਦੇ ਹਨ। ਉਹਨਾ ਨਾਲ ਬਲਾਤਕਾਰ ਹੁੰਦਾ ਹੈ ਅਤੇ ਇਹ ਪਸ਼ੂ ਬਿਰਤੀ ਵਾਲੇ ਮਨੁੱਖਾਂ ਦੀ ਸ਼ਰਮਨਾਕ ਕਾਰਵਾਈ ਹੁੰਦੀ ਹੈ। ਪਰ ਸਰਕਾਰਾਂ ਵਲੋਂ ਇਸ ਕਿਸਮ ਦੇ ਲੋਕਾਂ ਦੇ ਹੱਕ ਵਿੱਚ ਖੜ੍ਹ ਕੇ ਉਹਨਾ ਦੀ ਸਜ਼ਾ ਮੁਆਫ਼ ਕਰਨਾ, ਕੀ ਕਲਿਆਣਕਾਰੀ ਸਰਕਾਰ ਦੇ ਕੋਈ ਲੱਛਣ ਹਨ?

ਦੇਸ਼ ਦੀ ਸੁਪਰੀਮ ਕੋਰਟ, ਗੁਜਰਾਤ ਸਰਕਾਰ ਦੇ ਵਲੋਂ ਦੋਸ਼ੀਆਂ ਦੇ ਹੱਕ 'ਚ ਲਏ ਫ਼ੈਸਲੇ ਨੂੰ ਰੱਦ ਕਰਦਿਆਂ ਕਿਹਾ ਕਿ ਉਸਨੇ ਉਹਨਾ ਅਧਿਕਾਰਾਂ ਦਾ ਇਸਤੇਮਾਲ ਕੀਤਾ ਜੋ ਉਸ ਕੋਲ ਨਹੀਂ ਸਨ। ਉਸਨੇ ਤਾਕਤ ਦੀ ਦੁਰਵਰਤੋਂ ਕੀਤੀ ਹੈ।



ਬਿਲਕਿਸ ਬਾਨੋ ਮਾਮਲੇ ਵਿੱਚ ਗੁਜਰਾਤ ਸਰਕਾਰ ਦਾ ਰੁਖ ਸ਼ੁਰੂ ਤੋਂ ਹੀ ਪੱਖਪਾਤੀ ਦੇਖਿਆ ਗਿਆ ਸੀ। ਜਦ ਦੋਸ਼ੀ ਜੇਲ੍ਹ ਵਿੱਚ ਸਨ, ਤਦ ਵੀ ਉਹਨਾ ਨੂੰ ਲੰਮੇ ਸਮੇਂ ਤੱਕ ਦੀ ਪੈਰੋਲ ਦਿੱਤੀ ਗਈ। ਇਹ ਠੀਕ ਹੈ ਕਿ ਸੂਬਾ ਸਰਕਾਰਾਂ ਨੂੰ ਕੁਝ ਮਾਮਲਿਆਂ ਉਤੇ ਦੋਸ਼ੀਆਂ ਦੀ ਸਜ਼ਾ ਮੁਆਫ਼ ਕਰਨ ਦਾ ਅਧਿਕਾਰ ਹੈ,ਪਰੰਤੂ ਇਹ ਇਸ ਗੱਲ ਦੀ ਸਰਕਾਰ ਦੇ ਵਿਵੇਕ ਦੀ ਪਰੀਖਿਆ ਹੁੰਦੀ ਹੈ ਕਿ ਉਹ ਕਿਸ ਮਾਮਲੇ ਵਿੱਚ ਇਹੋ ਜਿਹਾ ਫ਼ੈਸਲਾ ਲੈਂਦੀ ਹੈ।

ਬਿਲਕਿਸ ਦਾ ਮੁਆਮਲਾ ਸਧਾਰਨ ਮਾਮਲਾ ਨਹੀਂ ਸੀ। ਇਹ ਔਰਤਾਂ ਨਾਲ ਸਬੰਧਤ ਇੱਕ ਸ਼ਰਮਨਾਕ ਘਟਨਾ ਸੀ, ਜੋ ਜਾਣ ਬੁਝਕੇ ਕੀਤੀ ਗਈ। ਸਮਝ ਤੋਂ ਬਾਹਰੀ ਗੱਲ ਹੈ ਕਿ ਦੋਸ਼ੀਆਂ ਦੀ ਸਜ਼ਾ ਮੁਆਫ਼ ਕਰਨ ਵੇਲੇ ਬਿਲਕਿਸ ਦੀ ਪੀੜਾ ਅਤੇ ਹੱਕਾਂ ਨੂੰ ਕਦੇ ਨਹੀਂ ਸਮਝਿਆ ਕਿ ਉਸਦੇ ਪਰਿਵਾਰ ਦੇ ਜੀਅ ਉਸਦੀਆਂ ਅੱਖਾਂ ਸਾਹਮਣੇ ਮਾਰ ਦਿੱਤੇ ਗਏ, ਜਿਹਨਾ ਵਿੱਚ ਉਸਦੀ 3 ਸਾਲ ਦੀ ਧੀ ਵੀ ਸ਼ਾਮਲ ਸੀ ਅਤੇ ਉਸ ਨਾਲ ਉਸ ਵੇਲੇ ਸਮੂਹ ਬਲਾਤਕਾਰ ਕੀਤਾ ਗਿਆ, ਜਿਸ ਵੇਲੇ ਉਹ 5 ਮਹੀਨੇ ਦੀ ਗਰਭਵਤੀ ਸੀ।

ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਜਿਸ ਵੇਲੇ 15 ਅਗਸਤ 2022 ਨੂੰ ਦੋਸ਼ੀਆਂ ਨੂੰ ਗੁਜਰਾਤ ਸਰਕਾਰ ਵਲੋਂ ਰਿਹਾਅ ਕੀਤਾ ਗਿਆ ਤਾਂ ਦੋਸ਼ੀਆਂ ਦਾ ਫੁੱਲ, ਮਾਲਾਵਾਂ ਪਾ ਕੇ ਸਵਾਗਤ ਕੀਤਾ ਗਿਆ। ਇਹ ਵਿਖਾਉਣ ਦਾ ਯਤਨ ਹੋਇਆ ਕਿ ਦੋਸ਼ੀਆਂ ਨੇ ਕੋਈ ਅਪਰਾਧ ਨਹੀਂ ਕੀਤਾ, ਸਗੋਂ ਕੋਈ ਮਹੱਤਵਪੂਰਨ ਬਹਾਦਰੀ ਵਾਲਾ ਕੰਮ ਕੀਤਾ ਸੀ ਤੇ ਜੇਲ੍ਹ ਗਏ ਸਨ। ਕੀ ਇਸ ਪਿੱਛੇ ਕੋਈ ਰਾਜਨੀਤਕ ਮਕਸਦ ਨਹੀਂ? ਕੀ ਬਲਾਤਕਾਰੀਆਂ ਨੂੰ ਸਜ਼ਾ ਮੁਆਫ਼ੀ ਸਮਾਜ ਵਿੱਚ ਗਲਤ ਸੰਦੇਸ਼ ਦੇਣ ਦਾ ਯਤਨ ਨਹੀਂ ਹੈ? ਕੀ ਇਸ ਕਿਸਮ ਦੀ ਸਰਕਾਰੀ ਸਰਪ੍ਰਸਤੀ ਜਾਇਜ਼ ਹੈ?

ਲਗਭਗ 23 ਵਰ੍ਹਿਆਂ ਤੋਂ ਬਿਲਕਿਸ ਬਾਨੋ ਕਾਨੂੰਨੀ ਲੜਾਈ ਲੜ ਰਹੀ ਹੈ। ਆਪਣੀਆਂ ਅੱਖਾਂ ਵਿੱਚ ਅੱਥਰੂ ਲੈਕੇ ਉਸਨੇ ਇਹ ਵਰ੍ਹੇ ਇਨਸਾਫ਼ ਉਡੀਕਿਆਂ ਗੁਜ਼ਾਰੇ ਹਨ। ਜਿਹੜਾ ਦਰਦ ਉਸਨੇ ਦਿਲ 'ਤੇ ਹੰਢਾਇਆ, ਉਸ 'ਚ ਦੇਸ਼ ਦੇ ਜ਼ਮਹੂਰੀ ਕਦਰਾਂ ਕੀਮਤਾਂ, ਲੋਕ ਹਿਤੈਸ਼ੀ ਤਾਕਤਾਂ ਨੇ ਉਸ ਨਾਲ ਖੜਕੇ ਸਾਥ ਦਿੱਤਾ।

ਦੇਸ਼ ਦੀ ਉੱਚ ਅਦਾਲਤ ਨੇ ਜਦੋਂ ਇਹ ਫ਼ੈਸਲਾ ਲਿਆ ਕਿ ਪੀੜਤਾ ਦੇ ਅਧਿਕਾਰ ਵੀ ਅਹਿਮ ਹਨ ਅਤੇ ਇਹ "ਇੱਕ ਮਹਿਲਾ ਵੀ ਸਨਮਾਨ ਦੀ ਹੱਕਦਾਰ ਹੈ, ਫਿਰ ਭਾਵੇਂ ਉਸਨੂੰ ਸਮਾਜ ਵਿੱਚ ਕਿੰਨਾ ਵੀ ਉੱਚਾ ਜਾਂ ਨੀਵਾਂ ਮੰਨਿਆ ਜਾਵੇ ਜਾਂ ਉਹ ਕਿਸੇ ਵੀ ਧਰਮ ਜਾਂ ਦਿਨ ਨੂੰ ਮੰਨਦੀ ਹੋਵੇ" ਤਾਂ ਬਿਲਕਿਸ ਬਾਨੋ ਸਮੇਤ ਦੇਸ਼ ਭਰ ਦੀਆਂ ਔਰਤਾਂ ਨੇ ਸਕੂਨ ਮਹਿਸੂਸ ਕੀਤਾ ਹੋਵੇਗਾ।

ਦੇਸ਼ ਵਿੱਚ ਫਿਰਕੂ ਦੰਗਿਆਂ ਦਾ ਵਾਪਰਨਾ ਸਰਕਾਰਾਂ ਦੀ ਅਣਗਹਿਲੀ ਦਾ ਸਿੱਟਾ ਹੈ। ਆਮ ਤੌਰ 'ਤੇ ਕਿਹਾ ਇਹ ਜਾਂਦਾ ਹੈ ਕਿ ਸਾਸ਼ਨ ਕਰਨ ਵਾਲੇ ਲੋਕ ਜਾਂ ਸਾਸ਼ਨ ਪ੍ਰਾਪਤ ਕਰਨ ਦੀ ਚਾਹ ਰੱਖਣ ਵਾਲੇ ਲੋਕ ਫਿਰਕਿਆਂ, ਧਰਮਾਂ ਦੇ ਨਾਮ 'ਤੇ ਲੋਕਾਂ 'ਚ ਕੁੜੱਤਣ ਪੈਦਾ ਕਰਦੇ ਹਨ, ਅਪਰਾਧੀਆਂ ਨੂੰ ਸਰਪ੍ਰਸਤੀ ਦਿੰਦੇ ਹਨ। ਅੱਜ ਤਾਂ ਚੋਣ ਫਾਇਦੇ ਲਈ "ਨਿਆਂ ਦੀ ਹੱਤਿਆ" ਦਾ ਰੁਝਾਨ ਲਗਾਤਾਰ ਵਧ ਰਿਹਾ ਹੈ ਜੋ ਕਿ ਜਮਹੂਰੀ ਪ੍ਰਬੰਧ ਲਈ ਖ਼ਤਰਨਾਕ ਵਰਤਾਰਾ ਹੈ।

ਭਾਰਤ ਦੇ ਸੁਪਰੀਮ ਕੋਟ ਦੀਆਂ ਟਿੱਪਣੀਆਂ ਧਿਆਨ ਦੀ ਮੰਗ ਕਰਦੀਆਂ ਹਨ। ਸੀਨੀਅਰ ਵਕੀਲ ਵਰਿੰਦਾ ਗਰੋਵਰ ਕਹਿੰਦੀ ਹੈ, "ਇਸ ਫ਼ੈਸਲੇ ਨੇ ਕਾਨੂੰਨ ਦੇ ਸਾਸ਼ਨ ਅਤੇ ਇਸ ਦੇਸ਼ ਦੇ ਲੋਕਾਂ ਖ਼ਾਸ ਕਰਕੇ ਮਹਿਲਾਵਾਂ ਦੇ ਕਾਨੂੰਨੀ ਪ੍ਰਣਾਲੀ ਤੇ ਅਦਾਲਤਾਂ ਵਿੱਚ ਭਰੋਸੇ ਨੂੰ ਬਰਕਾਰ ਰੱਖਿਆ ਹੈ ਅਤੇ ਨਿਆਂ ਦਾ ਭਰੋਸਾ ਦਿੱਤਾ ਹੈ।"

ਪਰ ਕੀ ਇਹ ਸਚਮੁੱਚ ਇਵੇਂ ਹੈ? ਬਿਲਕਿਸ ਬਾਨੋ ਲੰਮੇ ਸਮੇਂ ਤੋਂ ਕਿਸੇ ਲੁਕਵੇਂ ਥਾਂ 'ਤੇ ਰਹਿਣ ਲਈ ਮਜ਼ਬੂਰ ਹੈ। ਕੀ ਉਸਨੂੰ ਗੁਜਰਾਤ ਸਰਕਾਰ ਵਲੋਂ ਸੁਰੱਖਿਆ ਨਹੀਂ ਮਿਲਣੀ ਚਾਹੀਦੀ ? ਉਹ ਹਿੰਮਤ ਨਾਲ ਲੜ ਰਹੀ ਹੈ। ਪਰਿਵਾਰ ਵੀ ਪਾਲ ਰਹੀ ਹੈ। ਬਿਨ੍ਹਾਂ ਸ਼ੱਕ ਉਸਦੇ ਪਰਿਵਾਰ, ਦੋਸਤਾਂ, ਮਿੱਤਰਾਂ ਦਾ ਸਾਥ ਉਸ ਨਾਲ ਹੋਏਗਾ, ਪਰ ਉਹ ਇੱਕ "ਸਟੇਟ ਡਰ" ਹੰਢਾ ਕੇ ਵੀ ਜੇਕਰ ਆਪਣੇ ਹੱਕਾਂ ਲਈ ਲੜ ਰਹੀ ਹੈ। ਉਸ ਨੂੰ ਇੱਕ ਨਿਡਰ, ਬਹਾਦਰ ਮਹਿਲਾ ਦਾ ਖ਼ਿਤਾਬ ਨਹੀਂ ਮਿਲਣਾ ਚਾਹੀਦਾ ਹੈ?

ਦੇਸ਼ ਦੀ ਆਜ਼ਾਦੀ ਦੇ 76 ਵਰ੍ਹਿਆਂ ਵਿੱਚ 1969 ਵਿੱਚ ਗੁਜਰਾਤ ਵਿੱਚ ਦੰਗੇ, 1984 'ਚ ਸਿੱਖ ਕਤਲੇਆਮ, 1989 'ਚ ਭਾਗਲਪੁਰ ਦੰਗੇ, 1989 'ਚ ਕਸ਼ਮੀਰ ਦੰਗੇ, 2002 'ਚ ਗੋਧਰਾ ਕਾਂਡ, 2013 ਮੁਜ਼ੱਫਰਨਗਰ ਦੰਗੇ ਅਤੇ 2020 'ਚ ਦਿੱਲੀ ਦੰਗੇ ਮੁੱਖ ਘਟਨਾਵਾਂ ਦੇ ਤੌਰ 'ਤੇ ਗਿਣੇ ਜਾਂਦੇ ਹਨ। ਸਾਲ 1947 ਦਾ ਦੇਸ਼ ਦੀ ਵੰਡ ਵੇਲੇ ਵੱਡੇ ਦੰਗੇ ਪੰਜਾਬ 'ਚ ਹੋਏ। ਦੇਸ਼ ਦੇ ਵੱਖੋ-ਵੱਖਰੇ ਹਿੱਸਿਆਂ ਦੰਗਿਆਂ ਦੀ ਘਟਨਾਵਾਂ ਵਾਪਰਦੀਆਂ ਹਨ। ਸਾਲ 2023 'ਚ ਹਰਿਆਣਾ 'ਚ ਇਹੋ ਜਿਹੀਆਂ ਘਟਨਾਵਾਂ ਵਾਪਰੀਆਂ। ਹਜ਼ਾਰਾਂ ਨਹੀਂ, ਲੱਖਾਂ ਲੋਕ ਦੰਗਿਆਂ ਦੀ ਭੇਂਟ ਚੜ੍ਹਦੇ ਹਨ। ਪਰ ਸਭ ਤੋਂ ਵੱਧ ਮਹਿਲਾਵਾਂ ਇਹਨਾ ਦੰਗਿਆਂ ਦਾ ਸ਼ਿਕਾਰ ਹੁੰਦੀਆਂ ਹਨ। ਇਹ ਅਣਮਨੁੱਖੀ ਵਰਤਾਰਾ ਦੇਸ਼ ਦੇ ਮੱਥੇ 'ਤੇ ਕਲੰਕ ਹੈ।

ਇਸ ਵਰਤਾਰੇ ਨੂੰ ਨੱਥ ਪਾਉਣ ਲਈ ਸੂਝਵਾਨ ਲੋਕ ਸਾਰਥਕ ਭੂਮਿਕਾ ਨਿਭਾ ਸਕਦੇ ਹਨ। ਜਾਂ ਫਿਰ ਅਦਾਲਤਾਂ ਵਿਸ਼ੇਸ਼ ਭੂਮਿਕਾ ਨਿਭਾ ਸਕਦੀਆਂ ਹਨ। ਦੇਸ਼ ਦੇ ਕਾਨੂੰਨ ਦੀ ਰੱਖਿਅਕ ਬਣਕੇ ਸਰਕਾਰਾਂ ਅਤੇ ਤਾਕਤ ਦੇ ਭੁੱਖੇ ਨੇਤਾਵਾਂ ਨੂੰ ਨੱਥ ਪਾ ਸਕਦੀਆਂ ਹਨ। ਕਿਉਂਕਿ ਜਦੋਂ ਕੁਝ ਉਲਾਰੂ ਨੇਤਾ ਜਾਂ ਸਰਕਾਰਾਂ ਆਪਣੀ ਹੀ ਨਵੀਂ ਨਿਆਂ ਪ੍ਰਣਾਲੀ ਵਿਕਸਿਤ ਕਰ ਰਹੀਆਂ ਹਨ ਜਿਵੇਂ ਗੁਜਰਾਤ ਸਰਕਾਰ ਨੇ ਕੀਤੀ ਹੈ ਤਾਂ ਸੂਝਵਾਨ ਲੋਕਾਂ ਨੂੰ ਸਿਰਫ਼ ਚਿੰਤਾ ਜਾਂ ਚਿੰਤਨ ਕਰਨ ਦੀ ਭੂਮਿਕਾ ਨਿਭਾਉਣ ਤੱਕ ਸੀਮਤ ਨਹੀਂ ਹੋਣਾ ਹੋਵੇਗਾ ਸਗੋਂ ਨਿਆਂ ਲਈ ਖੜਣਾ ਹੋਵੇਗਾ।

ਅੱਜ ਦੇਸ਼ ਵਿੱਚ ਹਾਕਮ ਧਿਰਾਂ ਵਲੋਂ ਜਿਸ ਢੰਗ ਦਾ ਵਰਤਾਰਾ ਹੈ ਕਿ ਜੇਕਰ ਤੁਸੀਂ ਉਹਨਾ ਨਾਲ ਹੋ ਤਾਂ ਘਿਣਾਉਣਾ ਅਪਰਾਧ ਵੀ ਕਰ ਸਕਦੇ ਹੋ ਅਤੇ ਕੁਝ ਨਹੀਂ ਹੋਏਗਾ, ਕੋਈ ਸਜ਼ਾ ਨਹੀਂ ਹੋਏਗੀ।

ਪਰ ਜੇਕਰ ਇਹ ਇੱਕ ਕਸਵੱਟੀ ਬਣ ਰਿਹਾ ਹੈ ਤਾਂ ਇਹ ਦੇਸ਼, ਇਸ ਦੀਆਂ ਔਰਤਾਂ ਅਤੇ ਲੋਕਾਂ ਲਈ ਬਹੁਤ ਖ਼ਤਰਨਾਕ ਹੈ।

# ਅਜੋਕੀ ਸਿੱਖਿਆ ਪ੍ਰਣਾਲੀ ਦੀ ਦਿਸ਼ਾ ਅਤੇ ਦਸ਼ਾ

(ਸਫਾ 18 ਦੀ ਬਾਕੀ)

ਦੇ ਨਾਲ਼ ਦੀ ਨਾਲ਼ ਇਹ ਵੀ ਬਹੁਤ ਜ਼ਰੂਰੀ ਹੈ ਕਿ ਪ੍ਰਿੰਸੀਪਲ/ਹੈਡਮਾਸਟਰ ਸਮੇਂ ਦਾ ਪਾਬੰਦ, ਆਪਣੀ ਜ਼ੁਬਾਨ ਦਾ ਧਨੀ, ਚੰਗਾ ਬੁਲਾਰਾ, ਸਮਾਜ ਵਿੱਚ ਵਾਪਰਦੀਆਂ ਘਟਨਾਵਾਂ ਸੰਬੰਧੀ ਚੇਤੰਨਤਾ ਰੱਖਣ ਵਾਲਾ, ਆਕਰਸ਼ਕ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਵਾਲਾ, ਸਰੀਰਕ ਅਤੇ ਮਾਨਸਿਕ ਤੌਰ 'ਤੇ ਤੰਦਰੁਸਤ, ਰੋਅਬ ਦਾਬ ਵਾਲਾ, ਈਮਾਨਦਾਰ, ਇਨਸਾਫ਼ ਪਸੰਦ, ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਰੋਲ ਮਾਡਲ ਬਣਨ ਵਾਲਾ, ਆਪਣੇ ਵਿਸ਼ੇ ਦਾ ਮਾਹਿਰ, ਚੰਗੀ ਸਿਹਤ ਵਾਲਾ, ਵਿਦਿਆਰਥੀਆਂ ਦੇ ਮਾਪਿਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਵਿੱਚ ਸੁਚੱਜਾ ਤਾਲਮੇਲ ਰੱਖਣ ਵਾਲਾ ਨਿਰਪੱਖ ਵਿਅਕਤੀ ਹੋਣਾ ਚਾਹੀਦਾ ਹੈ।

ਸਕੂਲ ਦੇ ਵਿਦਿਆਰਥੀ ਅਤੇ ਅਧਿਆਪਕ ਆਪਣੀ ਕਿਸੇ ਵੀ ਸਮੱਸਿਆ ਦੇ ਹੱਲ ਜਾਂ ਸੁਝਾਅ ਲਈ ਬਿਨਾਂ ਕਿਸੇ ਝਿਜਕ ਦੇ ਉਸ ਕੋਲ ਜਾ ਸਕਣ। ਆਪਣਾ ਵਿਸ਼ਾ ਵੀ ਉਸ ਨੂੰ ਲਾਜ਼ਮੀ ਤੌਰ 'ਤੇ ਪੜ੍ਹਾਉਣਾ ਚਾਹੀਦਾ ਹੈ। ਹਰੇਕ ਪ੍ਰਿੰਸੀਪਲ/ਹੈਡਮਾਸਟਰ ਨੂੰ ਸ਼ਾਮ ਨੂੰ ਸੱਤ ਵਜੇ ਤੋਂ ਬਾਅਦ ਰੈਂਡਮ ਸਿਸਟਮ ਨਾਲ ਆਪਣੇ ਸਕੂਲ ਦੇ ਪੰਜ ਵਿਦਿਆਰਥੀਆਂ ਦੇ ਘਰ ਫ਼ੋਨ ਕਰਕੇ ਮਾਪਿਆਂ ਨਾਲ ਗੱਲਬਾਤ ਕਰਕੇ ਆਪਣੇ ਵਿਦਿਆਰਥੀਆਂ ਦੀ ਪੜ੍ਹਾਈ ਸੰਬੰਧੀ ਜਾਣਕਾਰੀ ਲੈਣੀ ਚਾਹੀਦੀ ਹੈ। ਅਜਿਹਾ ਕਰਨ ਨਾਲ ਪ੍ਰਿੰਸੀਪਲ ਆਪਣੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ, ਪਿੰਡਾਂ ਦੇ ਸਰਪੰਚਾਂ, ਪਤਵੰਤੇ ਸੱਜਣਾਂ ਨਾਲ ਵਧੇਰੇ ਨਿੱਘੀ ਸਾਂਝ ਬਣਾ ਸਕਦਾ ਹੈ।

ਜੇਕਰ ਸਕੂਲ ਦਾ ਕੋਈ ਵੀ ਕਰਮਚਾਰੀ ਆਪਣੀ ਡਿਊਟੀ ਨੂੰ ਪੂਰੀ ਸੰਜੀਦਗੀ ਨਾਲ ਨਹੀਂ ਨਿਭਾਅ ਰਿਹਾ ਤਾਂ ਪ੍ਰਿੰਸੀਪਲ ਨੂੰ ਉਸ ਵਿਰੁੱਧ ਸਖ਼ਤ ਐਕਸ਼ਨ ਲੈਣ ਦਾ ਅਧਿਕਾਰ ਹੋਣਾ ਚਾਹੀਦਾ ਹੈ। ਜਿਹੜੇ ਸਕੂਲ ਮੁਖੀ ਆਪਣੀ ਡਿਊਟੀ ਨੂੰ ਸੰਜੀਦਗੀ ਨਿਡਰਤਾ ਜੁਰਰਤ ਈਮਾਨਦਾਰੀ ਨਾਲ ਨਹੀਂ ਨਿਭਾਅ ਸਕਦੇ, ਉਨ੍ਹਾਂ ਨੂੰ ਸਨਮਾਨਿਤ ਢੰਗ ਨਾਲ ਰਿਟਾਇਰਮੈਂਟ ਲੈ ਕੇ ਆਪਣੇ ਘਰ ਬੈਠਣਾ ਚਾਹੀਦਾ ਹੈ ਤਾਂ ਜੋ ਹੋਰ ਸੁਹਿਰਦ ਹਸਤੀਆਂ ਸਿੱਖਿਆ ਜਿਹੇ ਅਹਿਮ ਖੇਤਰ ਵਿੱਚ ਆਪਣੀਆਂ ਸੇਵਾਵਾਂ ਨਿਭਾਉਣ ਲਈ ਅੱਗੇ ਆ ਸਕਣ।

ਸੱਚ ਤਾਂ ਇਹ ਹੈ ਕਿ ਪ੍ਰਿੰਸੀਪਲ, ਅਧਿਆਪਕ ਸਾਹਿਬਾਨ, ਵਿਦਿਆਰਥੀਆਂ ਦੇ ਮਾਪਿਆਂ, ਪਿੰਡਾਂ ਦੇ ਸਰਪੰਚਾਂ ਦੇ ਸਹਿਯੋਗ ਅਤੇ ਵਿਦਿਆਰਥੀਆਂ ਦੀ ਜ਼ਿੰਮੇਵਾਰੀ ਨਿਸ਼ਚਤ ਕਰਕੇ ਹੀ ਲੀਹੋਂ ਲੱਥੀ ਸਿੱਖਿਆ ਨੂੰ ਮੁੜ ਲੀਹ ਉੱਤੇ ਪਾਇਆ ਜਾ ਸਕਦਾ ਹੈ।

## ਮਿੰਨੀ ਕਹਾਣੀ/ ਮੁਬਾਰਕਬਾਦ

ਬਹਾਦੁਰ, ਸਰਦਾਰਾਂ ਦੀ ਕੋਠੀ ਵਿਚੋਂ ਨਸ਼ੇ ਵਿਚ ਧੁੱਤ ਹੋਇਆ ਰਾਤ ਦੇ ਇਕ ਵਜੇ ਆ ਕੇ ਘਰ ਦਾ ਦਰਵਾਜ਼ਾ ਖੜਕਾਉਣ ਲੱਗਾ।

ਪਤਨੀ ਨੇ ਦਰਵਾਜ਼ਾ ਖੋਲ੍ਹਦਿਆਂ ਹੀ ਬੋਲਿਆ,

"ਚੰਪਾ ਨਯਾ ਸਾਲ ਮੁਬਾਰਕ ਹੋ। ਆਜ ਸਰਦਾਰੋਂ ਕਿ ਕੋਠੀ ਮੇਂ ਰਾਤ ਬਾਰਾਂ ਬਜੇ ਤੱਕ ਚਲਤੀ ਪਾਰਟੀ ਮੇਂ ਕਾਮ ਕਰਤਾ ਰਹਾ ਔਰ ਥੋੜੀ ਬਹੁਤ ਬਚੀ ਦਾਰੂ ਮੈਨੇ ਭੀ ਪੀ ਲੀ। ਮੈਨੇ ਸੋਚਾ ਚੰਪਾ ਕੋ ਭੀ ਬੜੇ ਲੋਗੋਂ ਕੀ ਤਰਹਿ ਆਜ ਜਾਕਰ ਨਯਾ ਸਾਲ ਮੁਬਾਰਕ ਕਹੂੰਗਾ।"

"ਸੋਚਾ ਤੋ ਮੈਨੇ ਭੀ ਥਾ ਕਾਂਚਾ, ਪਰ ਹਰ ਮਹੀਨੇ ਕੀ ਤਰਹ ਇਸ ਮਹੀਨੇ ਭੀ ਆਖ਼ਰੀ ਤਾਰੀਖ ਹੋਣੇ ਕੇ ਕਾਰਨ ਘਰ ਮੈ ਰਾਸ਼ਨ ਨਹੀਂ ਥਾ, ਮੁੰਨਾ ਤੋ ਭੂਖਾ ਹੀ ਸੋ ਗਿਆ।"

ਪਾਟੀ ਸਾੜ੍ਹੀ ਦੇ ਪੱਲੂ ਨਾਲ ਅੱਖਾਂ ਪੂੰਝਦਿਆਂ ਨੇੜੇ ਹੋ ਚੰਪਾ ਬੋਲੀ, "ਤੁਮਹੇ ਭੀ ਨਯਾ ਸਾਲ ਮੁਬਾਰਕ ਹੋ "

**ਡਾ. ਗੁਰਵਿੰਦਰ ਅਮਨ,**
**ਰਾਜਪੁਰਾ 98151 13038**

# ਪਈ ਆ?

ਮੈਨੂੰ ਕਦੇ ਦੋਸਤਾਂ ਦੀ ਕਮੀ ਨਹੀਂ ਰਹੀ। ਹਰ ਕਿਸਮ ਦਾ ਗਰੁਪ ਮੈਨੂੰ ਅਪਣਾ ਲੈਂਦਾ ਹੈ । ਖਾਸਕਰਕੇ ਮਿੱਤਰਤਾ ਦਾ ਮੁੱਲ ਸਮਝਣ ਵਾਲੇ । ਕਦੇਕਦੇ ਲੱਗਦਾ ਮੈਂ ਪਾਣੀ ਹਾਂ , ਹਰ ਸ਼ੈਅ ਚ ਰਲਜਾਂਦਾਂ ਹਾਂ ਤੇ ਲੋੜ ਪੈਣ ਤੇ ਪੂਰਾ ਸੂਰਾ ਬੇਦਾਗਨਿਕਲ ਵੀ ਆਉਂਦਾ ਹਾਂ । ਇਸੇ ਤਰਾਂ ਦਾ ਇਕਗਰੁਪ ਖੇਤੀ ਵਰਸਿਟੀ ਵਿਚ ਸੀ । ਦੋ ਮੁੰਡੇ ਗੰਗਾਨਗਰ ਦੇ।, ਇਕ ਬਟਾਲੇ ਦਾ, ਇਕ ਬੰਗੇ ਤੋਂ ਇਕਲੁਧਿਆਣੇ ਸ਼ਹਿਰ ਦਾ। ਸਾਰੇ ਐਗਰੀਕਲਚਰ ਕਾਲਜ ਦੇ। ਮੈਂ ਕੱਲਾ ਇੰਜਨੀਰਿੰਗ ਕਾਲਜ ਦਾ। ਪਿਆਰ ਸਾਡਾ ਇਕ ਦੂਜੇ ਦੇ ਸਾਹਾਂ ਵਿਚ ਵੱਸਦਾ ਸੀ। ਸਾਰੇ ਸਰਦੇ ਪੁੱਜਦੇ ਜੱਟਾਂ ਦੇ ਮੁੰਡੇ ਤੇ ਸਾਰੇ ਗੁਣ ਵੀ ਉਹੀ । ਜਿਹਨੇ ਪਿੰਡ ਜਾਣਾ ਦੇਸੀ ਦੀਕੈਨੀ ਲੈ ਆਉਣੀ। ਕਈ ਦਿਨ ਮੌਜ ਲੱਗਣੀ। ਉਹਨਾਂ ਦਿਨਾਂ ਦੀ ਕੀਮਤ ਸੋਨੇ ਤੋਂ ਵਧ ਸੀ। ਇਕ ਦਿਨ ਸ਼ਹਿਰ ਵਾਲੇ ਮੁੰਡੇ ਦਾ ਵਿਆਹ ਆ ਗਿਆ। ਗੰਗਾ ਨਗਰ ਵਾਲੇ ਕਿਸੇ ਫੌਜੀ ਨੂੰ ਜਾਣਦੇ ਸਨ। ਉਹਨਾਂ ਨੇ ਯਯਯ ਦੀ ਪੇਟੀ ਹੋਸਟਲ ਲੈਆਂਦੀ। ਹੁਣ ਮਸਲਾ ਇਹ ਸੀ ਕਿ ਹੋਸਟਲ ਵਿਚਛਾਪਾ ਪੈ ਸਕਦਾ, ਦੂਜੀ ਗੱਲ ਸਾਹਮਣੇ ਦੇਖ ਕਿਵਿਆਹ ਤਕ ਕਿਸੇ ਤੋਂ ਵੀ ਰਹਿ ਨਹੀਂ ਸੀ ਹੋਣਾ। ਵਿਆਹ ਵਾਲੇ ਦੇ ਘਰਦੇ ਪੂਰਨ ਧਾਰਮਿਕ ਸਨ।ਉਹਨਾਂ ਨੂੰ ਤਾਂ ਇਹੀ ਪਤਾ ਸੀ ਕਿ ਕਾਲਜ ਦੇਟਿਚਰ ਕਦੇ ਕਦੇ ਰਾਤ ਨੂੰ ਵੀ ਵਾਧੂ ਕਲਾਸਾਂ ਲਗਾਲੈਂਦੇ ਹਨ । ਇਹ ਇਕ ਕਾਮਯਾਬ ਸਕੀਮ ਸੀ । ਬਹੁਤ ਸੋਚਣ ਬਾਅਦ ਇਹ ਫੈਸਲਾ ਹੋਇਆ ਕਿਸਭ ਤੋਂ ਸੁਰਖਿਅਤ ਥਾਂ ਜਨਮੇਜੇ ਦਾ ਘਰ ਹੈ ।ਆਪ ਇਹਨੇ ਪੀਣੀ ਨਹੀਂ, ਕਿਸੇ ਨੇ ਇਹਤੋਂਮੰਗਣੀ ਨਹੀਂ । ਲਓ ਜੀ ਮੇਰਾ ਇਕ ਸਟੋਰ ਸੀਜਿਸ ਨੂੰ ਮੈਂ ਫੋਟੋ ਲੈਬ ਬਣਾਇਆ ਸੀ। ਕਈ ਤਰਾਂਦੇ ਘੋਲ ਬਣੇ ਹੋਏ ਸਨ ਜੋ ਮੁਸ਼ਕ ਛੱਡਦੇ ਸਨ, ਇਸ ਕਰਕੇ ਉਸ ਸਟੋਰ ਚ ਕੋਈ ਝਾੜੂ ਵੀ ਨਹੀਂ ਸੀ ਮਾਰਦਾ। ਸੋ ਸਭ ਨੇ ਡੱਬਾਂ ਚ ਦੇਕੇ ਮਾਲ ਸਟੋਰਤੱਕ ਲੈ ਆਂਦਾ । ਖਾਲੀ ਪੇਟੀ ਮੈ ਚੱਕ ਲਿਆਇਆ । ਪੇਟੀ ਅਸੀਂ ਇਕ ਸ਼ੈਲਫ ਦੇ ਥੱਲੇ ਬਿਰਾਜਮਾਨ ਕਰ ਦਿੱਤੀ । ਹੁਣ ਇਕ ਨਵਾਂਮਸਲਾ ਖੜ੍ਹਾ ਹੋ ਗਿਆ। ਪੰਦਰਾਂ ਦਿਨਾਂ ਚ ਮੈਅੱਕ ਗਿਆ ਇਹ ਸੁਣ ਸੁਣ ਕੇ । ਯਾਰਾਂ ਚੋਂਕਾਲਜ ਜਿਹਨੇ ਵੀ ਮਿਲਣਾ, ਉਹਨੇ ਇਹੀ ਪੁੱਛਣਾ, 'ਪਈ ਆ ? '

**–ਜਨਮੇਜਾ ਸਿੰਘ ਜੌਹਲ**

# ਹਰਿਆਣੇ ਦਾ ਨਵੀਨ ਪੰਜਾਬੀ ਸਾਹਿਤ- ਪੁਸਤਕ ਪੜਚੋਲ

## (2023 ਵਿਚ ਪ੍ਰਕਾਸ਼ਿਤ ਪੁਸਤਕਾਂ ਦੇ ਆਧਾਰ 'ਤੇ)



ਡਾ: ਨਿਸ਼ਾਨ ਸਿੰਘ ਰਾਠੌਰ

ਪੰਜਾਬੀ ਸਾਹਿਤ ਦੇ ਖੇਤਰ ਵਿਚ ਹਰ ਵਰ੍ਹੇ ਬਹੁਤ ਸਾਰੀਆਂ ਪੁਸਤਕਾਂ ਪ੍ਰਕਾਸ਼ਿਤ ਹੁੰਦੀਆਂ ਹਨ। ਇਹਨਾਂ ਵਿਚ ਕਵਿਤਾ, ਕਹਾਣੀ, ਗ਼ਜ਼ਲ, ਨਾਵਲ, ਨਾਟਕ, ਸਫ਼ਰਨਾਮਾ, ਇਕਾਂਗੀ, ਅਨੁਵਾਦ ਅਤੇ ਸੰਪਾਦਨਾ ਆਦਿਕ ਨੂੰ ਪ੍ਰਮੁੱਖ ਰੂਪ ਵਿਚ ਸ਼ਾਮਲ ਕੀਤਾ ਜਾਂਦਾ ਹੈ।

ਮੁੱਖਧਾਰਾ ਦੇ ਪੰਜਾਬੀ ਸਾਹਿਤ ਵਾਂਗ ਪੰਜਾਬ ਤੋਂ ਬਾਹਰ ਦੇ ਸੂਬਿਆਂ ਜਿਵੇਂ ਦਿੱਲੀ, ਹਰਿਆਣਾ, ਹਿਮਾਚਲ, ਰਾਜਸਥਾਨ ਅਤੇ ਜੰਮੂ-ਕਸ਼ਮੀਰ ਵਿਚ ਵੀ ਪੰਜਾਬੀ ਸਾਹਿਤ ਦੀਆਂ ਪੁਸਤਕਾਂ ਵੱਡੀ ਗਿਣਤੀ ਵਿਚ ਪ੍ਰਕਾਸ਼ਿਤ ਹੋ ਕੇ ਪੰਜਾਬੀ ਪਾਠਕਾਂ ਦੇ ਹੱਥਾਂ ਤੱਕ ਪਹੁੰਚਦੀਆਂ ਹਨ। ਇਹਨਾਂ ਵਿਚ ਹਰਿਆਣੇ ਦਾ ਨਾਮ ਪ੍ਰਮੁੱਖ ਤੌਰ ਤੇ ਲਿਆ ਜਾ ਸਕਦਾ ਹੈ ਕਿਉਂਕਿ ਹਰਿਆਣੇ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਵੱਸਦੇ ਹਨ।

ਹਰ ਵਰ੍ਹੇ ਵਾਂਗ ਇਸ ਵਰ੍ਹੇ 2023 ਵਿਚ ਵੀ ਹਰਿਆਣੇ ਅੰਦਰ ਲਗਭਗ ਗਿਆਰਾਂ ਪੰਜਾਬੀ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ। ਇਹਨਾਂ ਵਿਚ ਕਵਿਤਾ, ਗ਼ਜ਼ਲ, ਅਨੁਵਾਦ, ਸਮੀਖਿਆ ਅਤੇ ਬਾਲ ਸਾਹਿਤ ਦੀਆਂ ਪੁਸਤਕਾਂ ਸ਼ਾਮਲ ਹਨ। ਇਹ ਗਿਣਤੀ ਹਰ ਵਰ੍ਹੇ ਅਮੂਮਨ ਦਸ, ਬਾਰਾਂ ਦੇ ਨੇੜੇ- ਤੇੜੇ ਹੀ ਰਹਿੰਦੀ ਹੈ ਕਿਉਂਕਿ ਹਰਿਆਣੇ ਵਿਚ ਪੰਜਾਬੀ ਲੋਕ ਭਾਵੇਂ ਵੱਡੀ ਗਿਣਤੀ ਵਿਚ ਰਹਿੰਦੇ ਹਨ ਪਰ! ਸਾਹਿਤ ਪ੍ਰਤੀ ਉਹਨਾਂ ਦਾ ਰੁਝਾਨ ਘੱਟ ਹੁੰਦਾ ਜਾ ਰਿਹਾ ਹੈ। ਨਵੀਂ ਪੀੜ੍ਹੀ ਆਪਣੀਆਂ ਜੜਾਂ ਨਾਲੋਂ ਟੁੱਟਦੀ ਜਾ ਰਹੀ ਹੈ।

ਰੁਜ਼ਗਾਰ ਦੇ ਵਸੀਲੇ ਘੱਟ ਹੋਣ ਕਰਕੇ ਪੰਜਾਬੀ ਭਾਸ਼ਾ ਪੜ੍ਹਨ-ਪੜ੍ਹਾਉਨ ਵਾਲਿਆਂ ਦੀ ਗਿਣਤੀ ਦਿਨ ਪ੍ਰਤੀ ਦਿਨ ਘੱਟ ਹੁੰਦੀ ਜਾ ਰਹੀ ਹੈ। ਕੁਝ ਸਰਕਾਰਾਂ ਦੀ ਬੇਰੁਖ਼ੀ ਕਰਕੇ ਸਕੂਲਾਂ / ਕਾਲਜਾਂ ਵਿਚ ਪੰਜਾਬੀ ਪੜ੍ਹਨ ਵਾਲੇ ਬੱਚੇ ਘੱਟ ਹੁੰਦੇ ਜਾ ਰਹੇ ਹਨ। ਖ਼ੈਰ! ਇਹ ਵੱਖਰਾ ਵਿਸ਼ਾ ਹੈ।

ਸਾਡੇ ਹੱਥਲੇ ਲੇਖ ਦਾ ਮੂਲ ਮਨੋਰਥ 'ਸਾਲ 2023 ਵਿਚ ਹਰਿਆਣੇ ਅੰਦਰ ਪ੍ਰਕਾਸ਼ਿਤ ਹੋਈਆਂ ਪੰਜਾਬੀ ਪੁਸਤਕਾਂ' ਦੀ ਸੰਖੇਪ ਰੂਪ ਵਿਚ ਚਰਚਾ ਕਰਨਾ ਹੈ ਤਾਂ ਕਿ ਮੁੱਖਧਾਰਾ ਦੇ ਪੰਜਾਬੀ ਪਾਠਕਾਂ ਨੂੰ ਹਰਿਆਣਵੀਂ ਪੰਜਾਬੀ ਲੇਖਕਾਂ ਦੀਆਂ 2023 ਵਿਚ ਕੀਤੀਆਂ ਗਈਆਂ ਸਾਹਿਤਕ ਸਿਰਜਣਾਵਾਂ ਦਾ ਪਤਾ ਲੱਗ ਸਕੇ ਅਤੇ ਇਹਨਾਂ ਪੁਸਤਕਾਂ ਦੀ ਚਰਚਾ ਨੂੰ ਅੱਗੇ ਤੋਰਿਆ ਜਾ ਸਕੇ।

ਇਸ ਵਰ੍ਹੇ ਯਾਨੀਕਿ 2023 ਵਿਚ ਡਾ: ਰਮੇਸ਼ ਕੁਮਾਰ ਹੁਰਾਂ ਦਾ ਕਾਵਿ-ਸੰਗ੍ਰਹਿ 'ਪਾਤਾਲ 'ਚੋਂ', ਬਲਬੀਰ ਸਿੰਘ ਸੈਣੀ ਦਾ ਲੇਖ-ਸੰਗ੍ਰਹਿ 'ਸ਼ਬਦਾਂ ਦੇ ਦਰਿਆ', ਲਖਵਿੰਦਰ ਸਿੰਘ ਬਾਜਵਾ ਦਾ ਕਾਵਿ-ਸੰਗ੍ਰਹਿ 'ਸੰਦਲੀ ਕਿਰਨਾਂ', ਡਾ: ਚਰਨਜੀਤ ਕੌਰ ਦਾ ਲੋਕਗੀਤ-ਸੰਗ੍ਰਹਿ 'ਘੋੜੀਆਂ ਅਤੇ ਸੁਹਾਗ ਲੋਕ-ਗੀਤ: ਇੱਕ ਅਲੋਕਾਰ ਸੰਸਾਰ', ਮਨਜੀਤ ਕੌਰ ਅੰਬਾਲਵੀ ਦਾ ਬਾਲ ਕਹਾਣੀ-ਸੰਗ੍ਰਹਿ 'ਆ ਜਾ ਚਿੜੀਏ', ਗੁਰਪ੍ਰੀਤ ਕੌਰ ਸੈਣੀ ਦਾ ਗ਼ਜ਼ਲ-ਸੰਗ੍ਰਹਿ 'ਅੱਖਰ ਅੱਖਰ ਲੋਅ', ਛਿੰਦਰ ਕੌਰ ਸਿਰਸਾ ਦਾ ਕਾਵਿ-ਸੰਗ੍ਰਹਿ 'ਭਰ ਜੋਬਨ ਬੰਦਗੀ', ਚਰਨ ਪੁਆਧੀ ਦਾ ਪੁਆਧੀ ਲੇਖ-ਸੰਗ੍ਰਹਿ 'ਘੱਗਰ ਕੇ ਢਾਹੇ ਢਾਹੇ' ਅਤੇ ਬਾਲ- ਪੁਸਤਕ 'ਉਰਦੂ ਦਾ ਕਾਫ਼ ਜ਼ਿਕਾਫ', ਅਨੁਪਿੰਦਰ ਸਿੰਘ ਅਨੂਪ ਦੀ ਲਿਪੀਅੰਤਰ ਅਤੇ ਸੰਪਾਦਨਾ 'ਹਮੇਸ਼ਾ ਦੇਰ ਕਰ ਦੇਤਾ ਹੂੰ' ਅਤੇ 'ਤੁਸੀਂ ਜੇ ਬਹੁਤ ਕੋਮਲ ਹੋ' ਪ੍ਰਕਾਸ਼ਿਤ ਹੋਈਆਂ ਪੰਜਾਬੀ ਪੁਸਤਕਾਂ ਹਨ।

### ਪਾਤਾਲ 'ਚੋਂ – ਡਾ: ਰਮੇਸ਼ ਕੁਮਾਰ

ਡਾ: ਰਮੇਸ਼ ਕੁਮਾਰ ਦੀਆਂ ਨਜ਼ਮਾਂ ਦਾ ਅਧਿਐਨ ਕਰਦਿਆਂ ਇੰਝ ਲੱਗਦਾ ਹੈ ਜਿਵੇਂ ਪਾਠਕ ਕਿਸੇ ਦਰਿਆ ਦੇ ਕੰਢੇ ਉੱਪਰ ਆਪਣੀ ਮਸਤੀ ਵਿਚ ਤੁਰਿਆ ਜਾ ਰਿਹਾ ਹੋਵੇ। ਉਸਨੂੰ ਆਪਣੇ ਚੁਗਿਰਦੇ ਦਾ ਰਤਾ ਭਰ ਵੀ ਅਹਿਸਾਸ ਨਹੀਂ ਹੁੰਦਾ। ਦੂਜੇ ਪਾਸੇ, ਰਮੇਸ਼ ਕੁਮਾਰ ਦੀ ਸ਼ਾਇਰੀ ਵਿਚ 'ਵਿਚਾਰ' ਬਲਵਾਨ ਹੁੰਦਾ ਹੈ। ਉਹ ਬਹੁਤ ਥੋੜ੍ਹੇ ਲਫ਼ਜ਼ਾਂ ਵਿਚ ਵੱਡੀ ਗੱਲ ਕਹਿਣ ਦੇ ਸਮਰੱਥ ਸ਼ਾਇਰ ਹੈ। ਉਹਨਾਂ ਦੀਆਂ ਨਜ਼ਮਾਂ ਵਿਚ ਕਹਾਣੀਆਂ ਨੂੰ ਪੜ੍ਹਿਆ ਜਾ ਸਕਦਾ ਹੈ/ ਸਮਝਿਆ ਜਾ ਸਕਦਾ ਹੈ। ਪਾਠਕ ਰਮੇਸ਼ ਕੁਮਾਰ ਦੀ ਕਵਿਤਾ ਦਾ ਪਾਠ ਕਰਦਿਆਂ ਇੰਝ ਮਹਿਸੂਸ ਕਰਦਾ ਹੈ ਕਿ ਉਹ ਕੋਈ ਕਹਾਣੀ ਪੜ੍ਹ ਰਿਹਾ ਹੈ ਕਿਉਂਕਿ ਰਮੇਸ਼ ਕੁਮਾਰ ਦੀ ਕਵਿਤਾ ਦੇ ਪਾਤਰ ਸਾਨੂੰ ਆਪਣੇ ਆਲੇ- ਦੁਆਲੇ ਹੀ ਮਿਲ ਜਾਂਦੇ ਹਨ।

ਰਮੇਸ਼ ਕੁਮਾਰ ਦੀ ਕਵਿਤਾ ਵਿਚ ਸੱਤਾ ਦੇ ਖ਼ਿਲਾਫ਼ ਕ੍ਰੋਧ ਸਾਫ਼ ਦੇਖਿਆ ਜਾ ਸਕਦਾ ਹੈ। ਉਹ ਆਮ ਲੋਕਾਂ ਨੂੰ ਜਾਗਰੁਕ ਕਰਦਿਆਂ ਕਹਿੰਦਾ ਹੈ ਕਿ ਲੋਕਾਂ ਨੂੰ ਆਪਣੀ ਆਵਾਜ਼ ਚੁੱਕਦੇ ਰਹਿਣਾ ਚਾਹੀਦਾ ਹੈ। ਜੇਕਰ ਹਾਕਮ ਧਿਰ ਆਵਾਜ਼ ਨਹੀਂ ਸੁਣਦੀ ਤਾਂ ਵੀ ਆਵਾਜ਼ ਚੁੱਕਣੀ ਬੰਦ ਨਹੀਂ ਕਰਨੀ ਚਾਹੀਦੀ ਕਿਉਂਕਿ ਜ਼ੁਲਮ ਦੇ ਖਿਲਾਫ਼ ਆਵਾਜ਼ ਚੁੱਕਣਾ 'ਜਿਉਂਦੇ' ਹੋਣ ਦੀ ਨਿਸ਼ਾਨੀ ਹੈ; "ਨਹੀਂ ਨਹੀਂ / ਇਹ ਜ਼ਰੂਰੀ ਤਾਂ ਨਹੀਂ / ਕਿ / ਸਮੇਂ ਦੀ ਚੁੱਪ ਕੋਲ / ਹਰ ਸਵਾਲ ਦਾ ਜਵਾਬ ਹੋਵੇ / ਤੁਸੀਂ ਬਸ / ਆਵਾਜ਼ ਦਿਉ ਅਤੇ ਦਿੰਦੇ ਹੀ ਰਹੋ ਪ੍ਰਸ਼ਨ ਕਰੋ / ਅਤੇ ਕਰਦੇ ਹੀ ਰਹੋ / ਹਨ੍ਹੇਰਿਆਂ ਨੂੰ / ਤਾਂ ਕਿ ਅਹਿਸਾਸ ਰਹੇ ਕਿ / ਕੋਈ ਤਾਂ ਜ਼ਿੰਦਾ ਹੈ।" (ਪਾਤਾਲ 'ਚੋਂ ਪੁਸਤਕ ਵਿਚੋਂ)

ਰਮੇਸ਼ ਕੁਮਾਰ 'ਪਾਤਾਲ 'ਚੋਂ' ਪੁਸਤਕ ਵਿਚ ਆਪਣੀਆਂ ਨਜ਼ਮਾਂ ਰਾਹੀਂ ਪਾਠਕਾਂ ਨੂੰ ਸੰਬੋਧਨ ਹੁੰਦਿਆਂ ਕਹਿੰਦਾ ਹੈ ਕਿ ਇਤਿਹਾਸ ਹਮੇਸ਼ਾ ਉਹਨਾਂ ਲੋਕਾਂ ਨੂੰ ਚੇਤੇ ਰੱਖਦਾ ਹੈ ਜਿਹੜੇ ਹਵਾਵਾਂ ਤੋਂ ਉਲਟ ਤੁਰਦੇ ਹਨ / ਜਿਹੜੇ ਜ਼ੁਲਮ ਖਿਲਾਫ ਖੜੇ ਹੋਣ ਦਾ ਹੀਆ ਕਰਦੇ ਹਨ / ਬੁਝੇ ਹੋਏ ਦੀਵਿਆਂ ਨੂੰ ਇਤਿਹਾਸ ਆਪਣੇ ਪੰਨਿਆਂ ਤੋਂ ਸਦਾ ਲਈ ਮਿਟਾ ਦਿੰਦਾ ਹੈ;
"ਬੁਝੇ ਹੋਏ ਦੀਵਿਆਂ ਦਾ / ਕਿਉਂਕਿ / ਹਨ੍ਹੇਰਿਆਂ ਦੇ ਇਤਹਾਸ ਵਿਚ ਕੋਈ ਨਾਮ ਨਹੀਂ ਹੁੰਦਾ।" (ਪਾਤਾਲ 'ਚੋਂ ਪੁਸਤਕ ਵਿਚੋਂ)

ਇਸ ਤਰ੍ਹਾਂ ਰਮੇਸ਼ ਕੁਮਾਰ ਦੀ ਸ਼ਾਇਰੀ ਪਾਠਕ ਅੰਦਰ ਨਵ-ਚੇਤਨਾ ਦਾ ਪਾਸਾਰਾ ਕਰਦੀ ਹੈ। ਉਹ ਪਾਠਕ ਨੂੰ ਜਿੱਥੇ ਸੋਚਣ ਲਈ ਮਜ਼ਬੂਰ ਕਰਦੀ ਹੈ ਉੱਥੇ ਹੀ ਉਤਸ਼ਾਹ ਅਤੇ ਨਵੀਂ ਸੋਚ ਦਾ ਧਾਰਨੀ ਬਣਨ ਲਈ ਪ੍ਰੇਰਣਾ ਵੀ ਦਿੰਦੀ ਹੈ।

### ਸ਼ਬਦਾਂ ਦੇ ਦਰਿਆ – ਬਲਬੀਰ ਸਿੰਘ ਸੈਣੀ

ਬਲਬੀਰ ਸਿੰਘ ਸੈਣੀ ਦੀ ਵਾਰਤਕ ਪੁਸਤਕ 'ਸ਼ਬਦਾਂ ਦੇ ਦਰਿਆ' ਵਿਚ ਕੁਲ 15 ਲਘੂ ਲੇਖ ਸ਼ਾਮਿਲ ਕੀਤੇ ਗਏ ਹਨ। ਇਹਨਾਂ ਵਿਚ ਤਜ਼ਰਬਿਆਂ ਦੀ ਕੁੱਖ 'ਚੋਂ ਪੈਦਾ ਹੋਈ ਜ਼ਿੰਦਗੀ, ਸੱਚ, ਗੱਲ ਤਾਂ ਜਰਾ ਕੁ ਢੀਠ ਬਣਨ ਦੀ ਹੈ, ਪੰਜਾਬੀ ਲੋਕ-ਗੀਤਾਂ ਵਿਚ ਰੁੱਖ, ਡਬਲ- ਰੋਲ, ਘੁੰਡ- ਇਕ ਸਮਾਜਿਕ ਬੁਰਾਈ, ਪਿਆਰ, ਚਾਪਲੂਸੀ- ਇਕ ਕਲਾ, ਔਰਤ ਹੁਣ ਵੀ ਔਰਤ ਹੈ ਤੇ ਮਰਦ ਹੁਣ ਵੀ ਮਰਦ, ਹਿੰਦੂ ਧਰਮ ਅਤੇ ਭਗਤੀ ਲਹਿਰ, ਸਾਹਿਤਕ ਪੱਤਰਕਾਵਾਂ ਦੀ ਭੂਮਿਕਾ ਅਤੇ ਜ਼ੀਨਤ ਬਣਦੀਆਂ ਪੁਸਤਕਾਂ, ਸ਼ਾਹ ਮੁਹੰਮਦ ਦਾ ਵਤਨ ਪਿਆਰ, ਨਵੀਨ ਭਾਰਤ ਦੇ ਮੰਦਿਰ- ਭਾਖੜਾ ਡੈਮ ਅਤੇ ਨੰਗਲ ਡੈਮ, ਸਹੁੰਆ, ਉਰਲੀਆਂ-ਪਰਲੀਆਂ ਆਦਿਕ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਲੇਖ-ਸੰਗ੍ਰਹਿ ਦੇ ਹਰ ਲੇਖ ਦਾ ਵਿਸ਼ਾ ਵੱਖਰਾ ਅਤੇ ਨਿਵੇਕਲਾ ਹੈ।

ਅਸਲ ਵਿਚ ਬਲਬੀਰ ਸਿੰਘ ਸੈਣੀ ਗ਼ਜ਼ਲਕਾਰ ਦੇ ਤੌਰ ਤੇ ਵੱਧ ਮਕਬੂਲ ਹੈ ਪਰ! ਵਾਰਤਕ ਉੱਪਰ ਵੀ ਉਹਨਾਂ ਦੀ ਪਕੜ ਮਜ਼ਬੂਤ ਹੈ। ਉਹਨਾਂ ਦੇ ਵਾਰਤਕ ਲੇਖਾਂ ਦੇ ਵਿਸ਼ੇ ਆਮ ਵਾਰਤਕ ਲੇਖਕਾਂ ਨਾਲੋਂ ਹੱਟ ਕੇ ਹੁੰਦੇ ਹਨ / ਦਿਲਚਸਪ ਹੁੰਦੇ ਹਨ। ਪਾਠਕ ਵੱਲੋਂ ਜੇਕਰ ਇਕ ਵਾਰ ਲੇਖ ਨੂੰ ਪੜ੍ਹਨਾ ਸ਼ੁਰੂ ਕਰ ਲਿਆ ਤਾਂ ਇਸਨੂੰ ਅੱਧ ਵਿਚਾਲੇ ਛੱਡਣਾ ਸੌਖਾ ਨਹੀਂ ਹੁੰਦਾ। ਬਲਬੀਰ ਸਿੰਘ ਸੈਣੀ ਦੀ ਸ਼ਬਦਾਵਲੀ ਮੁਹਾਵਰੇਦਾਰ ਅਤੇ ਸਰਲ ਹੁੰਦੀ ਹੈ। ਇਸ ਪੁਸਤਕ ਦੇ ਬਹੁਤੇ ਲੇਖ ਉਹਨਾਂ ਦੇ ਨਿਜੀ ਤਜ਼ਰਬੇ ਵਿਚ ਨਿਕਲੇ ਜਾਪਦੇ ਹਨ।

'ਸ਼ਬਦਾਂ ਦੇ ਦਰਿਆ' ਨੂੰ ਪੜ੍ਹਨ ਉਪਰੰਤ ਇੰਝ ਜਾਪਦਾ ਹੈ ਕਿ ਇਹ ਪੁਸਤਕ ਬਲਬੀਰ ਸਿੰਘ ਸੈਣੀ ਦਾ ਜ਼ਿੰਦਗੀਨਾਮਾ ਹੈ। ਜਿੱਥੇ ਕੁਝ ਲੇਖ ਗੰਭੀਰ ਵਿਸ਼ੇ ਚੁੱਕਦੇ ਹਨ ਉੱਥੇ ਹੀ ਕੁਝ ਲੇਖ ਹਲਕਾ- ਫੁਲਕਾ ਮਨੋਰੰਜਨ ਵੀ ਕਰਦੇ ਦਿਖਾਈ ਦਿੰਦੇ ਹਨ। ਬਲਬੀਰ ਸਿੰਘ ਸੈਣੀ ਨੂੰ ਪੜ੍ਹਦਿਆਂ ਕਦੇ-ਕਦੇ ਇੰਝ ਮਹਿਸੂਸ ਹੁੰਦਾ ਹੈ ਕਿ ਉਹ ਲੇਖ ਲਿਖਦਿਆਂ ਹੋਇਆਂ ਵੀ ਆਪਣੀ 'ਕਵਿਤਾ' ਤੋਂ ਮੁਕਤ ਨਹੀਂ ਹੁੰਦੇ। ਉਹਨਾਂ ਦੇ ਲੇਖਾਂ ਦਾ ਪਾਠ ਕਰਦਿਆਂ ਇੰਝ ਲੱਗਦਾ ਹੈ ਜਿਵੇਂ ਕਵਿਤਾ ਦਾ ਪਾਠ ਕੀਤਾ ਜਾ ਰਿਹਾ ਹੋਵੇ।

ਇਹ ਕਿਸੇ ਸ਼ਾਇਰ ਦੀ ਬਿਰਤੀ ਉੱਪਰ ਨਿਰਭਰ ਹੁੰਦਾ ਹੈ। ਜਿਸ ਤਰ੍ਹਾਂ ਉੱਪਰ ਵੀ ਦੱਸਿਆ ਜਾ ਚੁਕਿਆ ਹੈ ਕਿ ਬਲਬੀਰ ਸਿੰਘ ਸੈਣੀ ਗ਼ਜ਼ਲਕਾਰ ਵਧੇਰੇ ਹੈ ਅਤੇ ਵਾਰਤਕਕਾਰ ਘੱਟ। ਇਸੇ ਲਈ ਉਹਨਾਂ ਦੀ ਵਾਰਤਕ ਵਿਚ ਕਵਿਤਾ ਦੇ ਅੰਸ਼ ਦੇਖਣ / ਪੜ੍ਹਨ ਨੂੰ ਮਿਲਦੇ ਹਨ।

### ਸੰਦਲੀ ਕਿਰਨਾਂ – ਲ਼ਖਵਿੰਦਰ ਸਿੰਘ ਬਾਜਵਾ

'ਸੰਦਲੀ ਕਿਰਨਾਂ' ਕਾਵਿ- ਸੰਗ੍ਰਹਿ ਦੇ ਕੁਲ 112 ਪੰਨਿਆਂ ਵਿਚ ਸ਼ਾਇਰ ਲਖਵਿੰਦਰ ਸਿੰਘ ਬਾਜਵਾ ਨੇ ਜਿੱਥੇ ਸਮਾਜਿਕ ਜੀਵਨ ਨੂੰ ਵਧੇਰੇ ਚਿੱਤਰਿਆ ਹੈ ਉੱਥੇ ਹੀ ਇਕ ਕਵਿਤਾ ਗੁਰੂ ਨਾਨਕ ਸਾਹਿਬ ਨੂੰ ਸਮਰਪਿਤ ਕੀਤੀ ਹੈ। ਲਖਵਿੰਦਰ ਸਿੰਘ ਬਾਜਵਾ ਦੀ ਇਹ 17ਵੀਂ ਪੁਸਤਕ ਹੈ। ਲਖਵਿੰਦਰ ਬਾਜਵਾ ਲਗਾਤਾਰ ਲਿਖਦੇ ਰਹਿਣ ਵਾਲਾ ਕਲਮਕਾਰ ਹੈ। ਉਮਰ ਦੇ ਇਸ ਪੜਾਅ ਉੱਪਰ ਵੀ ਉਸਦੇ ਅੰਦਰ ਪੰਜਾਬੀ ਜ਼ੁਬਾਨ ਪ੍ਰਤੀ ਫਿਕਰਮੰਦੀ ਦੇਖਣ ਨੂੰ ਮਿਲਦੀ ਹੈ/ ਪੜ੍ਹਨ ਨੂੰ ਮਿਲਦੀ ਹੈ।

'ਸੰਦਲੀ ਕਿਰਨਾਂ' ਦਾ ਅਧਿਐਨ ਕਰਦਿਆਂ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਲਖਵਿੰਦਰ ਬਾਜਵਾ ਦੀ ਭਾਸ਼ਾ, ਸ਼ੈਲੀ ਅਤੇ ਵਿਸ਼ਾ ਪੇਂਡੂ ਧਰਾਤਲ ਨਾਲ ਜੁੜਿਆ ਹੋਇਆ ਹੈ। ਉਸਦੀਆਂ ਕਵਿਤਾਵਾਂ ਵਿਚ ਗਰੀਬ ਕਿਸਾਨ, ਮਜ਼ਦੂਰ ਅਤੇ ਕਿਰਤੀ ਬੰਦਿਆਂ ਦੀ ਗੱਲ ਵਧੇਰੇ ਕੀਤੀ ਗਈ ਹੈ। ਇਸ ਤੋਂ ਇਲਾਵਾ ਔਰਤ ਦੇ ਜੀਵਨ ਪੱਧਰ ਅਤੇ ਸੰਘਰਸ਼ ਦੇ ਸੰਦਰਭ ਵਿਚ ਵੀ ਕਵਿਤਾਵਾਂ ਪੜ੍ਹਨ ਨੂੰ ਮਿਲਦੀਆਂ ਹਨ। ਕੁਝ ਕਵਿਤਾਵਾਂ ਵਿਚ ਧੀਆਂ ਦੀ ਪੁਕਾਰ ਨੂੰ ਬਿਆਨ ਕੀਤਾ ਗਿਆ ਹੈ;
"ਸੁਣ ਨੀਂ ਮਾਏ ਮੇਰੀਏ – ਦੱਸੀਂ ਖਾਂ ਕੋਈ ਗੱਲ ਨੀਂ।
ਏਸ ਜਗਤ ਦੀਆਂ ਗੁੰਝਲਾਂ ਦਾ, ਹੈ ਕੋਈ ਹੱਲ ਨੀਂ।" (ਸੰਦਲੀ ਕਿਰਨਾਂ, ਪੰਨਾ-22)

ਗਰੀਬ ਮਜ਼ਦੂਰਾਂ ਦੀ ਆਵਾਜ਼ ਨੂੰ ਚੁੱਕਦਿਆਂ ਸ਼ਾਇਰ ਕਹਿੰਦਾ ਹੈ ਕਿ ਇਹ (ਮਜ਼ਦੂਰ) ਜਮਾਤ ਸਭ ਤੋਂ ਵੱਧ ਮਿਹਨਤ ਕਰਦੀ ਹੈ ਪਰ! ਇਹਨਾਂ ਦੇ ਹੱਕ ਨਹੀਂ ਦਿੱਤੇ ਜਾਂਦੇ। ਹਾਕਮ ਧਿਰ ਇਹਨਾਂ ਮਜ਼ਦੂਰਾਂ ਨਾਲ ਮਾੜਾ ਸਲੂਕ ਕਰਦੀ ਹੈ। ਹਾਕਮਾਂ ਲਈ ਤਿਆਰ ਕੀਤੇ ਮਹਿਲਾਂ ਵਿਚ ਇਹਨਾਂ ਮਜ਼ਦੂਰਾਂ ਨੂੰ ਵੜਨ ਤੱਕ ਨਹੀਂ ਦਿੱਤਾ ਜਾਂਦਾ। ਹਾਕਮਾਂ ਲਈ ਮਹਿਲ ਤਿਆਰ ਕਰਨ ਵਾਲਾ ਮਜ਼ਦੂਰ ਖੁਦ ਖੁੱਲ੍ਹੇ ਆਸਮਾਨ ਹੇਠਾਂ ਜੀਵਨ ਬਤੀਤ ਕਰਨ ਲਈ ਮਜ਼ਬੂਰ ਕਰ ਦਿੱਤਾ ਜਾਂਦਾ ਹੈ; "ਚਾਂਦਨੀ ਦੀ ਉਡਣੀ ਲੈ ਧਰਤੀ ਦੀ ਹਿੱਕੜੀ ਤੇ, ਰੋਜ਼ ਸੌਂਦੇ ਵੇਖੇ ਮਜ਼ਦੂਰ ਸੁਪਨੇ ਤੇ ਸੱਧਰਾਂ ਦਾ ਕਰ ਕੇ ਵਿਛੌਣਾ, ਵੇਖੇ ਨੀਂਦਰਾਂ ਦੇ ਲਹੁੰਦੇ ਭਰ ਪੂਰ।" (ਸੰਦਲੀ ਕਿਰਨਾਂ, ਪੰਨਾ-24)

### ਘੋੜੀਆਂ ਅਤੇ ਸੁਹਾਗ ਲੋਕ-ਗੀਤ ਇੱਕ ਅਲੋਕਾਰ ਸੰਸਾਰ – ਡਾ: ਚਰਨਜੀਤ ਕੌਰ

ਡਾ: ਚਰਨਜੀਤ ਕੌਰ ਹੁਰਾਂ ਦਾ ਸਮੁੱਚਾ ਖੋਜ ਕਾਰਜ ਲੋਕ ਗੀਤਾਂ 'ਤੇ ਆਧਾਰਿਤ ਰਿਹਾ ਹੈ। ਉਹਨਾਂ ਵੱਲੋਂ ਵਿਆਹਾਂ ਉੱਪਰ ਗਾਏ ਜਾਂਦੇ ਘੋੜੀਆਂ ਅਤੇ ਸੁਹਾਗਾਂ 'ਤੇ ਨਿੱਠ ਕੇ ਕੰਮ ਕੀਤਾ ਹੈ। ਹੱਥਲੀ ਪੁਸਤਕ ਵਿਚ ਵੀ ਵਿਆਹਾਂ ਤੇ ਗਾਏ ਜਾਂਦੇ ਘੋੜੀਆਂ ਅਤੇ ਸੁਹਾਗਾਂ ਨਾਲ ਸੰਬੰਧਤ ਪੁਸਤਕ ਹੈ। ਡਾ: ਚਰਨਜੀਤ ਕੌਰ ਅਨੁਸਾਰ, "ਇਹ ਘੋੜੀਆਂ ਅਤੇ ਸੁਹਾਗ ਵੇਦਾਂ ਸ਼ਾਸਤਰਾ ਨਾਲ ਸੰਬੰਧਤ, ਸਿਮ੍ਰਤੀਆਂ ਨਾਲ ਸੰਬਧਤ ਹਨ ਕਿਉਂਕਿ ਆਦਿਕਾਲ ਤੋਂ ਹੀ ਖੁਸ਼ੀਆਂ ਦੇ ਮੌਕਿਆਂ ਤੇ ਅਜਿਹੇ ਲੋਕ ਗੀਤ ਖੁਸ਼ੀ ਨੂੰ ਪ੍ਰਗਟਾਉਣ ਦਾ ਸਾਧਨ ਬਣਦੇ ਰਹੇ ਹਨ।'

ਡਾ: ਚਰਨਜੀਤ ਕੌਰ ਅਨੁਸਾਰ, "ਅਜੋਕੇ ਸਮੇਂ ਘੋੜੀਆਂ ਅਤੇ ਸੁਹਾਗ ਗਾਉਣ ਦਾ ਰਿਵਾਜ਼ ਘੱਟ ਹੁੰਦਾ ਜਾ ਰਿਹਾ ਹੈ ਕਿਉਂਕਿ ਨੌਜਵਾਨ ਪੀੜ੍ਹੀ ਕੋਲ ਆਪਣੀ ਸੰਸਕ੍ਰਿਤੀ ਅਤੇ ਸੱਭਿਆਚਾਰ ਲਈ ਵਕਤ ਦੀ ਘਾਟ ਹੈ। ਦੂਜੀ ਗੱਲ, ਅੱਜਕਲ੍ਹ ਬਹੁਤੇ ਵਿਆਹ ਕੋਰਟ-ਮੈਰਿਜ਼ਾਂ ਰਾਹੀਂ ਹੋ ਰਹੇ ਹਨ। ਇਸ ਲਈ ਵਿਆਹਾਂ ਦੇ ਗਾਏ ਜਾਂਦੇ ਘੋੜੀਆਂ ਅਤੇ ਸੁਹਾਗਾਂ ਦੀ ਅਹਿਮੀਅਤ ਲਗਾਤਾਰ ਘੱਟਦੀ ਜਾ ਰਹੀ ਹੈ। ਤੀਜੀ ਗੱਲ, ਅੱਜ ਦਾ ਜ਼ਮਾਨਾ ਵਿਆਹ ਤੋਂ ਪਹਿਲਾਂ ਹੀ ਇੱਕ ਦੂਜੇ ਨਾਲ ਰਹਿਣ (ਲਿਵ ਇਨ ਰਿਲੇਸ਼ਨਸ਼ਿਪ) ਵਿਚ ਰਹਿਣ ਦਾ ਰੁਝਾਣ ਵੱਧਦਾ ਜਾ ਰਿਹਾ ਹੈ। ਮੁੰਡਾ-ਕੁੜੀ ਬਿਨਾਂ ਵਿਆਹ ਤੋਂ ਇੱਕ ਦੂਜੇ ਨਾਲ ਪਤੀ-ਪਤਨੀ ਵਾਂਗ ਰਹਿੰਦੇ ਹਨ। ਅਜਿਹੇ ਵਕਤ ਵਿਚ ਵਿਆਹਾਂ ਦੀ ਅਹਿਮੀਅਤ ਘੱਟਦੀ ਜਾ ਰਹੀ ਹੈ।"

ਲੋਕ ਗੀਤਾਂ ਦੀ ਖ਼ਾਸੀਅਤ ਇਹ ਹੈ ਕਿ ਇਹ ਕਿਸੇ ਸਾਜ਼ ਦੇ ਮੁਥਾਜ ਨਹੀਂ ਹੁੰਦੇ। ਪਿੰਡਾਂ ਵਿਚ ਔਰਤਾਂ ਵੱਲੋਂ ਰਲ਼ ਮਿਲ ਕੇ ਉੱਚੀ ਆਵਾਜ਼ ਵਿਚ ਲੋਕ ਗੀਤ ਗਾਏ ਜਾਂਦੇ ਰਹੇ ਹਨ; "ਲੋਕ ਗੀਤਾਂ ਦੀ ਆਪਣੀ ਨਿਜੀ ਗਾਇਨ ਸ਼ੈਲੀ ਅਤੇ ਬੰਦਸ਼ ਹੁੰਦੀ ਹੈ ਪਰ ਘੋੜੀਆਂ ਅਤੇ ਸੁਹਾਗਾਂ ਦੀ ਲੈਅ, ਹੇਕ ਅਤੇ ਗਾਇਨ ਸ਼ੈਲੀ ਬਿਲਕੁਲ ਨਿਆਰੀ, ਮੌਲਿਕ ਅਤੇ ਨਿਵੇਕਲੀ ਹੈ।" (ਘੋੜੀਆਂ ਅਤੇ ਸੁਹਾਗ ਲੋਕ-ਗੀਤ ਇੱਕ ਅਲੋਕਾਰ ਸੰਸਾਰ, ਪੰਨਾ-13)

ਇਹ ਲੋਕ ਗੀਤ ਪੀੜ੍ਹੀ ਦਰ ਪੀੜ੍ਹੀ ਤੁਰਦੇ ਰਹੇ ਹਨ। ਹਾਂ! ਵਕਤ ਦੇ ਨਾਲ-ਨਾਲ ਇਹਨਾਂ ਵਿਚ ਕੁਝ ਬਦਲਾਅ ਮਹਿਸੂਸ ਕੀਤਾ ਜਾ ਸਕਦਾ ਹੈ ਪਰ! ਅਸਲੋਂ ਹੀ ਖ਼ਤਮ ਨਹੀਂ ਕੀਤੇ ਜਾ ਸਕਦੇ। ਇਹਨਾਂ ਲੋਕ ਗੀਤਾਂ ਦਾ ਇੱਕ ਪੱਖ ਇਹ ਵੀ ਹੈ ਕਿ ਘੋੜੀਆਂ ਗਾਉਣ ਵੇਲੇ ਮੁੰਡੇ ਦੇ ਪਿਤਾ ਦੀ 'ਚੜ੍ਹਤ' ਨੂੰ ਬਿਆਨ ਕੀਤਾ ਜਾਂਦਾ ਹੈ ਅਤੇ ਸੁਹਾਗ ਗਾਉਣ ਵੇਲੇ ਧੀ ਦੇ ਪਿਤਾ ਨੂੰ 'ਕਮਜ਼ੋਰ' ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਇਹ ਵੱਖਰਾਪਣ ਸਾਡੇ ਸਮਾਜਿਕ ਜੀਵਨ ਦਾ ਅੰਗ ਕਿਹਾ ਜਾ ਸਕਦਾ ਹੈ। ਇਹ ਸਾਡੇ ਮਰਦ ਪ੍ਰਧਾਨ ਸਮਾਜ ਦੀ ਉਪਜ ਹੈ। ਇੱਥੇ ਧੀਆਂ ਵਾਲੇ ਘਰ ਦਾ ਕੋਈ ਜ਼ੋਰ ਚੱਲਦਾ ਨਹੀਂ ਦਿਖਾਇਆ ਜਾਂਦਾ। ਧੀਆਂ ਨੂੰ ਬਿਗਾਨੇ ਘਰ ਦੀ ਅਮਾਨਤ ਕਹਿ ਕੇ ਪਰਾਇਆ ਕਰ ਦਿੱਤਾ ਜਾਂਦਾ ਹੈ ਅਤੇ ਜਦੋਂ ਧੀ ਸਹੁਰਿਆਂ ਘਰ ਜਾਂਦੀ ਹੈ ਤਾਂ ਉੱਥੇ ਵੀ ਉਹਨੂੰ ਬਿਗਾਨੇ ਘਰੋਂ ਆਈ ਕਹਿ ਕੇ ਸਵੀਕਾਰ ਨਹੀਂ ਕੀਤਾ ਜਾਂਦਾ।

### ਆ ਜਾ ਚਿੜੀਏ – ਮਨਜੀਤ ਕੌਰ ਅੰਬਾਲਵੀ

ਮਨਜੀਤ ਕੌਰ ਅੰਬਾਲਵੀ ਦਾ ਨਵ-ਪ੍ਰਕਾਸ਼ਿਤ ਬਾਲ ਕਹਾਣੀ-ਸੰਗ੍ਰਹਿ 'ਆ ਜਾ ਚਿੜੀਏ' ਵੀ 2023 ਵਿਚ ਪ੍ਰਕਾਸ਼ਿਤ ਹੋਇਆ ਹੈ। ਮਨਜੀਤ ਕੌਰ ਅੰਬਾਲਵੀ ਦੀ ਇਹ 11ਵੀਂ ਪੁਸਤਕ ਹੈ। ਇਸ ਤੋਂ ਪਹਿਲਾਂ 'ਗੁਆਚੇ ਰੰਗ, ਬਹਾਰਾਂ ਨੂੰ ਅਵਾਜ਼, ਚਾਨਣ ਦੇ ਫੁੱਲ, ਮਾਂ ਦੀਆਂ ਮਿੱਠੀਆਂ ਲੋਰੀਆਂ, ਰੀਮੋਟ ਵਾਲਾ ਜਹਾਜ਼, ਕੁੱਲ ਦੀ ਬੋਲੀ, ਅਜਿਹਾ ਹੋਵੇ ਗੁਆਂਢੀ, ਆਟੇ ਦੀ ਚਿੜੀ, ਮੈਨੂੰ ਚੰਦ ਚਾਹੀਦੈ, ਨੂਰ ਅਗੰਮੀ ਪ੍ਰਕਾਸ਼ਿਤ ਹੋ ਕੇ ਪਾਠਕਾਂ ਤੀਕ ਪਹੁੰਚ ਚੁਕੀਆਂ ਹਨ। ਹੱਥਲੀ ਪੁਸਤਕ ਵਿਚ ਕੁਲ 13 ਬਾਲ ਕਹਾਣੀਆਂ ਨੂੰ ਸ਼ਾਮਿਲ ਕੀਤਾ ਗਿਆ ਹੈ।

ਇਹਨਾਂ ਕਹਾਣੀਆਂ ਵਿਚ ਲੇਖਿਕਾ ਮਨਜੀਤ ਕੌਰ ਅੰਬਾਲਵੀ ਵੱਲੋਂ ਨਿੱਕੇ ਬੱਚਿਆਂ ਨੂੰ ਪ੍ਰੇਰਣਾ ਅਤੇ ਹੱਲਾਸ਼ੇਰੀ ਦਿੱਤੀ ਗਈ ਹੈ। ਅਸਲ ਵਿਚ ਬਾਲ ਸਾਹਿਤ ਦਾ ਮੂਲ ਮਨੋਰਥ ਹੀ ਬੱਚਿਆਂ ਦੇ ਮਨਾਂ ਉੱਪਰ 'ਸਾਰਥਕ' ਪ੍ਰਭਾਵ ਪਾਉਣਾ ਹੁੰਦਾ ਹੈ। ਦੂਜੀ ਗੱਲ, ਬਾਲ ਸਾਹਿਤ ਵਿਚ ਇਸ ਗੱਲ ਦਾ ਖਾਸ ਖਿਆਲ ਰੱਖਿਆ ਜਾਂਦਾ ਹੈ ਕਿ ਨਿੱਕੇ ਬੱਚਿਆਂ ਨੂੰ ਚੰਗੇ ਅਤੇ ਨੇਕ ਰਾਹ ਉੱਪਰ ਤੋਰਿਆ ਜਾ ਸਕੇ। ਲੇਖਿਕਾ ਨੇ ਆਪਣੀ ਇਸ ਪੁਸਤਕ ਵਿਚ ਇਸ ਗੱਲ ਦਾ ਖਾਸ ਖਿਆਲ ਰੱਖਿਆ ਹੈ।

ਸਾਹਿਤ ਦੇ ਖੇਤਰ ਵਿਚ ਬਾਲ ਸਾਹਿਤ ਦੀ ਸਿਰਜਣਾ ਨੂੰ ਸਭ ਤੋਂ ਔਖਾ ਕੰਮ ਮੰਨਿਆ ਜਾਂਦਾ ਹੈ ਕਿਉਂਕਿ ਇਸ ਕਾਰਜ ਵਿਚ ਲੇਖਕ ਨੂੰ ਬਾਲ ਮਨਾਂ ਤੇ ਪੱਧਰ ਤੇ ਪਹੁੰਚਣਾ ਪੈਂਦਾ ਹੈ। ਬਹੁਤ ਗੂੜ੍ਹੀਆਂ ਗੱਲਾਂ ਨੂੰ ਨਿੱਕੇ ਬੱਚਿਆਂ ਦੇ ਜ਼ਿਹਨ ਵਿਚ ਨਹੀਂ ਬਿਠਾਇਆ ਜਾ ਸਕਦਾ। ਲੇਖਕ ਜਾਂ ਲੇਖਿਕਾ ਆਪਣੇ ਮਨ ਦੇ ਭਾਵਾਂ ਨੂੰ ਇਸ ਤਰ੍ਹਾਂ ਪੇਸ਼ ਕਰਦੇ ਹਨ ਜਿਸ ਨਾਲ ਨਿੱਕੇ ਬੱਚਿਆਂ ਨੂੰ ਸਹਿਜਤਾ ਨਾਲ ਸਮਝ ਆ ਸਕੇ। 'ਦਿਲਪ੍ਰੀਤ ਦੀ ਸਿਆਪਣ' ਕਹਾਣੀ ਵਿਚ ਦੱਸਿਆ ਗਿਆ ਹੈ ਕਿ ਨਿੱਕੇ ਬੱਚੇ ਸਮਝਾਉਣ ਨਾਲ ਨਹੀਂ ਬਲਕਿ ਦੇਖਾ- ਦੇਖੀ ਜਲਦੀ ਸਮਝਦੇ ਹਨ। ਇਸ ਕਹਾਣੀ ਵਿਚ ਦਿਲਪ੍ਰੀਤ ਆਪਣੀ ਦਾਦੀ ਮਾਤਾ ਦੀਆਂ ਚੰਗੀਆਂ ਆਦਤਾਂ ਨੂੰ ਛੇਤੀ ਸਿੱਖਦੀ ਹੈ। 'ਖੱਬਚੂ ਬਿੱਲੀ' ਕਹਾਣੀ ਵਿਚ ਦੱਸਿਆ ਗਿਆ ਕਿ ਜਾਨਵਰ ਪਿਆਰ ਦੇ ਭੁੱਖੇ ਹੁੰਦੇ ਹਨ ਅਤੇ ਉਹ ਪਿਆਰ ਕਰਨ ਵਾਲੇ ਇਨਸਾਨ ਨਾਲ ਮਿੱਤਰਤਾ ਨਿਭਾਉਂਦੇ ਹਨ। ਇਸ ਤਰ੍ਹਾਂ ਸਮੁੱਚੀਆਂ ਕਹਾਣੀਆਂ ਵਿਚ ਨਿੱਕੇ ਬੱਚਿਆਂ ਨੂੰ ਸੰਦੇਸ਼ ਅਤੇ ਸਿੱਖਿਆ ਦੇਣ ਦਾ ਯਤਨ ਕੀਤਾ ਗਿਆ ਹੈ।

### ਅੱਖਰ ਅੱਖਰ ਲੋਅ – ਗੁਰਪ੍ਰੀਤ ਕੌਰ ਸੈਣੀ

ਗੁਰਪ੍ਰੀਤ ਕੌਰ ਸੈਣੀ ਦੀਆਂ ਹੁਣ ਤੱਕ ਚਾਰ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ ਅਤੇ ਇਹ ਗ਼ਜ਼ਲ- ਸੰਗ੍ਰਹਿ ਪੰਜਵੀਂ ਪੁਸਤਕ ਦੇ ਰੂਪ ਵਚ ਪਾਠਕਾਂ ਦੇ ਹੱਥਾਂ ਤੱਕ ਪਹੁੰਚਿਆ ਹੈ। ਗੁਰਪ੍ਰੀਤ ਕੌਰ ਦੀ ਸ਼ਾਇਰੀ ਦਾ ਅਧਿਐਨ ਕਰਦਿਆਂ ਇਹ ਪਤਾ ਲੱਗਦਾ ਹੈ ਕਿ ਉਹ ਰੋਣ- ਧੋਣ ਦੀ ਸ਼ਾਇਰੀ ਨਹੀਂ ਸਿਰਜਦੀ ਬਲਕਿ ਪਿਰਤਸੱਤਾ ਦੇ ਖਿਆਫ ਆਪਣੀ ਆਵਾਜ਼ ਨੂੰ ਬੁਲੰਦ ਕਰਦੀ ਹੈ। ਉਹ ਆਪਣੀਆਂ ਕਵਿਤਾਵਾਂ / ਗ਼ਜ਼ਲਾਂ ਵਿਚ ਔਰਤ ਨੂੰ 'ਵਿਚਾਰੀ' ਅਤੇ 'ਕਮਜ਼ੋਰ' ਬਣਾ ਕੇ ਪੇਸ਼ ਨਹੀਂ ਕਰਦੀ ਬਲਕਿ ਉਹ ਜ਼ੁਲਮ ਦੇ ਖਿਲਾਫ ਡੱਟ ਕੇ ਖਲੋਣ ਦੀ ਹੱਲਾਸ਼ੇਰੀ ਦਿੰਦੀ ਹੈ/ ਪ੍ਰੇਰਣਾ ਦਿੰਦੀ ਹੈ;
"ਭਲਾ ਕਿਉਂ ਹੋਂਦ ਮੇਰੀ ਨੂੰ, ਨਵੀਂ ਹੀ ਨਿੱਤ ਸਜ਼ਾ ਦਿੰਦੇ?
ਕਦੇ ਆਖਣ ਇਹ ਅਬਲਾ ਹੈ, ਕਦੇ ਪੱਥਰ ਬਣਾ ਦਿੰਦੇ।" (ਅੱਖਰ ਅੱਖਰ ਲੋਅ, ਪੰਨਾ- 13)

ਗੁਰਪ੍ਰੀਤ ਕੌਰ ਸੈਣੀ ਦੀ ਸ਼ਾਇਰੀ ਬਾਰੇ ਗੱਲ ਕਰਦਿਆਂ ਸੁਲੱਖਣ ਸਰਹੱਦੀ ਲਿਖਦੇ ਹਨ,"ਗੁਰਪ੍ਰੀਤ ਦੇ ਸ਼ਿਅਰ ਦੀਪਕ ਵਾਂਗ ਤੁਹਾਡੇ- ਸਾਡੇ ਰਾਹ ਵਿਚ ਜਗ ਰਹੇ ਹਨ। ਇਹਨਾਂ ਦੀ ਲਾਟ ਹੀ ਇਹਨਾਂ ਦੇ ਅਰਥ ਹਨ।" (ਅੱਖਰ ਅੱਖਰ ਲੋਅ, ਭੂਮਿਕਾ ਵਿਚੋਂ) 'ਅੱਖਰ ਅੱਖਰ ਲੋਅ' ਦੀਆਂ ਗ਼ਜ਼ਲਾਂ ਦਾ ਅਧਿਐਨ ਉਪਰੰਤ ਇਹ ਗੱਲ ਪ੍ਰਤੱਖ ਰੂਪ ਵਿਚ ਸਾਹਣਮੇ ਆਉਂਦੀ ਹੈ ਕਿ ਸ਼ਾਇਰਾ ਦੰਭੀਆਂ, ਚੁਗਲਖੋਰਾਂ, ਰਿਸ਼ਵਤਖੋਰਾਂ, ਸਿਆਸੀ ਚੋਧਰੀਆਂ ਅਤੇ ਭਰੂਣ ਹੱਤਿਆ ਕਰਨ ਵਾਲਿਆਂ ਨੂੰ ਕਰੜੇ ਹੱਥੀਂ ਲੈਂਦੀ ਹੈ। ਉਹ ਉਹਨਾਂ ਲੇਖਿਕਾਂ ਅਤੇ ਲੇਖਿਕਾਵਾਂ ਨੂੰ ਵੀ ਫਿਟਕਾਰ ਪਾਉਂਦੀ ਹੈ ਜਿਹੜੇ ਸਰਕਾਰਾਂ ਹੱਥੋਂ ਇਨਾਮਾਂ ਖ਼ਾਤਰ ਆਪਣੀ ਜ਼ਮੀਰ ਨੂੰ ਵੇਚ ਦਿੰਦੇ ਹਨ ਜਾਂ ਸਮਝੋਤੇ ਕਰਨ ਲਈ ਤਿਆਰ ਹੋ ਜਾਂਦੇ ਹਨ।

### ਭਰ ਜੋਬਨ ਬੰਦਗੀ – ਛਿੰਦਰ ਕੋਰ ਸਿਰਸਾ

ਛਿੰਦਰ ਕੋਰ ਸਿਰਸਾ ਦੀਆਂ ਹੁਣ ਤੱਕ ਤਿੰਨ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ। ਇਸ ਚੌਥੀ ਪੁਸਤਕ 'ਭਰ ਜੋਬਨ ਬੰਦਗੀ' 2023 ਵਿਚ ਪ੍ਰਕਾਸ਼ਿਤ ਹੋਈ ਹੈ। 'ਭਰ ਜੋਬਨ ਬੰਦਗੀ' ਕਾਵਿ-ਸੰਗ੍ਰਹਿ ਦਾ ਅਧਿਐਨ ਕਰਦਿਆਂ ਇਹ ਗੱਲ ਸਹਿਜੇ ਹੀ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਛਿੰਦਰ ਕੋਰ ਅਜੋਕੇ ਸਮੇਂ ਸਿਰਜੇ ਜਾ ਰਹੇ ਔਰਤ ਸਾਹਿਤ ਤੋਂ ਵੱਖ ਰੂਪ ਵਿਚ ਸਿਰਜਣਾ ਕਰਦੀ ਹੈ। ਅਜੋਕਾ ਦੌਰ ਨਾਰੀਵਾਦੀ ਔਰਤ ਲੇਖਿਕਾਵਾਂ ਵੱਲੋਂ ਮਰਦ ਪ੍ਰਧਾਨ ਸਮਾਜ ਅਤੇ ਸਮੁੱਚੇ ਮਰਦ ਸਮਾਜ ਪ੍ਰਤੀ ਨਫ਼ਰਤ ਦੀ ਭਾਵਨਾ ਨਾਲ ਲਬਰੇਜ਼ ਦਿਖਾਈ ਦਿੰਦੀ ਹੈ ਪਰ! ਛਿੰਦਰ ਕੋਰ ਦੀਆਂ ਕਵਿਤਾਵਾਂ ਦਾ ਅਧਿਐਨ ਕਰਦਿਆਂ ਇਹ ਅਹਿਸਾਸ ਹੁੰਦਾ ਹੈ ਕਿ ਉਹ ਬਾਪ ਨੂੰ ਬਾਪ ਦੀ ਇੱਜ਼ਤ ਦਿੰਦਿਆਂ ਦਿਖਾਈ ਦਿੰਦੀ

(ਬਾਕੀ ਅਗਲੇ ਸਫੇ 'ਤੇ)

### 15 ਜਨਵਰੀ 2024 ਨੂੰ 143ਵੇਂ ਜਨਮ ਦਿਵਸ ’ਤੇ

# ਮਹਾਨ ਇਨਕਲਾਬੀ ਗਦਰੀ ਯੋਧੇ ਭਾਈ ਪਿਆਰਾ ਸਿੰਘ ਲੰਗੇਰੀ ਨੂੰ ਯਾਦ ਕਰਦਿਆਂ

**ਅਵਤਾਰ ਲੰਗੇਰੀ**
+91 94632-60181

ਦੁਆਬੇ ਦੀ ਧਰਤੀ ਤੇ ਤਹਿਸੀਲ ਗੜਸ਼ੰਕਰ ਦਾ ਇੱਕ ਛੋਟਾ ਜਿਹਾ ਇਤਿਹਾਸਕ ਪਿੰਡ ਲੰਗੇਰੀ ਜਿਸ ਪਿੰਡ ਦੇ ਲੋਕਾਂ ਨੇ ਹਮੇਸ਼ਾ ਅਗਾਂਹ ਵਧੂ ਸਿਆਸਤ ਵਿੱਚ ਹਿੱਸਾ ਲਿਆ। ਦੇਸ਼ ਦੀ ਅਜ਼ਾਦੀ ਅਤੇ ਬਰਾਬਰਤਾ ਦੀ ਜੰਗ ਵਿੱਚ ਕੁਰਬਾਨੀਆਂ ਕਰਨ ਵਾਲੇ ਬਹੁਤ ਸਾਰੇ ਯੋਧਿਆਂ ਨੇ ਇਸ ਪਿੰਡ ਵਿੱਚ ਜਨਮ ਲਿਆ ਜਿਨ੍ਹਾਂ ਵਿਚੋਂ ਇੱਕ ਬਹਾਦਰ ਸੂਰਬੀਰ ਯੋਧੇ ਦਾ ਨਾਮ ਸੀ ਭਾਈ ਪਿਆਰਾ ਸਿੰਘ ਲੰਗੇਰੀ ਜਿਨ੍ਹਾਂ ਨੇ 15 ਜਨਵਰੀ ਸੰਨ 1881 ਨੂੰ ਪਿਤਾ ਸਰਦਾਰ ਲੱਖਾ ਸਿੰਘ ਦੇ ਘਰ ਇੱਕ ਕਿਰਤੀ ਪਰਿਵਾਰ ਵਿੱਚ ਜਨਮ ਲਿਆ। ਘਰ ਦੀ ਤੰਗੀ ਕਾਰਨ 1902 ਵਿੱਚ ਆਪ ਫੌਜ਼ ਵਿੱਚ ਭਰਤੀ ਹੋ ਗਏ ਪ੍ਰੰਤੂ ਆਜ਼ਾਦ ਬਿਰਤੀ ਦੇ ਇਸ ਯੋਧੇ ਨੇ 4 ਸਾਲ ਦੀ ਨੌਕਰੀ ਤੋਂ ਬਾਅਦ ਹੀ ਅੰਗਰੇਜ਼ ਸਰਕਾਰ ਦੀ ਫੌਜੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ।

ਘਰ ਦਾ ਤੋਰਾ ਤੋਰਨ ਅਤੇ ਆਪਣੀ ਅਜ਼ਾਦ ਸੋਚ ਨੂੰ ਆਜ਼ਾਦੀ ਦਾ ਜਾਮਾ ਪਹਿਨਾਉਣ ਹਿੱਤ ਆਪ 1906 ਵਿੱਚ ਕਲਕੱਤਿਉਂ ਜਹਾਜ਼ ਫੜ ਹਾਂਗਕਾਂਗ, ਸ਼ੰਘਈ ਹੁੰਦੇ ਹੋਏ ਕੈਲੀਫ਼ੋਰਨੀਆ ਦੇ ਸ਼ਹਿਰ ਸਾਨਫਰਾਂਸਿਸਕੋ ਜਾ ਪਹੁੰਚੇ। ਵੈਨਕੂਵਰ ਦੇ ਸੰਤ ਤੇਜਾ ਸਿੰਘ , ਭਾਈ ਬਲਵੰਤ ਸਿੰਘ ਅਤੇ ਭਾਈ ਸੁੰਦਰ ਕਾਲੇਪਾਣੀ ਦੀ ਜੇਲ੍ਹ ਅੰਡੇਮਾਨ ਭਾਈ ਪਿਆਰਾ ਸਿੰਘ ਜੀ ਨੇ ਬਾਬਾ ਜੈਮਲ ਸਿੰਘ ਜੀ ਸਿੰਘ ਵਰਗੇ ਸਿੱਖ ਲੀਡਰਾਂ ਦੇ ਸੱਦੇ ਤੇ ਸੰਨ 1908 ਵਿੱਚ ਆਪ ਅਮਰੀਕਾ ਤੋਂ ਵੈਨਕੂਵਰ ਆ ਗਏ। ਇੱਥੇ ਉਹਨਾਂ ਨੂੰ ਗੁਰੂ ਨਾਨਕ ਮਾਈਨਿੰਗ ਐਂਡ ਟ੍ਰਸਟ ਕੰਪਨੀ ਦਾ ਮੈਨੇਜਿੰਗ ਡਾਇਰੈਕਟਰ ਬਣਾਇਆ ਗਿਆ। ਉਪਰੰਤ 1912 ਵਿੱਚ ਬਣੇ 'ਚ ਬਣੇ ਵਿਕਟੋਰੀਆ ਗੁਰਦੁਆਰੇ ਦੇ ਗ੍ਰੰਥੀ ਨਿਯੁਕਤ ਹੋਏ। ਇਸ ਸਮੇਂ ਦੌਰਾਨ ਆਪ ਇੱਕ ਵਿਲੱਖਣ ਸ਼ਖਸ਼ੀਅਤ ਦੇ ਤੌਰ ਤੇ ਉਭਰ ਚੁੱਕੇ ਸਨ। ਜਿਸ ਕਰਕੇ ਅੰਗਰੇਜ਼ ਹਕੂਮਤ ਵੱਕਾਲੇਪਾਣੀ ਦੀ ਜੇਲ੍ਹ ਅੰਡੇਮਾਨ ਦੀਪ ਭਾਈ ਪਿਆਰਾ ਸਿੰਘ ਨਲੂਆ 4 ਸਾਲ ਦੀ ਕੈਦ ਕੱਟੀ ਅੰਡੇਮਾਨ ਦੀਪ ਜੀਰਵੀ ਭਾਈ ਪਿਆਰਾ ਸਿੰਘ ਨੇ ਸਵਾ ਚਾਰ ਸਾਲ ਦੀ ਜੇਲ ਅੰਡੇਮਾਨ ਦੀ ਜੇਲ ਵਿੱਚ ਭਾਈ ਪਿਆਰਾ ਸਿੰਘ ਨੇ ਸਵਾ ਚਾਰ ਸਾਲ ਦੀ ਜੇਲ੍ਹ ਕੱਟੀਲੋਂ ਆਪ ਜੀ ਨੂੰ ਮੁਖਬਰ ਦੇ ਤੌਰ ਤੇ ਵਰਤਣਾ ਚਾਹਿਆ।ਉਹਨਾਂ ਦੱਸਿਆ ਕਿ ਅੰਗਰੇਜ਼ ਅਫਸਰ ਹਾਪਕਿਨਸਨ ਨੇ ਉਹਨਾਂ ਨੂੰ ਕਿਹਾ ਕਿ ਭਾਈ ਸਾਹਿਬ ਜੇਕਰ ਤੁਸੀਂ ਆਪਣਾ ਕੋਈ ਭਾਈ ਭਤੀਜਾ ਕੈਨੇਡਾ ਮੰਗਵਾਉਣਾ ਚਾਹੁੰਦੇ ਹੋ ਤਾਂ ਮੰਗਵਾ ਸਕਦੇ ਹੋ ।ਪਰ ਸੱਚੇ ਕੌਮ ਪ੍ਰਸਤ ਭਾਈ ਸਾਹਿਬ ਅੰਗਰੇਜ਼ ਦੀਆਂ ਚਾਲਾਂ ਵਿੱਚ ਨਾ ਫਸੇ ਅਤੇ ਅਤੇ ਉਹ ਨਿਰੰਤਰ ਆਪਣੇ ਮਿਸ਼ਨ ਉਤੇ ਕੰਮ ਕਰਦੇ ਰਹੇ। 1912 ਵਿੱਚ ਪਫਾਹੀ ਗਰ ਨੇ ਸਰਦਾਰ ਕਰਤਾਰ ਸਿੰਘ ਹੁੰਦਲ ਅਤੇ ਡਾਕਟਰ ਸੁੰਦਰ ਸਿੰਘ ਨਾਲ ਮਿਲ ਕੇ ਪ੍ਰੈਸ ਲਗਾਈ ਅਤੇ ਅੰਗਰੇਜ਼ੀ ਦਾ 15 ਰੋਜ਼ਾ ਅਖਬਾਰ "ਸੰਸਾਰ" ਕੱਢਿਆ। ਇਹ ਅਖ਼ਬਾਰ ਦੁਨੀਆਂ ਅੰਦਰ ਰਹਿ ਰਹੇ ਹਿੰਦੁਸਤਾਨੀਆਂ ਦੇ ਦੁੱਖਾਂ-ਦਰਦਾਂ ਨੂੰ ਬਿਆਨ ਕਰਦਾ ਅਤੇ ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਕਰਾਉਂਦਾ। ਇਸ ਰਾਹੀਂ ਵਿੱਦਿਆ ਪ੍ਰਾਪਤੀ ਤੇ ਜ਼ੋਰ ਦਿੱਤਾ ਜਾਂਦਾ ਤਾਂ ਜੋ ਹਿੰਦੁਸਤਾਨ ਦੇ ਲੋਕ ਪੜ੍ਹ-ਲਿਖ ਕੇ ਗੋਰੇ ਦੀਆਂ ਬਦੇਸ਼ ਭਗਤਾਂ ਦੇ ਚਾਲਾਂ ਨੂੰ ਸਮਝਣ ਅਤੇ ਗੁਲਾਮੀ ਦੀਆਂ ਜੰਜ਼ੀਰਾਂ ਤੋੜ ਸੁੱਟਣ। "ਸੰਸਾਰ" ਦੀ ਦੀ ਮਲਕੀਅਤ ਨੂੰ ਲੈ ਕੇ ਦੇਸ਼ ਭਗਤਾਂ ਦੇ ਮਿਲੀਟੈਂਟ ਧੜ੍ਹੇ ਅਤੇ ਨਰਮ ਖਿਆਲੀ ਧੜੇ ਵਿਚਕਾਰ ਕਮਿਊਨਿਟੀ ਦੀ ਲੀਡਰਸ਼ਿਪ ਲਈ ਖਹਿਬਾਜੀ ਵਧਣ ਲੱਗੀ। ਜਿਸ ਕਰਕੇ ਨਰਮ ਖਿਆਲੀਏ ਆਗੂ ਕਰਤਾਰ ਸਿੰਘ ਹੁੰਦਲ ਡਾਕਟਰ ਸੁੰਦਰ ਸਿੰਘ ਅਤੇ ਬਾਬੂ ਕਪੂਰ ਸਿੰਘ ਖੜੌਦੀ 1914 ਦੇ ਅੱਧ ਵਿੱਚ ਵੈਨਕੂਵਰ ਛੱਡ ਟੋਰਾਂਟੋ ਵੱਲ ਚਲੇ ਗਏ ਪ੍ਰੰਤੂ ਭਾਈ ਪਿਆਰਾ ਸਿੰਘ ਜੀ ਇੱਥੇ ਹੀ ਟਿਕੇ ਰਹੇ। 23 ਮਈ 1914 ਨੂੰ ਭਾਈ ਪਿਆਰਾ ਸਿੰਘ ਨੇ ਕਾਮਾਗਾਟਾ ਮਾਰੂ ਜਹਾਜ਼ ਦੇ ਵੈਨਕੂਵਰ ਪੁੱਜਣ ਵਾਲੇ ਦਿਨ ਗ਼ਦਰੀ ਲੀਡਰ ਹਰਨਾਮ ਸਿੰਘ ਸਾਹਰੀ'ਮਿੱਤ ਸਿੰਘ ਪੰਡੋਰੀ, ਹਰੀ ਸਿੰਘ ਚੋਟੀਆਂ ਅਤੇ ਬਲਵੰਤ ਸਿੰਘ ਖੁਰਦਪੁਰ ਨਾਲ ਮਿਲ ਕੇ ਕਾਮਾ ਗਾਟਾ ਮਾਰੂ ਜਹਾਜ਼ ਤੇ ਜਾਣ ਦੀ ਕੋਸ਼ਿਸ਼ ਕੀਤੀ ਅਤੇ ਜਹਾਜ ਦਾ ਘੋਲ ਲੜਨ ਲਈ ਪੈਸੇ ਇਕੱਠੇ ਕਰਕੇ ਮੁਸਾਫਰਾਂ ਨੂੰ ਰਾਸ਼ਣ ਪਹੁੰਚਦਾ ਕੀਤਾ। ਜੂਨ 1914 ਵਿੱਚ ਆਪ ਵੀ ਟੋਰਾਂਟੋ ਚਲੇ ਗਏ। ਪਹਿਲਾ ਸੰਸਾਰ ਯੁੱਧ ਸ਼ੁਰੂ ਹੋਣ ਤੇ ਭਾਈ ਸਾਹਿਬ ਫਿਰ ਟੋਰੰਟੋ ਤੋਂ ਫਰਾਂਸਿਸਕੋ ਪਹੁੰਚ ਗਏ। ਇੱਥੋਂ ਉਹਨਾ ਨੇ ਵਤਨ ਵਾਪਸੀ ਲਈ ਆਪਣੇ ਸਾਥੀ ਪਿਰਥੀ ਸਿੰਘ, ਜਗਤ ਰਾਮ, ਕੇਸਰ ਸਿੰਘ, ਊਧਮ ਸਿੰਘ, ਜਵਾਲਾ ਸਿੰਘ, ਨਿਧਾਨ ਸਿੰਘ, ਅਰੂੜ ਸਿੰਘ, ਅਮਰ ਸਿੰਘ ਅਤੇ ਨਵਾਬ ਖਾਨ ਨਾਲ ਹਾਂਗਕਾਂਗ ਲਈ ਜਹਾਜ਼ ਫੜਿਆ ।ਜਪਾਨ ਦੀ ਬੰਦਰਗਾਹ ਨਾਗਾਸਾਕੀ ਪੁੱਜਣ ਤੇ ਗਦਰੀ ਲੀਡਰ ਭਾਈ ਜਵਾਲਾ ਸਿੰਘ ਠੱਠੀਆਂ ਭਾਈ ਕੇਸਰ ਸਿੰਘ ਠੱਠਗੜ੍ਹ ਵੱਲੋਂ ਮਿਲੀਆਂ ਹਦਾਇਤਾਂ ਅਨੁਸਾਰ ਭਾਈ ਪਿਆਰਾ ਸਿੰਘ ਆਪਣੇ ਸਾਥੀ ਨਿਧਾਨ ਸਿੰਘ ਚੁੱਘਾ ਅਤੇ ਇੰਦਰ ਸਿੰਘ ਸੁਰ ਸਿੰਘ ਸਮੇਤ ਜਹਾਜ ਵਿਚੋਂ ਉੱਤਰ ਗਏ। ਗਦਰੀ ਲੀਡਰਾਂ ਵੱਲੋਂ ਹੁਕਮ ਸੀ ਕਿ ਇੱਥੇ ਭਾਈ ਪਿਆਰਾ ਸਿੰਘ ਹੁਰੀਂ ਸ਼ੰਘਾਈ ਜਾਣ ਤੇ ਉਥੋਂ ਬੰਦੇ ਤੇ ਪੈਸੇ ਲੈ ਕੇ ਆਉਣ। ਇਨ੍ਹਾਂ ਦੇ ਉੱਥੇ ਜਾਣ ਨਾਲ ਗ਼ਦਰ ਪਾਰਟੀ ਦੀ ਸ਼ੰਗਾਈ ਬ੍ਰਾਂਚ ਬੜੀ ਸਰਗਰਮ ਹੋ ਗਈ। ਭਾਈ ਪਿਆਰਾ ਸਿੰਘ ਜੀ ਦੀ ਪ੍ਰੇਰਨਾ ਨਾਲ ਉਥੋਂ ਬਹੁਤ ਸਾਰੇ ਗਦਰੀ ਦੇਸ਼ ਜਾਣ ਲਈ ਤਿਆਰ ਹੋ ਗਏ। 15 ਅਕਤੂਬਰ 1914 ਨੂੰ ਭਾਈ ਪਿਆਰਾ ਸਿੰਘ ਜੀ ਆਪਣਾ ਨਾਮ ਬਦਲ ਕੇ ਕਰਮ ਸਿੰਘ ਦੇ ਨਾਂ ਹੇਠਾਂ ਕਲਕੱਤੇ ਆਣ ਪੁੱਜੇ ਪਰ ਪੁਲਸ ਨੂੰ ਇਸ ਕਾਰਵਾਈ ਦਾ ਪਤਾ ਲੱਗ ਗਿਆ ਕਿ ਇਹ ਉਹੀ ਪਿਆਰਾ ਸਿੰਘ ਹੈ ਜਿਸ ਦੀਆਂ ਗੋਰੀ ਸਰਕਾਰ ਵੱਲੋਂ ਵੈਨਕੂਵਰ ਤੋਂ ਖਤਰਨਾਕ ਹੋਣ ਦੀਆਂ ਰਿਪੋਰਟਾਂ ਭਾਰਤ ਪੁੱਜੀਆਂ ਸਨ। ਪੁਲਿਸ ਨੇ ਆਪ ਜੀ ਨੂੰ ਗ੍ਰਿਫ਼ਤਾਰ ਕਰਨ ਲਈ ਪਿੰਡ ਵਿਚ ਛਾਪਾਮਾਰੀ ਕੀਤੀ ਪਰੰਤੂ ਆਪ ਪੁਲੀਸ ਦੇ ਹੱਥ ਨਹੀਂ ਆਏ। ਇਸ ਉਪਰੰਤ ਆਪ ਅੰਡਰਗਰਾਊਂਡ ਹੋ ਗਏ ਅਤੇ ਜਵੰਦ ਸਿੰਘ ਨੰਗਲ ਕਲਾਂ ਜੋ ਕਿ ਵੈਨਕੂਵਰ ਤੋਂ ਪਾਰਟੀ ਦੇ ਹੁਕਮਾਂ ਅਨੁਸਾਰ ਭਾਰਤ ਪਰਤੇ ਸਨ ਉਨ੍ਹਾਂ ਨਾਲ ਮਿਲ ਕੇ ਅੰਗਰੇਜ਼ੀ ਹਕੂਮਤ ਦਾ ਤਖਤਾ ਪਲਟਣ ਲਈ ਪਿੰਡਾਂ ਵਿੱਚ ਪ੍ਰਚਾਰ ਕਰਨ ਲੱਗੇ। ਗਦਰ ਪਾਰਟੀ ਦੀਆਂ ਦੀਆਂ ਹਦਾਇਤਾਂ ਅਨੁਸਾਰ ਭਾਈ ਪਿਆਰਾ ਸਿੰਘ ਨੇ ਬੰਨੂ- ਕੋਹਾਟ ਜਾ ਕੇ ਫੌਜਾਂ ਵਿੱਚ ਧੂੰਆਂਧਾਰ ਪ੍ਰਚਾਰ ਕੀਤਾ ਜਿਸ ਸਦਕਾ ਬਹੁਤ ਸਾਰੇ ਫੌਜੀ ਗਦਰ ਵਿਚ ਸ਼ਾਮਲ ਹੋਣਾ ਮੰਨ ਗਏ। ਅੰਗਰੇਜ਼ੀ ਸਰਕਾਰ ਦੇ ਝੋਲੀ-ਚੁੱਕਾਂ ਅਤੇ ਗਦਾਰਾਂ ਵੱਲੋ ਦਿੱਤੀ ਸੂਹ ਕਰਕੇ ਗ਼ਦਰ ਤਾਂ ਭਾਵੇਂ ਫ਼ੇਲ ਹੋ ਗਿਆ ਪਰ ਦੇਸ਼ ਭਗਤਾਂ ਅਤੇ ਆਜ਼ਾਦੀ ਘੁਲਾਟੀਆਂ ਦੇ ਮਨਾਂ ਅੰਦਰ ਅੰਗਰੇਜ਼ੀ ਹਕੂਮਤ ਦੇ ਖਿਲਾਫ ਗੁੱਸੇ ਦੀ ਲਹਿਰ ਹੋਰ ਪ੍ਰਚੰਡ ਹੋ ਗਈ ।ਬਹੁਤ ਸਾਰੇ ਗ਼ਦਰੀ ਫੜੇ ਗਏ ਬਹੁਤ ਸਾਰੇ ਗ਼ਦਰੀ ਗਏ ਪਰ ਭਾਈ ਪਿਆਰਾ ਸਿੰਘ ਪੁਲਸ ਹੱਥ ਆਉਣੋ ਬਚ ਗਏ।ਹਾਂ ਫਿਰ ਪਿੰਡਾਂ ਵਿੱਚ ਘੁੰਮ ਕੇ ਪ੍ਰਚਾਰ ਕਰਦੇ ਰਹੇ ਆਖਰ 12 ਅਪ੍ਰੈਲ 1915 ਨੂੰ ਆਪ ਜੀ ਨੰਗਲ ਕਲਾਂ ਦੇ ਜੈਲਦਾਰ ਚੰਦਾ ਸਿੰਘਦੀ ਮੁਖਬਰੀ ਤੇ ਗ੍ਰਿਫਤਾਰ ਕਰ ਲਿਆ ਗਿਆ ਉਸ ਵਕਤ ਆਪ ਬਿੰਜੋ ਪਿੰਡ ਵਿੱਚ ਇੱਕ ਸੰਤ ਦੀ ਕੁਟੀਆ ਵਿਚ ਠਹਿਰੇ ਹੋਏ ਸਨ। ਜਦ ਉੱਥੇ ਪੁਲਿਸ ਨੇ ਛਾਪਾ ਮਾਰਿਆ ਤਾਂ ਉਹ ਪੁਲਿਸ ਦੀ ਗ੍ਰਿਫਤਾਰੀ ਤੋਂ ਬਚਣ ਲਈ ਉਹ ਘੋੜੇ ਤੋਂ ਵੀ ਤੇਜ਼ ਰਫਤਾਰ ਨਾਲ ਸੈਲੇ ਵੱਲ ਨੂੰ ਵੱਲ ਨੂੰ ਦੌੜੇ ਤਾਂ ਜੋ ਜੰਗਲ ਵਿੱਚ ਦੀ ਹੋ ਕੇ ਉਹ ਜੇਜੋਂ ਦੇ ਪਹਾੜਾਂ ਤੇ ਜਾ ਚੜ੍ਹਨ ਪਰ ਪੁਲਸ ਦੀ ਧਾੜ "ਚੋਰ ਉਇ, ਚੋਰ ਉਇ" ਦਾ ਰੌਲਾ ਪਾਉਂਦੀ ਭਾਈ ਪਿਆਰਾ ਸਿੰਘ ਦੇ ਮਗਰ ਵਹੀਰਾਂ ਘੱਤੀ ਆ ਰਹੀ ਸੀ। ਪੁਲਸ ਦਾ ਰੌਲ਼ਾ ਸੁਣ ਕੇ ਸੈਲੇ ਅਤੇ ਨਰਿਆਲਾ ਪਿੰਡਾਂ ਦੇ ਲੋਕਾਂ ਨੇ ਪਿਆਰਾ ਸਿੰਘ ਨੂੰ ਘੇਰ ਲਿਆ। ਲੋਕਾਂ ਦੇ ਟਕਰਾਅ ਵਿੱਚ ਭਾਈ ਸਾਹਿਬ ਦੇ ਟਕੂਏ ਦਾ ਦਸਤਾ ਟੁੱਟ ਗਿਆ। ਲੋਕਾਂ ਨੇ ਭਾਈ ਪਿਆਰਾ ਸਿੰਘ ਨੂੰ ਢਅ ਲਿਆ ਅਤੇ ਏਨੇ ਨੂੰ ਪੁਲੀਸ ਵੀ ਆ ਪਹੁੰਚੀ। ਪੁਲਿਸ ਨੇ ਅੰਨਾ ਤਸ਼ੱਦਦ ਕਰਦਿਆਂ ਭਾਈ ਪਿਆਰਾ ਸਿੰਘ ਨੂੰ ਛੱਲੀਆਂ ਵਾਂਗੂ ਕੁੱਟਿਆ ਜਿਸ ਨਾਲ ਆਪ ਜੀ ਦੀ ਗਿੱਟੇ ਦੀ ਹੱਡੀ ਟੁੱਟ ਗਈ। ਅੰਨ੍ਹੀ ਕੁੱਟਮਾਰ ਕਰਨ ਉਪਰੰਤ ਪੁਲਿਸ ਉਨ੍ਹਾਂ ਨੂੰ ਮਾਹਿਲਪੁਰ ਠਾਣੇ ਲੈ ਗਈ। ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰਵਾ ਕੇ ਜ਼ੈਲਦਾਰ ਚੰਦਾ ਸਿੰਘ ਦਾ ਚਾਅ ਸਾਂਭਿਆ ਨਹੀਂ ਸੀ ਜਾ ਰਿਹਾ। ਉਹ ਮਾਹਿਲਪੁਰ ਥਾਣੇ ਅੰਦਰ ਆ ਕੇ ਪੁਲਿਸ ਦੀ ਕੁੱਟ ਨਾ਼ਲ ਅਧਮੋਏ ਪਏ ਭਾਈ ਪਿਆਰਾ ਸਿੰਘ ਦੇ ਦੁਆਲੇ ਮੁੱਛਾਂ ਨੂੰ ਵੱਟ ਦੇ ਕੇ ਮੁਸਕਰਾਉਂਦਿਆਂ ਦੇਸ਼ ਭਗਤਾਂ ਨੂੰ ਗ੍ਰਿਫ਼ਤਾਰ ਕਰਵਾ ਆਪਣੇ ਆਪ ਨੂੰ ਸੁਰੱਖਿਅਤ ਹੋਣ ਦਾ ਭਰਮ ਪਾਲ ਰਿਹਾ ਸੀ। ਕੁਝ ਦਿਨਾਂ ਬਾਅਦ 25 ਅਪ੍ਰੈਲ 1915 ਨੂੰ ਭਾਈ ਪਿਆਰਾ ਸਿੰਘ ਨੂੰ ਲਾਹੌਰ ਭੇਜਿਆ ਗਿਆ ਪਰ ਭਾਈ ਪਿਆਰਾ ਸਿੰਘ ਦੇ ਲਾਹੌਰ ਪਹੁੰਚਣ ਤੋਂ ਪਹਿਲਾਂ ਹੀ ਵੈਨਕੂਵਰ ਗਏ ਗਦਰੀ ਈਸ਼ਰ ਸਿੰਘ ਢੁੱਡੀਕੇ ਅਤੇ ਜਵੰਦ ਸਿੰਘ ਨੰਗਲ ਕਲਾਂ ਮੌਤ ਦੇ ਵਰੰਟ ਲੈ ਕੇ ਜੈਲਦਾਰ ਚੰਦਾ ਸਿੰਘ ਧਾਵਾ ਬੋਲਦਿਆਂ ਉਸ ਉਪਰ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ ਪਲਾਂ ਅੰਦਰ ਹੀ ਗ਼ਦਾਰ ਜ਼ੈਲਦ ਚੰਦਾ ਸਿੰਘ ਕੁੱਤੇ ਦੀ ਮੌਤ ਭਰਿਆ ਪਿਆ ਸੀ। ਭਾਈ ਪਿਆਰਾ ਸਿੰਘ ਜੀ ਨੂੰ ਲਾਹੌਰ ਸਾਜ਼ਿਸ਼ ਕੇਸ ਵਿੱਚ ਸ਼ਾਮਲ ਕਰ ਲਿਆ ਗਿਆ। 13 ਸਤੰਬਰ 1915 ਨੂੰ ਇਸ ਕੇਸ ਦਾ ਫੈਸਲਾ ਸੁਣਾਇਆ ਗਿਆ ਜਿਸ ਵਿਚ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। "ਲਹੌਰ ਕਾਂਸਪੀਰੇਸੀ ਕੇਸ" ਵਿੱਚ ਸਜ਼ਾ ਪਾ ਚੁੱਕੇ ਪਿਆਰਾ ਸਿੰਘ ਲੰਗੇਰੀ, ਜਵਾਲਾ ਸਿੰਘ ਠੱਠੀਆਂ, ਇੰਦਰ ਸਿੰਘ ਗ੍ਰੰਥੀ, ਰੋਡਾ ਸਿੰਘ ਅਤੇ ਰਾਸ ਬਿਹਾਰੀ ਬੋਸ ਦੇ ਸਹਾਇਕ ਜਮਨਾ ਦਾਸ ਨੂੰ ਨਵੰਬਰ 1915 ਵਿਚ ਰਾਵਲ ਪਿੰਡੀ ਸੈਂਟਰਲ ਜੇਲ੍ਹ ਵਿੱਚ ਭੇਜ ਦਿੱਤਾ ਗਿਆ, ਜਿੱਥੇ ਉਨ੍ਹਾਂ ਨੂੰ ਉਦੋਂ ਤੱਕ ਉਥੇ ਰੱਖਿਆ ਜਾਣਾ ਸੀ ਜਦੋਂ ਤੱਕ ਉਨ੍ਹਾਂ ਨੂੰ ਅੰਡੇਮਾਨ ਜੇਲ੍ਹ ਭੇਜੇ ਜਾਣ ਦਾ ਪ੍ਰਬੰਧ ਨਹੀਂ ਸੀ ਹੋ ਜਾਂਦਾ। ਰਾਵਲਪਿੰਡੀ ਜੇਲ੍ਹ ਦਾ ਗੋਰਾ ਸੁਪਰਡੈਂਟ ਉਨ੍ਹਾਂ ਤੇ ਬਹੁਤ ਹੀ ਤਸ਼ੱਦਦ ਕਰਦਾ ਸੀ ਤੰਗ ਆਏ ਗ਼ਦਰੀਆਂ ਨੇ ਜੇਲ ਤੋੜ ਕੇ ਭੱਜਣ ਦਾ ਪ੍ਰੋਗਰਾਮ ਬਣਾ ਲਿਆ ਭਾਈ ਪਿਆਰਾ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਜੇਲ ਦੇ ਚਾਰ ਵਾਰਡਰਾਂ ਨੂੰ ਆਪਣੇ ਨਾਲ ਗੰਢ ਲਿਆ ਪੈਸਿਆ ਨਾਲ ਉਨ੍ਹਾਂ ਬਾਰਡਰ ਰਾਹੀਂ ਬੰਬ ਬਣਾਉਣ ਵਾਲਾ ਮਸਾਲਾ ਇਕੱਠਾ ਕਰ ਲਿਆ। ਤਜਵੀਜ਼ਤ ਪਲੈਨ ਮੁਤਾਬਕ ਉਨ੍ਹਾਂ 8 ਦਸੰਬਰ 2015 ਨੂੰ ਹਮਲਾ ਕਰਕੇ ਜੇਲ ਦੇ ਸੁਪਰਡੈਂਟ ਅਤੇ ਦੂਸਰੇ ਅਧਿਕਾਰੀਆਂ ਦੇ ਕਤਲ ਕਰਕੇ ਹਥਿਆਰ ਲੁੱਟਣੇ ਸਨ ਅਤੇ ਜੇਲ੍ਹ ਤੋੜ ਕੇ ਭੱਜ ਜਾਣਾ ਸੀ ।ਇਸ ਪਲੈਨ ਦੀ ਜੇਲ੍ਹ ਅਧਿਕਾਰੀਆਂ ਨੂੰ ਸੂਹ ਮਿਲ ਗਈ ਹੈ ਜਿਸ ਕਰਕੇ 6 ਦਸੰਬਰ 1915 ਨੂੰ ਜੇਲ੍ਹ ਵਿੱਚ ਉਨ੍ਹਾਂ ਦੇ ਸੈੱਲ ਦੀ ਤਲਾਸ਼ੀ ਲਈ ਗਈ। ਜਿਸ ਵਿੱਚੋਂ ਜੇਲ੍ਹ ਨੂੰ ਉਡਾ ਦੇਣ ਦਾ ਸਮਾਨ ਸਲਫਰ, ਪੋਟਾਸ਼, ਨਾਈਟ੍ਰਿਕ ਐਸਿਡ ਅਤੇ ਲੋਹੇ ਦੇ ਕਿੱਲਾਂ ਦਾ ਇੱਕ ਬਕਸਾ ਬਰਾਮਦ ਹੋਇਆ। ਜਿਸ ਉਪਰੰਤ ਉਮਰ ਕੈਦ ਭੋਗ ਰਹੇ ਇਹਨਾਂ ਸਾਰੇ ਰਾਜਸੀ ਕੈਦੀਆਂ ਨੂੰ ਅੰਡੇਮਾਨ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਅਤੇ ਜੇਲ੍ਹ ਦੇ ਚਾਰਾਂ ਵਾਰਡਰਾਂ ਉੱਪਰ ਮੁਕੱਦਮਾ ਚਲਾਇਆ ਗਿਆ। ਜਿਸ ਵਿੱਚ ਤਿੰਨ ਵਾਰਡਰਾਂ ਨੂੰ ਪੰਜ ਪੰਜ ਸਾਲ ਦੀ ਸਜ਼ਾ ਸੁਣਾਈ ਗਈ ਹੈ ਅਤੇ ਚੌਥੇ ਨੂੰ ਬਰੀ ਕਰ ਦਿੱਤਾ ਗਿਆ। ਅੰਡੇਮਾਨ ਦੀ ਜੇਲ ਵਿੱਚ ਭਾਈ ਪਿਆਰਾ ਸਿੰਘ ਨੇ ਸਵਾ ਚਾਰ ਸਾਲ ਦੀ ਜੇਲ੍ਹ ਕੱਟੀ। ਮਾਰਚ 1920 ਦੀ ਜਨਰਲ ਅਮਨੈਸਟੀ ਅਧੀਨ ਉਹਨਾਂ ਨੂੰ ਜੇਲ੍ਹ ਚੋਂ ਰਿਹਾਅ ਕਰ ਦਿੱਤਾ ਗਿਆ। ਜੇਲ ਵਿੱਚੋਂ ਰਿਹਾਅ ਹੋਣ ਉਪਰੰਤ ਉਹ ਪੰਜਾਬ ਪੁੱਜੇ ।ਪੰਜਾਬ ਪੰਜਾਬ ਆ ਕੇ ਉਨ੍ਹਾਂ ਨੇ ਅਕਾਲੀ ਲਹਿਰ ਕੰਮ ਕਰਨਾ ਸ਼ੁਰੂ ਕਰ ਦਿੱਤਾ ਕਿਉਂਕਿ ਗ਼ਦਰ ਲਹਿਰ ਬਾਅਦ ਅੰਗਰੇਜ਼ੀ ਹਕੂਮਤ ਦੇ ਖਿਲਾਫ ਅਕਾਲੀ ਲਹਿਰ ਪੰਜਾਬ ਅੰਦਰ ਬਹੁਤ ਪ੍ਰਚੰਡ ਹੋ ਚੁੱਕੀ ਸੀ ਜਿਸ ਕਰਕੇ ਭਾਈ ਪਿਆਰਾ ਸਿੰਘ ਜੀ ਦੀ ਯੋਗਤਾ ਤੇ ਕੁਰਬਾਨੀ ਨੂੰ ਦੇਖਦਿਆਂ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਮੇਟੀ ਦੇ ਮੈਂਬਰ ਅਤੇ ਸਿੱਖ ਲੀਗ ਦੇ ਮੈਂਬਰ ਨਾਮਜ਼ਦ ਕੀਤਾ ਗਿਆ ਹੈ ਪਰ ਕੈਨੇਡਾ ਅਤੇ ਅਮਰੀਕਾ ਵਿਚ ਰਹਿ ਰਹੇ ਗਦਰੀਆਂ ਨਾਲ ਵੀ ਆਪ ਦਾ ਬਰਾਬਰ ਸੰਪਰਕ ਕਾਇਮ ਰਿਹਾ। ਭਾਈ ਪਿਆਰਾ ਸਿੰਘ ਜੀ ਦੇ ਪਿੰਡ ਰਹਿਣ ਨਾਲ ਦੇਸ਼ ਭਗਤਾਂ, ਗਦਰੀ ਸੂਰਬੀਰਾਂ ਅਤੇ ਆਜ਼ਾਦੀ ਸੰਗਰਾਮ ਲਈ ਲੜ ਰਹੇ ਆਜ਼ਾਦੀ ਘੁਲਾਟੀਆਂ ਲਈ ਪਿੰਡ ਲੰਗੇਰੀ ਇੱਕ ਸੁਰੱਖਿਅਤ ਪਨਾਹਗਾਹ ਗਿਆ। ਪਿੰਡ ਦੇ ਦੇਸ਼ ਭਗਤਾਂ ਬਾਬੂ ਦਇਆ ਸਿੰਘ, ਗਿਆਨੀ ਮੇਹਰ ਸਿੰਘ, ਕਾਮਰੇਡ ਮੱਖਣ ਸਿੰਘ ਅਤੇ ਜਥੇਦਾਰ ਸਿੰਘ ਨੇ ਭਾਈ ਸਾਹਿਬ ਨੂੰ ਪੂਰਨ ਸਹਿਯੋਗ ਦਿੱਤਾ। ਉਹ ਵੀ ਹਮੇਸ਼ਾ ਭਾਈ ਸਾਹਿਬ ਦੇ ਨਾਲ ਹਰ ਕੁਰਬਾਨੀ ਦੇਣ ਨੂੰ ਤਿਆਰ ਰਹਿੰਦੇ ਸਨ। ਉਹ ਭਾਈ ਪਿਆਰਾ ਸਿੰਘ ਜੀ ਦੇ ਨਾਲ ਮਿਲ ਕੇ ਅੰਗਰੇਜ਼ੀ ਹਕੂਮਤ ਨਾਲ ਟੱਕਰ ਲੈ ਰਹੇ ਗ਼ਦਰੀਆਂ ਅਤੇ ਦੇਸ਼ ਭਗਤਾਂ ਨੂੰ ਪਿੰਡ ਵਿੱਚ ਸੰਭਾਲਦੇ ਉਨ੍ਹਾਂ ਦੀ ਲੰਗਰ ਪਾਣੀ ਅਤੇ ਦੁੱਧ ਘਿਉ ਨਾਲ ਸੇਵਾ ਕਰਦੇ ਅਤੇ ਸੁਰੱਖਿਅਤ ਟਿਕਾਣਿਆਂ ਤੇ ਪਹੁੰਚਾਉਦੇ।



ਉਨ੍ਹਾਂ ਕੋਲ ਕੋਲ ਭਾਵੇਂ ਬਹੁਤ ਸਾਰੇ ਦੇਸ਼ ਭਗਤਾਂ ਦਾ ਆਉਣਾ ਜਾਣਾ ਬਣਿਆਂ ਰਿਹਾ ਪ੍ਰੰਤੂ ਇੱਥੇ ਦੋ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਕਰਨਾ ਅਤਿ ਜ਼ਰੂਰੀ ਬਣਦਾ ਹੈ। ਪਹਿਲਾ ਕੇ ਭਾਈ ਪਿਆਰਾ ਸਿੰਘ ਦਾ ਕੈਨੇਡਾ ਅਮਰੀਕਾ ਦਾ ਸਾਥੀ ਮਾਸਟਰ ਊਧਮ ਸਿੰਘ ਕਸੇਲ ਜੂਨ 1922 ਦੀ ਇਕ ਰਾਤ ਨੂੰ ਵੈਲੋਰ ਜੇਲ੍ਹ ਕੋਠੜੀ ਦਾ ਜੰਦਰਾ ਖੋਲ 18 ਫੁੱਟ ਉੱਚੀ ਕੰਧ ਟੱਪ ਕੇ ਭੱਜ ਗਿਆ ਸੀ ਅਤੇ ਉਹ ਛੇ ਸੌ ਮੀਲ ਦਾ ਸਫ਼ਰ ਤੈਅ ਕਰ ਕੇ ਪਿੰਡ ਲੰਗੇਰੀ ਪੁੱਜ ਗਿਆ ਬਹੁਤ ਹੀ ਬੁਰੀ ਹਾਲਤ ਵਿੱਚ ਥੱਕੇ ਟੁੱਟੇ ਅਤੇ ਬੇਹਾਲ ਹੋਏ ਮਾਸਟਰ ਜੀ ਦੀ ਭਾਈ ਸਾਹਿਬ ਅਤੇ ਸਾਥੀਆਂ ਨੇ ਮਿਲਕੇ ਖੂਬ ਸੇਵਾ ਕੀਤੀ ਅਤੇ ਉਨ੍ਹਾਂ ਨੂੰ ਰਿਸ਼ਟ ਪੁਸ਼ਟ ਕਰਕੇ ਕਾਬਲ ਪਹੁੰਚਾ ਦਿੱਤਾ ਗਿਆ। ਮਾਸਟਰ ਊਧਮ ਸਿੰਘ ਦੀ ਫਰਾਰੀ ਤੋਂ ਜਲਦੀ ਬਾਅਦ ਗੁਰਮੁਖ ਸਿੰਘ ਲਲਤੋਂ ਵੀ ਚਲਦੀ ਗੱਡੀ ਤੇ ਬੇੜੀਆਂ ਸਣੇ ਛਾਲ ਮਾਰ ਕੇ ਫਰਾਰ ਹੋ ਗਿਆ ਸੀ। ਫੇਰ ਉਸ ਨੇ ਆਪਣੇ ਆਪ ਨੂੰ ਦੇਸ਼ ਭਗਤ ਦੱਸ ਕੇ ਕਿਸੇ ਲੁਹਾਰ ਕੋਲੋਂ ਪੈਰਾਂ ਦੀਆਂ ਬੇੜੀਆਂ ਕਟਵਾ ਲਈਆਂ ਅਤੇ ਉਹ ਲੱਭਦਾ ਲਭਾਉਂਦਾ ਭਾਈ ਪਿਆਰਾ ਸਿੰਘ ਪਿੰਡ ਲੰਗੇਰੀ ਪਹੁੰਚ ਗਿਆ। ਭਾਈ ਸਾਹਿਬ ਵੱਲੋਂ ਉਸ ਦੀ ਵੀ ਦੁੱਧ ਘਿਉ ਨਾਲ ਪੂਰੀ ਸੇਵਾ ਕੀਤੀ ਅਤੇ ਤੰਦਰੁਸਤ ਕਰਕੇ ਸਰਹੱਦੀ ਇਲਾਕਾ ਟਪਾ ਕਾਬਲ ਪਹੁੰਚਾ ਦਿੱਤਾ। ਭਾਈ ਸਾਹਿਬ ਹਮੇਸ਼ਾਂ ਹੀ ਅੰਗਰੇਜ਼ੀ ਹਕੂਮਤ ਖਿਲਾਫ ਬਗ਼ਾਵਤ ਨੂੰ ਤੇਜ਼ ਕਰਨ ਸਬੰਧੀ ਸਾਰਾ ਧਿਆਨ ਕੇਂਦਰਿਤ ਕਰੀ ਰੱਖਦੇ। ਉਨ੍ਹਾਂ ਦੇ ਜਿਹਨ ਵਿੱਚ ਵਿੱਚ ਅੰਗਰੇਜ਼ ਸਰਕਾਰ ਦਾ ਤਖ਼ਤਾ ਪਲਟ ਕੇ ਲੋਕਾਂ ਦੀ ਜ਼ਿੰਦਗੀ ਵਿੱਚ ਇਨਕਲਾਬੀ ਸੁਧਾਰ ਲਿਆਉਣਾ ਅਤੇ ਅਨਪੜ੍ਹਤਾ ਨੂੰ ਖਤਮ ਕਰਦਿਆਂ ਲੋਕਾਂ ਨੂੰ ਪੜ੍ਹਾ ਲਿਖਾ ਕੇ ਆਪਣੇ ਹੱਕਾਂ ਪ੍ਰਤੀ ਜਾਗਰੂਕ ਕਰਨਾ ਸੀ। ਇਸੇ ਕਰਕੇ ਉਹਨਾਂ ਵਿਦੇਸ਼ਾਂ ਵਿੱਚ ਬੈਠੇ ਗਦਰੀ ਇਨਕਲਾਬੀਆਂ ਅਤੇ ਦੇਸ਼ ਭਗਤਾਂ ਨਾਲ ਰਾਬਤਾ ਬਣਾਈ ਰੱਖਿਆ। ਨਵੰਬਰ 1921 ਵਿੱਚ ਆਪ ਅਮੈਰਕਿਨ ਕੈਨੇਡੀਅਨ ਸੁਸਾਇਟੀ ਦੇ ਪ੍ਰਧਾਨ ਚੁਣੇ ਗਏ ।ਇਸ ਸੁਸਾਇਟੀ ਦਾ ਮੁੱਖ ਮੰਤਵ ਦੁਆਬੇ ਵਿੱਚ ਵੱਧ ਤੋਂ ਵੱਧ ਸਕੂਲ ਖੋਲ੍ਹਣੇ ਅਤੇ ਗਦਰ ਦੀਆਂ ਪੈੜਾਂ ਤੇ ਇਨਕਲਾਬੀ ਅਖਬਾਰ ਸ਼ੁਰੂ ਕਰਨਾ ਸੀ। ਇਸੇ ਸੋਚ ਦੇ ਚਲਦਿਆਂ ਭਾਈ ਸਾਹਿਬ ਵੱਲੋਂ ਸਖ਼ਤ ਮਿਹਨਤ ਲਗਨ ਅਤੇ ਇਨਕਲਾਬੀ ਪੰਜਾਬੀਆਂ ਦੇ ਸਹਿਯੋਗ ਨਾਲ ਪ੍ਰਦੇਸੀ ਖਾਲਸਾ ਅਖਬਾਰ ਸ਼ੁਰੂ ਕੀਤਾ। ਉਸ ਸਮੇ ਪੇਪਰ ਦੀ ਛਪਾਈ ਅਤੇ ਪਾਠਕਾਂ ਤੱਕ ਪੇਪਰ ਦੀ ਪਹੁੰਚ ਕਰਨਾ ਬੜਾ ਪਹਾੜ ਜਿੱਡਾ ਕੰਮ ਸੀ। ਸੰਨ 1923 ਵਿੱਚ ਜੈਤੋ ਮੋਰਚੇ ਵਿੱਚ ਭਾਈ ਸਾਹਿਬ ਨੂੰ ਸਰਗਰਮ ਅਕਾਲੀਆਂ ਨਾਲ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਜੋ ਮਗਰੋਂ ਹੋਏ ਇੱਕ ਸਮਝੌਤੇ ਅਨੁਸਾਰ 25 ਜਨਵਰੀ 1926 ਨੂੰ ਜੇਲ੍ਹ ਤੋਂ ਬਾਹਰ ਆ ਗਏ। ਜੇਲ੍ਹ ਤੋਂ ਬਾਹਰ ਆ ਕੇ ਵੀ ਉਨ੍ਹਾਂ ਵੱਲੋਂ ਫਿਰ ਤੋਂ ਇਨਕਲਾਬੀ ਸਰਗਰਮੀਆਂ ਨੂੰ ਤੇਜ਼ ਕੀਤਾ ਗਿਆ ਜਿਸ ਤਹਿਤ ਉਹ ਫਿਰ 1928 ਆਪਣੇ ਜਿਗਰੀ ਦੋਸਤ ਬਾਬੂ ਕਪੂਰ ਸਿੰਘ ਨਾਲ ਮੁੜ ਕੈਨੇਡਾ ਪਹੁੰਚ ਗਏ। ਉਹ ਸਾਨਫਰਾਂਸਿਸਕੋ ਹੁੰਦੇ ਹੋਏ ਕੈਨੇਡਾ ਪਹੁੰਚੇ ਸਾਨਫਰਾਂਸਿਸਕੋ ਵਿੱਚ ਭਾਈ ਸਾਹਿਬ ਨੇ ਗਦਰੀਆਂ ਦੀ ਮੀਟਿੰਗ ਵਿੱਚ ਹਥਿਆਰ ਖਰੀਦ ਕੇ ਹਿੰਦੁਸਤਾਨ ਦੇ ਇਨਕਲਾਬੀਆਂ ਨੂੰ ਭੇਜਣ ਦੀ ਯੋਜਨਾ ਤੇ ਤਰਕ ਭਰਪੂਰ ਵਿਚਾਰ ਚਰਚਾ ਕੀਤੀ। 13 ਅਪਰੈਲ 1929 ਨੂੰ ਵਿਸਾਖੀ ਵਾਲੇ ਦਿਨ ਆਪ ਜੀ ਵੱਲੋਂ ਵਿਕਟੋਰੀਆ ਗੁਰਦੁਆਰੇ ਵਿੱਚ ਬੋਲਦਿਆਂ ਹਾਜ਼ਰ ਲੋਕਾਂ ਨੂੰ ਬੜੀ ਭਾਵਕ ਅਪੀਲ ਕਰਦਿਆਂ ਕਿਹਾ ਕਿ ਅੱਜ ਦੇਸ਼ ਨੂੰ ਕੁਰਬਾਨੀਆਂ ਦੀ ਲੋੜ ਹੈ ਜਿਸ ਲਈ ਸਾਨੂੰ ਅੱਜ ਆਪਣੇ ਦੇਸ਼ ਲਈ ਤਨ ਮਨ ਧੰਨ ਸਭ ਕੁਝ ਕੁਰਬਾਨ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਨੇ ਦੇਸ਼ ਅਤੇ ਵਿਦੇਸ਼ ਵਿੱਚ ਬੈਠੇ ਗਦਰੀਆਂ ਬੱਬਰ ਅਕਾਲੀਆਂ ਅਤੇ ਸਮੂਹ ਦੇਸ਼ ਭਗਤਾਂ ਨਾਲ ਸੰਪਰਕ ਬਣਾਈ ਰੱਖਿਆ। ਪਿੰਡ ਵਿੱਚ ਰਹਿੰਦਿਆਂ ਅਕਸਰ ਹੀ ਅੰਗਰੇਜ਼ਾਂ ਅਤੇ ਉਹਨਾਂ ਦੇ ਝੋਲੀਚੁਕਾਂ ਦਾ ਸੋਧਾ ਲਾਉਣ ਉਪਰੰਤ ਅੰਗਰੇਜ਼ ਪੁਲਿਸ ਤੋਂ ਬਚਦੇ ਬਚਾਉਂਦੇ ਇਨਕਲਾਬੀ ਉਨ੍ਹਾਂ ਕੋਲ ਰਾਤਾਂ ਕੱਟਣ ਦੇ ਨਾਲ ਨਾਲ ਕਈ ਤਰਾਂ ਦੀ ਮਦਦ ਲੈਂਦੇ ਰਹੇ ਜਿਸ ਸਦਕਾ ਇਨਕਲਾਬੀ ਹਲਕਿਆਂ ਵਿਚ ਅਥਾ ਸਤਿਕਾਰ ਸੀ। ਇਸੇ ਸਤਿਕਾਰ ਸਦਕਾ 8 ਜੂਨ 1930 ਨੂੰ ਵੈਨਕੂਵਰ ਦੇ ਗੁਰਦੁਆਰਾ ਸਾਹਿਬ ਇੱਕ ਵੱਡੀ ਮੀਟਿੰਗ ਕਰਕੇ ਆਪ ਜੀ ਨੂੰ ਸਨਮਾਨਿਤ ਕੀਤਾ ਗਿਆ ਜਿਸ ਵਿੱਚ ਸਿਰੋਪੇ ਨਾਲ ਵੈਨਕੂਵਰ ਦੇ ਦੇਸ਼ ਪ੍ਰੇਮੀਆਂ ਵੱਲੋਂ ਆਪਣੀ ਹੱਕ ਹਲਾਲ ਦੀ ਕਮਾਈ ਵਿਚੋਂ ਇਕੱਤਰ ਕੀਤੀ ਇੱਕ ਵੱਡੀ ਰਕਮ ਦੀ ਥੈਲੀ ਵੀ ਭੇਂਟ ਕੀਤੀ ਗਈ। ਇਹ ਸਾਰੀ ਰਕਮ ਭਾਈ ਸਾਹਿਬ ਵੱਲੋਂ ਆਜ਼ਾਦੀ ਸੰਗਰਾਮ ਲਈ ਚਲਾਈਆਂ ਜਾ ਰਹੀਆਂ ਸਰਗਰਮੀਆਂ ਵਿੱਚ ਖਰਚ ਕੀਤੀ। ਇੱਥੇ ਸਨਮਾਨਿਤ ਹੋਣ ਤੋਂ ਪਹਿਲਾਂ ਆਪ ਜੀ ਨੂੰ ਵਿਕਟੋਰੀਆ ਦੇ ਗੁਰੂ ਘਰ ਵਿੱਚ ਵੀ ਸਨਮਾਨਿਤ ਕੀਤਾ ਗਿਆ। 11 ਜੂਨ 1930 ਨੂੰ ਆਪ ਜੀ ਨੇ "ਪੀਅਰਸ" ਨਾਮੀ ਜਹਾਜ਼ ਰਾਹੀਂ ਹਾਂਗਕਾਂਗ ਤੱਕ ਦਾ ਸਫ਼ਰ ਕੀਤਾ ਤੇ ਇਥੋਂ "ਕੁਤਸੰਗ" ਨਾਮੀ ਜਹਾਜ਼ ਰਾਹੀਂ 25 ਜੁਲਾਈ 1930 ਨੂੰ ਕਲਕੱਤਾ ਆਣ ਪੁੱਜੇ।

ਦੇਸ ਵਾਪਸੀ ਤੇ ਉਹਨਾਂ ਵੱਲੋਂ ਇਨਕਲਾਬੀ ਲੋਕਾਂ ਨਾਲ ਪੂਰਾ ਤਾਲਮੇਲ ਜਾਰੀ ਰੱਖਿਆ। ਅਕਾਲੀ ਸਿਆਸਤ ਨਾਲ ਜੁੜੇ ਹੋਣ ਦੇ ਬਾਵਜੂਦ ਵੀ ਕਮਿਊਨਿਸਟਾਂ ਕਿਰਤੀ ਕਿਸਾਨ ਪਾਰਟੀ ਅਤੇ ਗਦਰ ਪਾਰਟੀ ਨਾਲ ਇਕਮਿਕ ਹੁੰਦਿਆਂ ਅੰਗਰੇਜ਼ ਸਰਕਾਰ ਦਾ ਤਖਤਾ ਪਲਟਾਉਣ ਲਈ ਚੱਲ ਰਹੇ ਸੰਗਰਾਮ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਰਹੇ। ਜੂਨ 1936 ਵਿੱਚ ਮਾਹਿਲਪੁਰ ਵਿਖੇ ਹੋਈ ਰਾਜਸੀ ਕਾਨਫਰੰਸ ਕਮਿਊਨਿਸਟਾਂ ਕਾਂਗਰਸੀਆਂ ਅਤੇ ਅਕਾਲੀਆਂ ਨੇ ਮਿਲ ਕੇ ਕੀਤੀ ਜਿਸ ਵਿੱਚ ਪੰਡਤ ਜਵਾਹਰਲਾਲ ਨਹਿਰੂ ਮੁੱਖ ਬੁਲਾਰੇ ਦੇ ਤੌਰ ਤੇ ਪਹੁੰਚੇ। ਇਸ ਕਾਨਫਰੰਸ ਦਾ ਮੁਕੰਮਲ ਪ੍ਰਬੰਧ ਆਪ ਜੀ ਦੀ ਅਗਵਾਈ ਵਿੱਚ ਬਾਬੂ ਦਇਆ ਸਿੰਘ ਲੰਗੇਰੀ, ਅਰਜਨ ਸਿੰਘ ਸੱਚ ਖੜੌਦੀ, ਜਥੇਦਾਰ ਵਤਨ ਸਿੰਘ, ਦਸੌਂਧਾ ਸਿੰਘ ਢਾਡਾ, ਬਾਬੂ ਗੁਰਬਖ਼ਸ਼ ਸਿੰਘ ਮਾਹਿਲਪੁਰ, ਜਥੇਦਾਰ ਮੂਲਾ ਸਿੰਘ ਬਾਹੋਵਾਲ ਅਤੇ ਹਰਜਾਪ ਸਿੰਘ ਮਾਹਿਲਪੁਰ ਵਰਗੇ ਆਗੂਆਂ ਵੱਲੋਂ ਮਿਲ ਕੇ

**(ਬਾਕੀ ਅਗਲੇ ਸਫੇ ’ਤੇ)**

# ਗੈਰ ਸੰਜੀਦਾ ਵਰਤਮਾਨ ਸਿਆਸਤ ਅਤੇ ਪੰਜਾਬ



ਡਾ. ਅਰਵਿੰਦਰ ਸਿੰਘ ਭੱਲਾ
91-94630-62603

ਜੇਕਰ ਪੰਜਾਬ ਦੀਆਂ ਰਾਜਸੀ ਸ਼ਖ਼ਸੀਅਤਾਂ ਵਲੋਂ ਆਏ ਦਿਨ ਦਿੱਤੇ ਜਾਂਦੇ ਬਿਆਨਾਂ ਅਤੇ ਟਿੱਪਣੀਆਂ ਉੱਪਰ ਜ਼ਰਾ ਕੁ ਗੌਰ ਕੀਤਾ ਜਾਵੇ ਤਾਂ ਇਉਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਸਾਡੇ ਬਹੁਤ ਹੀ ਕਾਬਿਲ-ਏ-ਏਹਤਰਾਮ ਸਿਆਸਤਦਾਨਾਂ ਵਲੋਂ ਵਰਤੇ ਜਾਂਦੇ ਅਲਫਾਜ਼, ਉਹਨਾਂ ਦਾ ਅੰਦਾਜ਼-ਏ-ਬਿਆਨ, ਲਹਿਜ਼ਾ, ਹਾਵ-ਭਾਵ ਅਤੇ ਅੰਦਾਜ਼-ਏ-ਗੁਫ਼ਤਗੂ ਵਿਚੋਂ ਨਿਫਾਸਤ, ਸੰਜਮ ਅਤੇ ਸ਼ਰਮ-ਲਿਹਾਜ਼ ਕਿਤੇ ਉੱਡ-ਪੁੱਡ ਗਈ ਹੈ। ਜੋ ਲੋਕ ਸਾਡੇ ਰਹਿਨੁਮਾ ਹਨ, ਸਾਡੇ ਮੁਸਤਕਬਿਲ ਨੂੰ ਮਹਿਫੂਜ਼ ਰੱਖਣ ਦੀ ਜਿਹਨਾਂ ਦੀ ਜ਼ਿੰਮੇਵਾਰੀ ਹੈ ਅਤੇ ਜਿਹਨਾਂ ਕੋਲੋਂ ਅਸੀਂ ਆਪਣੇ ਵਰਤਮਾਨ ਨੂੰ ਸੰਵਾਰਨ ਦੀ ਉਮੀਦ ਰੱਖਦੇ ਹਾਂ, ਉਹਨਾਂ ਰਾਜਸੀ ਲੋਕਾਂ ਵਲੋਂ ਸੱਤਾ ਦੇ ਗਲਿਆਰਿਆਂ ਵਿਚ ਜਿਸ ਪ੍ਰਕਾਰ ਦੇ ਨੈਰਟਿਵ ਅਤੇ ਈਡੀਅਮ ਵਰਤੇ ਜਾ ਰਹੇ ਹਨ, ਉਹਨਾਂ ਨੂੰ ਦੇਖਦੇ ਹੋਏ ਅਸੀਂ ਇਹ ਸਹਿਜੇ ਅੰਦਾਜ਼ਾ ਲਗਾ ਸਕਦੇ ਹਾਂ ਕਿ ਪੰਜਾਬ ਦੀਆਂ ਸਿਆਸੀ ਧਿਰਾਂ ਦੀ ਨੀਅਤ ਅਤੇ ਨੀਤੀ ਕਿਹੋ ਜਿਹੀ ਹੈ ਅਤੇ ਆਉਣ ਵਾਲੇ ਸਮੇਂ ਵਿਚ ਪੰਜਾਬ ਦੀ ਦਿਸ਼ਾ ਅਤੇ ਦਸ਼ਾ ਕਿਹੋ ਜਿਹੀ ਹੋਵੇਗੀ। ਮਸ਼ਖਰੇਪਣ ਨੂੰ ਔਜ਼ਾਰ ਦੀ ਤਰ੍ਹਾਂ ਇਸਤੇਮਾਲ ਕਰਨ ਨੂੰ ਤਰਜ਼ੀਹ ਦੇ ਰਹੇ ਪੰਜਾਬ ਦੇ ਵਧੇਰੇ ਕਰਕੇ ਸਿਆਸਤਦਾਨ ਆਪਣੇ ਅਸੱਭਿਅਕ ਵਿਵਹਾਰ ਨੂੰ 'ਪੰਜਾਬੀਆਂ ਦਾ ਖੁੱਲੇ-ਡੁੱਲੇ ਸੁਭਾਅ' ਵਜੋਂ ਪੇਸ਼ ਕਰਕੇ ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਘਾਣ ਕਰਨ ਤੋਂ ਵੀ ਗੁਰੇਜ਼ ਨਹੀਂ ਕਰ ਰਹੇ ਹਨ। ਪੰਜਾਬ ਦਾ ਵੋਟਰ ਉਦਾਸੀਨਤਾ, ਨਿਰਾਸ਼ਤਾ ਅਤੇ ਦਾਵੰਦ ਦਾ ਸ਼ਿਕਾਰ ਹੁੰਦੇ ਹੋਏ ਹਰ ਵਾਰ ਆਪਣੇ ਵਲੋਂ ਤਾਂ ਕੋਈ ਨਵਾਂ ਤਜਰਬਾ ਕਰਦਾ ਹੈ, ਲੇਕਿਨ ਬਦਲੇ ਵਿਚ ਪੰਜਾਬ ਦੀ ਆਰਥਿਕ ਖੜੋਤ, ਪ੍ਰਬੰਧਕੀ ਬਦਇੰਤਜ਼ਾਮੀ, ਬਦਲਾਖੋਰੀ ਦੀ ਸਿਆਸਤ, ਅਮਨ-ਕਨੂੰਨ ਦੀ ਖ਼ਸਤਾ ਹਾਲਤ, ਪੰਜਾਬ ਦੇ ਨੌਜਵਾਨਾਂ ਵਿਚ ਵੱਧ ਰਹੀ ਨਿਰਾਸ਼ਤਾ ਅਤੇ ਹੋਰ ਬਹੁਤ ਸਾਰੀਆਂ ਤੇ ਬਹੁਪਰਤੀ ਸਮਸਿਆਵਾਂ ਉਸ ਦੀ ਝੋਲੀ ਪੈਂਦੀਆਂ ਹਨ। ਕੀ ਨਿਰੰਕਾਰ ਨੇ ਪੰਜਾਬ ਦੀ ਅਜਿਹੀ ਦੁਰਗਤਿ ਧੁਰ ਦਰਗਾਹੋਂ ਲਿਖੀ ਹੈ ਜਾਂ ਫਿਰ ਪੰਜਾਬ ਦੀ ਤ੍ਰਾਸਦੀ ਲਈ ਪਰਦੇ ਪਿੱਛੇ ਛੁਪੀ ਹੋਈ ਕੋਈ ਕੋਝੀ ਸਿਆਸਤ ਜ਼ਿੰਮੇਵਾਰ ਹੈ। ਸੋਸ਼ਲ ਮੀਡੀਆ ਦੇ ਵੱਖ ਵੱਖ ਮਾਧਿਅਮਾਂ ਰਾਹੀਂ ਖੇਡੀ ਜਾ ਰਹੀ ਹਲਕੀ ਅਤੇ ਹੋਛੇ ਪੱਧਰ ਦੀ ਸਿਆਸਤ ਪੰਜਾਬ ਦੇ ਲੋਕਾਂ ਦਾ ਵਕਤੀ ਤੌਰ ਉੱਪਰ ਮੰਨੋਰੰਜਨ ਤਾਂ ਕਰ ਸਕਦੀ ਹੈ, ਲੇਕਿਨ ਪੰਜਾਬ ਦੇ ਲੋਕਾਂ ਦੇ ਉੱਜਵਲ ਭਵਿੱਖ ਦੇ ਸੁਪਨੇ ਨੂੰ ਸਾਕਾਰ ਨਹੀਂ ਕਰ ਸਕਦੀ ਹੈ।

ਪੰਜਾਬ ਦੀਆਂ ਸਿਆਸੀ ਧਿਰਾਂ ਵਲੋਂ ਜਿਹਨਾਂ ਨੈਰਟਿਵ ਅਤੇ ਈਡੀਅਮ ਦੇ ਸਹਾਰੇ ਲੋਕਾਂ ਦਾ ਧਿਆਨ ਬੁਨਿਆਦੀ ਮਸਲਿਆਂ ਤੋਂ ਹਟਾ ਕੇ ਸਿਆਸਤ ਦੀ ਖੇਡ ਖੇਡੀ ਜਾ ਰਹੀ ਹੈ, ਉਹ ਖੇਡ ਬਹੁਤ ਜਲਦ ਪੰਜਾਬ ਦੇ ਲੋਕਾਂ ਨੂੰ ਗੰਭੀਰ ਸੰਕਟ ਵਲ ਧਕੇਲਗੀ। ਸੋਸ਼ਲ ਮੀਡੀਆ ਤਕਨਾਲੋਜੀ ਦੇ ਮਾਧਿਅਮ ਜਿਵੇਂ ਕਿ ਫੇਸਬੁੱਕ, ਟਵਿੱਟਰ, ਇੰਸਟਾਗ੍ਰਾਮ, ਸਨੈਪਚੈਟ, ਯੂਟਿਊਬ ਚੈਨਲਾਂ ਆਦਿ ਰਾਹੀਂ ਸਾਡੇ ਰਹਿਨੁਮਾ ਕਿਸੇ ਮੁੱਦੇ ਬਾਰੇ ਆਪਣੀ ਰਾਏ ਜਾਂ ਆਪਣੀ ਕੋਈ ਪ੍ਰਤੀਕਿਰਿਆ ਤਾਂ ਪਲਕ ਝਪਕਦਿਆਂ ਹੀ ਵਾਇਰਲ ਕਰ ਦਿੰਦੇ ਹਨ, ਲੇਕਿਨ ਵਾਸਤਵਿਕ ਰੂਪ ਉਹ ਲੋਕਾਂ ਤੋਂ ਕੋਹਾਂ ਦੂਰ ਖੜ੍ਹੇ ਹਨ। ਲੋਕਾਂ ਦੇ ਮਸਲਿਆਂ ਨੂੰ ਵਿਧਾਨ ਸਭਾ ਜਾਂ ਮੰਤਰੀ ਮੰਡਲ ਦੀਆਂ ਬੈਠਕਾਂ ਵਿਚ ਸੁਲਝਾਉਣ ਦੀ ਬਜਾਏ ਸੋਸ਼ਲ ਮੀਡੀਆ ਉੱਪਰ ਕੀਤੀ ਜਾਂਦੀ ਗੈਰ ਸੰਜੀਦਾ ਬਿਆਨਬਾਜ਼ੀ ਦੇ ਜ਼ਰੀਏ ਲੋਕਾਂ ਨਾਲ ਜੁੜੇ ਹੋਏ ਬੇਹੱਦ ਅਹਿਮ ਮਸਲਿਆਂ ਨੂੰ ਰੋਲ ਕੇ ਰੱਖ ਦਿੱਤਾ ਜਾਂਦਾ ਹੈ। ਇਹ ਵਰਤਾਰਾ ਕਿਸੇ ਇਕ ਸਿਆਸੀ ਜਮਾਤ ਤੱਕ ਮਹਿਦੂਦ ਨਹੀਂ ਹੈ। ਇਸ ਹਮਾਮ ਵਿਚ ਸਭ ਨੰਗੇ ਹਨ। ਸਭ ਤੋਂ ਹੈਰਾਨੀਜਨਕ ਵਰਤਾਰਾ ਇਹ ਹੈ ਕਿ ਵੱਖ-ਵੱਖ ਸਿਆਸੀ ਪਾਰਟੀਆਂ ਦੇ ਬਹੁਤ ਹੀ ਸੀਨੀਅਰ, ਟਕਸਾਲੀ ਅਤੇ ਕੱਦਾਵਾਰ ਆਗੂ ਜਿਹਨਾਂ ਨੇ ਆਪੋ-ਆਪਣੀਆਂ ਪਾਰਟੀਆਂ ਨਾਲ ਸਬੰਧਤ ਨਵੀਂ ਪਨੀਰੀ ਨੂੰ ਸੇਧ ਦੇਣੀ ਸੀ, ਉਹ ਨੇਤਾ ਵੀ ਸ਼ਾਇਦ ਇਹ ਸਮਝਣ ਲੱਗ ਪਏ ਹਨ ਕਿ ਜੇਕਰ ਉਹ ਇਸ ਤਰ੍ਹਾਂ ਦੇ ਹੱਥਕੰਡੇ ਨਹੀਂ ਅਪਣਾਉਣਗੇ ਤਾਂ ਉਹ ਆਪਣੀ ਹੀ ਪਾਰਟੀ ਵਿਚ ਅਲੱਗ-ਥਲੱਗ ਹੋ ਜਾਣਗੇ ਜਾਂ ਫਿਰ ਉਹਨਾਂ ਨੂੰ ਸਿਆਸੀ ਕੈਨਵਸ ਉਤੇ ਹਾਸ਼ੀਏ ਉੱਤੇ ਧਕੇਲ ਦਿੱਤਾ ਜਾਵੇਗਾ। ਅਜਿਹੇ ਕੱਦਾਵਾਰ ਨੇਤਾ ਵੀ ਖੁਦ ਨੂੰ ਤੇਜ਼ਤਰਾਰ ਸਿੱਧ ਕਰਨ ਦੀ ਹੋੜ ਵਿਚ ਕਦੋਂ ਸਿਆਸੀ ਮਰਿਆਦਾਵਾਂ ਦੀ ਲਕੀਰ ਪਾਰ ਕਰ ਜਾਂਦੇ ਹਨ, ਇਸ ਦਾ ਉਹਨਾਂ ਨੂੰ ਖੁਦ ਵੀ ਅਹਿਸਾਸ ਨਹੀਂ ਹੁੰਦਾ ਹੈ। ਜਿਥੋਂ ਤੱਕ ਪੰਜਾਬ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਦੇ ਨੌਜਵਾਨ ਆਗੂਆਂ ਦਾ ਸੰਬੰਧ ਹੈ, ਉਹ ਆਪਣੀ ਭਾਸ਼ਣ ਸ਼ੈਲੀ ਉਪਰ ਗੌਰ ਕਰਨ ਦੀ ਬਜਾਏ ਆਪਣੇ ਭਾਸ਼ਨਾਂ ਅਤੇ ਬਿਆਨਾਂ ਰਾਹੀਂ ਆਪਣੀ ਭੜਾਸ ਕੱਢਣ ਵੇਲੇ ਸਾਰੀਆਂ ਮਰਿਆਦਾਵਾਂ ਭੰਗ ਕਰਕੇ ਬੜੀ ਬੇਬਾਕੀ ਨਾਲ ਆਪਣੇ 'ਖੁੱਲੇ-ਡੁੱਲੇ ਸੁਭਾਅ' ਦਾ ਸਬੂਤ ਪੇਸ਼ ਕਰਦੇ ਹਨ। ਅਸੀਂ ਪੰਜਾਬੀ ਲੋਕ ਆਪਣੇ ਅਜਿਹੇ ਰਹਿਨੁਮਾਵਾਂ ਨੂੰ ਦੇਖ ਕੇ ਸ਼ਾਇਦ ਇਹ ਸੋਚ ਕੇ ਜਾਂ ਕਹਿ ਕੇ ਮੁਤਮੀਨ ਹੋ ਜਾਂਦੇ ਹਾਂ ਕਿ ਬਈ ਬੱਲੇ-ਬੱਲੇ! ਐ ਬੰਦੇ ਵਿਚ ਜੁਅਰਤ ਹੈ। ਸਾਨੂੰ ਇਹ ਅਹਿਸਾਸ ਹੀ ਨਹੀਂ ਕਿ ਅਸੀਂ ਸੁੱਤੇ ਸਿੱਧ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਕਿਹੋ ਜਿਹਾ ਸਿਆਸੀ ਧਰਾਤਲ ਤਿਆਰ ਕਰ ਰਹੇ ਹਾਂ।

ਪੰਜਾਬ ਦੀ ਸਿਆਸਤ ਦਾ ਮਿਆਰ ਦਿਨੋਂ-ਦਿਨ ਨਿੱਤ ਨਵੇਂ ਨਿਘਾਰ ਨੂੰ ਛੂਹ ਰਿਹਾ ਹੈ। ਹੁਣ ਦਰਵੇਸ਼ ਸਿਆਸਤਦਾਨ ਲੱਭਣ ਉੱਪਰ ਵੀ ਨਹੀਂ ਲੱਭਦੇ ਹਨ। ਅਪਵਿੱਤਰ ਸਮਝੌਤੇ, ਹਰ ਹੀਲੇ ਸੱਤਾ ਉੱਤੇ ਕਾਬਜ਼ ਹੋਣ ਦੀ ਜੁਸਤਜੂ ਅਤੇ ਸੱਤਾ ਨੂੰ ਹਥਿਆਉਣ ਲਈ ਅਲੋਕਤੰਤਰੀ ਹਰਬਿਆਂ ਦਾ ਇਸਤੇਮਾਲ ਆਮ ਜਿਹੀ ਗੱਲ ਹੋ ਗਈ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਸੰਕਲਪ ਉੱਪਰ ਹੁਣ ਨੀਵੇਂ ਪੱਧਰ ਦੀ ਸਿਆਸਤ ਭਾਰੂ ਪੈ ਰਹੀ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਦੁਬਿਧਾ ਦਾ ਹ.ਲ ਕੀ ਹੈ? ਇਸ ਪੇਚੀਦਾ ਸਵਾਲ ਦਾ ਉੱਤਰ ਖੋਜਣ ਤੋਂ ਪਹਿਲਾਂ ਸਾਨੂੰ ਇਹ ਮੰਨਣਾ ਪਵੇਗਾ ਕਿ ਸਾਡਾ ਸਿਆਸੀ ਨਿਜ਼ਾਮ ਸਾਡੇ ਸਮਾਜ, ਸਾਡੀ ਪਸੰਦ ਤੇ ਨਾਪਸੰਦ, ਤਰਜ਼ੀਹਾਂ ਅਤੇ ਸਰੋਕਾਰਾਂ ਦੀ ਹੀ ਤਰਜ਼ਮਾਨੀ ਕਰਦਾ ਹੈ।

ਦਰਅਸਲ ਜਦੋਂ ਤੱਕ ਲੋਕ ਖੁਦ ਆਪਣੇ ਪ੍ਰਤੀ ਸੰਜੀਦਾ ਤੇ ਆਪਣੇ ਨਾਲ ਜੁੜੇ ਹੋਏ ਮਸਲਿਆਂ ਬਾਰੇ ਸੁਚੇਤ ਨਹੀਂ ਹੋਣਗੇ, ਉਦੋਂ ਤੱਕ ਉਹਨਾਂ ਦੇ ਨੁਮਾਇੰਦੇ ਵੀ ਇਸੇ ਤਰ੍ਹਾਂ ਦਿਨ ਰਾਤ ਫੇਸਬੁੱਕ, ਟਵਿੱਟਰ, ਇੰਸਟਾਗ੍ਰਾਮ, ਸਨੈਪਚੈਟ, ਯੂਟਿਊਬ ਚੈਨਲਾਂ ਰਾਹੀਂ ਇਕ ਦੂਜੇ ਪ੍ਰਤੀ ਭੰਡੀ ਪ੍ਰਚਾਰ ਕਰਕੇ ਲੋਕਾਂ ਦੀਆਂ ਭਾਵਨਾਵਾਂ ਤੇ ਵਿਸ਼ਵਾਸ ਨੂੰ ਠੇਸ ਪਹੁੰਚਾਉਂਣ ਦੇ ਨਾਲ-ਨਾਲ ਉਹਨਾਂ ਨਾਲ ਜੁੜੇ ਬੁਨਿਆਦੀ ਸਰੋਕਾਰਾਂ ਨੂੰ ਦਰਕਿਨਾਰ ਕਰਦੇ ਰਹਿਣਗੇ। ਜੇਕਰ ਅਸੀਂ ਪੰਜਾਬ ਦੇ ਭਵਿੱਖ ਪ੍ਰਤੀ ਹਕੀਕੀ ਰੂਪ ਵਿਚ ਸੰਜੀਦਾ ਹਾਂ ਤਾਂ ਅੱਜ ਲੋੜ ਹੈ ਕਿ ਸਿਆਸਤ ਵਿਚ ਸੰਜੀਦਗੀ ਦੇ ਰਾਹ ਨੂੰ ਅਪਣਾਉਣ ਦੀ, ਲੋੜ ਹੈ ਨੇਤਾਵਾਂ ਦੀਆਂ ਲੂੰਬੜਚਾਲਾਂ ਨੂੰ ਸਮਝਣ ਦੀ ਅਤੇ ਲੋੜ ਹੈ ਮਰਿਆਦਾਵਾਂ ਨੂੰ ਭੰਗ ਕੀਤੇ ਬਿਨਾਂ ਮਿਆਰੀ ਅਤੇ ਸਾਫ਼ ਸੁਥਰੇ ਅਕਸ ਵਾਲੇ ਸਿਆਸੀ ਆਗੂਆਂ ਨੂੰ ਬੜਾਵਾ ਦੇਣ ਦੀ।

## ਮਹਾਨ ਇਨਕਲਾਬੀ ਗਦਰੀ ਯੋਧਾ ਭਾਈ ਪਿਆਰਾ ਸਿੰਘ ਲੰਗੇਰੀ

(ਸਫਾ 22 ਦੀ ਬਾਕੀ)

ਕੀਤਾ। ਇਹਨਾਂ ਰਾਜਸੀ ਕਾਨਫਰੰਸਾਂ ਨੇ ਅੰਗਰੇਜ਼ ਸਰਕਾਰ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਇਨ੍ਹਾਂ ਸਰਗਰਮੀਆਂ ਕਾਰਨ ਆਪ ਜੀ ਸਤਿਕਾਰ ਦਿਨੋ ਦਿਨ ਵਧਦਾ ਗਿਆ। ਇਲਾਕੇ ਦੇ ਲੋਕ ਭਾਈ ਸਾਹਿਬ ਦਾ ਦਿਲੋਂ ਸਤਿਕਾਰ ਕਰਨ ਲੱਗੇ।ਦੂਜੇ ਸੰਸਾਰ ਜੰਗ ਦੌਰਾਨ ਹੋਈ ਦਿਓਲੀ ਕੈਂਪ ਜੇਲ੍ਹ ਵਿਚੋਂ ਰਿਹਾਅ ਹੋਣ ਤੋਂ ਬਾਅਦ ਆਪ 1946 ਦੀਆਂ ਸੂਬਾਈ ਚੋਣਾਂ ਵਿੱਚ ਅਸੰਬਲੀ ਹਲਕਾ ਮਾਹਿਲਪੁਰ ਤੋਂ ਅਕਾਲੀ ਪਾਰਟੀ ਦੇ ਐਮ. ਐਲ. ਏ. ਚੁਣੇ ਗਏ। ਜਿਸ ਨਾਲ ਪਿੰਡ ਲੰਗੇਰੀ ਦਾ ਨਾਮ ਦੇਸ਼ ਵਿਦੇਸ਼ ਵਿੱਚ ਇਨਕਲਾਬੀ ਸਰਗਰਮੀਆਂ ਨਾਲ ਜੁੜੇ ਲੋਕਾਂ ਦੇ ਮਨਾ ਵਿੱਚ ਸਤਿਕਾਰ ਸਹਿਤ ਉਕਰਿਆ ਗਿਆ। ਭਾਈ ਸਾਹਿਬ ਦੀ ਇਨਕਲਾਬੀ ਸੋਚ ਤੇ ਪ੍ਰੇਰਨਾ ਸਦਕਾ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਵੱਲੋਂ ਇਨਕਲਾਬੀ ਸੋਚ ਨੂੰ ਧਾਰਨ ਕੀਤਾ ਅਤੇ ਕੋਈ ਦੋ ਦਰਜਨ ਤੋਂ ਵਧੇਰੇ ਪਿੰਡ ਲੰਗੇਰੀ ਦੇ ਦੇਸ਼ ਭਗਤਾਂ ਨੇ ਆਜ਼ਾਦੀ ਸੰਗਰਾਮ ਵਿੱਚ ਜੇਲ੍ਹ ਯਾਤਰਾ ਤੋਂ ਇਲਾਵਾ ਵੱਖ ਵੱਖ ਤਰੀਕਿਆਂ ਨਾਲ ਕੁਰਬਾਨੀਆਂ ਕੀਤੀਆਂ ਅਤੇ ਦੇਸ਼ ਭਗਤਾਂ ਨੂੰ ਸੰਭਾਲ ਵਿੱਚ ਕੋਈ ਕਸਰ ਨਹੀਂ ਰਹਿਣ ਦਿੱਤੀ। ਜਿਸ ਸਦਕਾ ਇਤਿਹਾਸ ਅੰਦਰ ਪਿੰਡ ਲੰਗੇਰੀ ਨੂੰ ਦੇਸ਼ ਭਗਤਾਂ ਦੀ ਛੁਪਣਗਾਹ ਵੀ ਕਿਹਾ ਗਿਆ। ਭਾਈ ਸਾਹਿਬ ਜੀ ਨੇ ਵਿਆਹ ਨਾ ਕਰਵਾ ਕੇ ਸਾਰੀ ਉਮਰ ਲੋਕ ਪੱਖੀ ਇਨਕਲਾਬੀ ਮਿਸ਼ਨ ਤੇ ਲਗਾਈ। ਭਾਈ ਸਾਹਿਬ ਸਮੇਤ ਹੋਰ ਅਨੇਕਾਂ ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਸਦਕਾ ਦੇਸ਼ 15 ਅਗਸਤ 1947 ਨੂੰ ਅਜ਼ਾਦ ਹੋ ਗਿਆ। ਆਜਾਦੀ ਤੋਂ ਬਾਅਦ ਆਪ ਸਿਆਸਤ ਵਿੱਚ ਬਹੁਤਾ ਸਰਗਰਮ ਨਾ ਰਹੇ। ਅਖੀਰਲੇ ਸਮੇਂ ਵਿੱਚ ਸੰਖੇਪ ਜਿਹੀ ਬਿਮਾਰੀ ਤੋਂ ਬਾਅਦ ਇਸ ਮਹਾਨ ਗਦਰੀ ਯੋਧੇ ਨੇ 18 ਸਤੰਬਰ 1971 ਨੂੰ ਜਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਦੇ ਨੇੜਲੇ ਪਿੰਡ ਪਨਾਮ ਵਿੱਚ ਆਖਰੀ ਸਾਹ ਲਏ। ਆਪ ਜੀ ਦੀਆਂ ਕੁਰਬਾਨੀਆਂ ਭਰੀ ਜਿੰਦਗੀ ਦੇ ਇਤਿਹਾਸ ਦੇ ਸੁਨਹਿਰੀ ਪੰਨੇ ਹਮੇਸ਼ਾਂ ਸਾਡਾ ਰਾਹ ਰੁਸ਼ਨਾਉਦੇ ਰਹਿਣਗੇ। ਇਸ ਮਹਾਨ ਧਰਤੀ ਪੁੱਤਰ ਨੂੰ ਧੁਰ ਅੰਦਰ ਤੋਂ ਸਲਾਮ।

ਸ੍ਰੋਤ-ਗਦਰ ਲਹਿਰ ਬਾਰੇ ਪੁਸਤਕ ਕੈਨੇਡਾ ਦੇ ਗਦਰੀ ਯੋਧੇ।

## "ਮਾਰੂਥਲ" ਵਿੱਚ ਕੋਹੇਨੂਰ ਦੀ ਚਮਕ ਤੇ ਹਰਿਆਵਲ

ਅਮਰੀਕਾ ਵਿਸ਼ਾਲ ਦੇਸ਼ ਹੈ। ਜਿਸ ਨੂੰ ਬਹੁਭਾਂਤੀ ਸੱਭਿਆਚਾਰ ਨੇ ਇੱਕ-ਮਿਕ ਕੀਤਾ ਹੋਇਆ ਹੈ। ਕੰਮ-ਧੰਦਿਆਂ, ਕਿਰਤ ਸੱਭਿਆਚਾਰ ਤੇ ਸੰਸਾਰੀ ਸ਼ਕਤੀ ਕਰਕੇ ਇਸ ਮੁਲਖ ਨੂੰ ਸਾਰੀ ਦੁਨੀਆ ਵਿਚ ਜਾਣਿਆ ਜਾਂਦਾ ਹੈ। ਇਸ ਬਹੁ-ਭਾਂਤੀ ਸਮਾਜ





ਕੋਹੇਨੂਰ ਢਾਬੇ ਦੀ ਸੇਵਾ ਵਾਲੇ ਦਿਨਾਂ ਦੀ ਤਸਵੀਰ

ਵਿੱਚ ਵਿਚਰਦਿਆਂ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਕਿਰਤੀਆਂ ਨੇ ਮੁੱਖ ਰੂਪ ਵਿੱਚ ਟੱਰਕ ਨਾਲ ਸਬੰਧਿਤ ਕਿੱਤੇ ਨੂੰ ਪਹਿਲ ਦਿੱਤੀ। ਅਸੀ ਮਾਣ ਨਾਲ ਕਹਿ ਸਕਦੇ ਹਾਂ ਕਿ ਜੇ ਅਮਰੀਕੀ ਆਰਥਿਕਤਾ ਲਈ ਰੀੜ ਦੀ ਹੱਡੀ ਟੱਰਕ ਸੇਵਾਵਾਂ ਹਨ ਤਾਂ ਉਸ ਵਿੱਚ ਵੱਡਾ ਹਿੱਸਾ ਪੰਜਾਬੀਆਂ ਦਾ ਹੈ। ਇਹੀ ਕਰਤੱਵ ਕਰਦਿਆਂ ਢੋਆ-ਢੁਆਈ ਦੇ ਕਾਰਜਾਂ ਨੂੰ ਅਪਨਾਉਂਦੇ ਅਸੀ ਦੁਨੀਆ ਦੇ ਬੇਹਤਰੀਨ ਸੜਕੀ ਮਾਰਗਾਂ ਵਾ.ਲੇ ਦੂਰ-੨ ਤੱਕ ਫੈਲੇ ਇਸ ਮੁਲਖ 'ਚ ਅਕਸਰ I-40 (2557)ਮਾਇਲ ਲੰਬੀ ਫ੍ਰੀ-ਵੇਅ ਉੱਪਰ ਵਿਚਰਦੇ ਹਾਂ ਜੋ ਅਮਰੀਕਾ ਦੇ ਪੱਛਮ ਕੈਲੀਫੋਰਨੀਆ ਤੋ ਪੂਰਬੀ (Atlanitc) ਤੱਟ N. Coilirna ਸਟੇਟ ਤੱਕ ਪਹੁੰਚਦੀ ਹੈ। ਪੂਰਬ ਵੱਲ ਜਾਂਦਿਆਂ ਐਰੀਜੋਨਾ (Airzona) ਸਟੇਟ ਦੇ 25 ਮਾਇਲ ਦੂਰੀ ਉੱਪਰ ਖੁਸ਼ਕ ਏਰੀਏ ਵਿਚ ਪੰਜਾਬੀ, ਭਾਰਤੀ ਤੇ ਪਾਕਿਸਤਾਨੀ ਪਕਵਾਨਾਂ ਦੇ ਚਾਹਵਾਨਾਂ ਲਈ "ਕੋਹੇਨੂਰ ਢਾਬਾ" ਖ਼ਾਸ ਖਿੱਚ ਦਾ ਕੇਂਦਰ ਹੈ। ਚੌਵੀ ਘੰਟੇ ਸੱਤੇ ਦਿਨ ਨਿਰੰਤਰ ਸੇਵਾਵਾਂ ਵਾਲੇ ਇਸ ਮੰਨਭਾਂਉਦੀ ਠਾਹਰ ਨੇ "ਜੰਗਲ ਵਿੱਚ ਮੰਗਲ"ਲਾਏ ਹਨ। ਹਰ ਵੇਲੇ ਲੋੜਵੰਦ ਦੀ ਭੁੱਖ ਪੂਰਤੀ ਕਰਨ ਵਾਲੇ ਵਾਲਿਆਂ ਵੱਲੋਂ ਪਿਛਲੇ ਦਿਨੀ ਕੀਤੀ ਗਈ ਲੰਗਰ ਸੇਵਾ ਨੂੰ ਵੇਖ ਤਾਂ ਜ਼ਿਹਨ ਵਿੱਚੋਂ ਸਹਿਜ-ਉਭਾਰੇ "ਸਰਬੱਤ ਦਾ ਭਲਾ"ਸੰਕਲਪ ਆਉਂਦਾ ਹੈ। ਸੱਚ ਇਹ ਜਾਪਦਾ ਕਿ ਕੋਹੇਨੂਰ ਹੀਰਾਂ ਜਿਵੇਂ ਇਸ ਖਿੱਤੇ ਵਿਚ ਸੇਵਾਵਾਂ ਨਿਭਾਉਂਦੇ ਸ੍ਰ. ਪ੍ਰਿਤਪਾਲ ਸਿੰਘ ਸਿੱਧੂ ਸਪੁੱਤਰ ਸ੍ਰ. ਜਗਦੀਸ ਸਿੰਘ ਪਿੰਡ ਦਿਆਲ ਪੁਰ ਮਿਰਜਾ ਜ਼ਿਲ੍ਹਾ ਬਠਿੰਡਾ ਪੰਜਾਬ ਨੇ ਲੱਭਿਆ ਹੈਵੇ। "ਅਸੀਮਤਾ"ਨੇ ਪ੍ਰਿਤਪਾਲ ਸਿੱਧੂ ਨੂੰਸੁਹਜ ਦ੍ਰਿਸ਼ਟੀਕੋਣ ਦੇ ਬਾਵਜੂਦ ਅਚੰਬੇ ਵਿਚ ਨਹੀ ਕੀਤਾ। ਸਾਹਿਬ ਜਾਂਦਿਆਂ ਦੇ ਸ਼ਹੀਦੀ ਦਿਨਾਂ ਵਿਚ ਉਸ ਹੀਰੇ ਨੂੰ ਇਨ੍ਹਾਂ ਨੇ ਵਿਸ਼ੇਸ਼ ਤੌਰ ਤੇ"ਲਸਾਨੀ ਸ਼ਹਾਦਤ" ਨੂੰਸਮਰਪਿਤ ਕਰ ਦਿੱਤਾ। ਸਾਲ ਦੇ ਸੱਭ ਤੋ ਛੋਟੇ ਦਿਨਾਂ ਤੋ ਵੱਡੇ ਹੋਣੇ ਸਮੇਂ ਦੌਰਾਨ 'ਵੈਰਾਗ ਤੇ ਛੜ੍ਹਦੀ ਕਲ'ਵਾਲੇ ਦਿਨਾਂ ਨੂੰ ਅਰਪਿਤ



ਫ਼ਕੀਰ ਸਿੰਘ ਮੱਲ੍ਹੀ

ਬਾਲ ਬਾਬੇ ਸ਼ਹਿਬਜਦਿਆਂ ਜੋਰਾਵਰ ਸਿੰਘ, ਫਤਹਿ ਸਿੰਘ ਤੇ ਮਾਤਾ ਗੁਜਰੀ ਜੀ ਦੀ ਲਸਾਨੀ ਸ਼ਹਾਦਤ ਦਿਨਾਂ ਵਿਚ ਤਿੰਨ ਦਿਨ 26-27-28 ਦਸੰਬਰ 2023 ਨੂੰ ਚੌਵੀ ਘੰਟੇ ਅਤੁੱਟ ਲੰਗਰ ਵਰਤਾਇਆ। ਜਿਸ ਦੀ ਮਿਸਾਲ ਟਰੱਕਰਸ ਵੀਰਾਂ ਦੇ ਅਮਰੀਕਾ ਵਿਚਲੇ ਕਿਸੇ ਢਾਬੇ ਤੋਂ ਨਹੀ ਮਿਲਦੀ। ਢਾਬੇ ਦੇ ਸੰਚਾਲਕ ਤੇ ਸਾਰੇ ਕਰਮਚਾਰੀਆਂ ਨੂੰ ਮੈਂ ਬੜੀ ਨਿਮਰਤਾ ਨਾਲ ਸੇਵਾ ਕਰਦੇ ਵੇਖਿਆ। ਜਿੱਥੇ ਸੈਂਕੜੇ ਟਰੱਕ ਚਾਲਕਾਂ ਨੇਇਸ ਅਤੁੱਟ ਸੇਵਾ ਦਾ ਸਦਕਾ ਤਿੰਨ ਦਿਨ ਲਗਾਤਾਰ ਲੰਗਰ ਪ੍ਰਸ਼ਾਦਾ ਛਕਿਆ। ਅਕਾਲ ਪੁਰਖ ਦੀ ਰਹਿਮਤ ਤੇ ਸਵ. ਪਿਤਾ ਬਖਸ਼ੀਸ ਸੁੰਘ ਦੀਆਂ ਬਖਸ਼ਸ਼ਾਂ ਆਸਰੇ ਉਨ੍ਹਾਂ ਦੇ ਸਪੁੱਤਰ ਸ੍ਰ. ਪ੍ਰਿਤਪਾਲ ਸਿੰਘ ਸਿੱਧੂ ਨੇ ਇਸ ਖਿੱਤੇ ਵਿਚ ਗੁਰਬਾਣੀ ਦੇ ਮਹਾਂ ਵਾਕ "ਕੋਈ ਹਰੀਓ ਬੂਟ ਰਹੀਓ ਰੀ" ਮੁਤਾਬਕ ਸਾਬਤ ਕਰ ਦਿੱਤਾ ਕਿ ਬਾਬੇ ਦੀਆਂ ਰਹਿਮਤਾ ਹੋਣ ਤਾਂ ਸੱਭੇ ਕਾਰਜ ਸੰਪੂਰਨ ਹੁੰਦੇ ਹਨ।

ਮੈਂ "ਕੋਹੇਨੂਰ ਢਾਬੇ" ਲਈ ਢੇਰ ਸਾਰੀਆਂ ਸ਼ੁੱਭ ਕਾਮਨਾਂਵਾਂ ਕਰਦਾ ਹੋਇਆ ਪ੍ਰਮੇਸ਼ਵਰ ਅੱਗੇ ਅਰਦਾਸ ਕਰਦਾ ਹਾਂ ਕਿ ਏਥੋਂ ਦੇ ਸਾਰੇ ਸੇਵਾਦਾਰ ਮਾਈ-ਭਾਈ (ਖਾਸ ਕਰ ਬੀਬੀਆਂ) ਨੂੰ ਅਕਾਲ ਪੁਰਖ ਚੜ੍ਹਦੀ ਕਲਾ ਵਿੱਚ ਰੱਖੇ ਅਤੇ ਇਸ ਖਿੱਤੇ ਵਿਚ ਮੁੱਖ ਤੌਰ ਉੱਤੇ ਉਗਦੀ ਕੰਡਿਆਲੀ ਥੋਰ ਨੂੰ ਨੂੰ ਸੁਹਣੇ ਰੰਗ ਵਿਚ ਰੰਗ ਕਰ ਇਸ ਮਾਰੂਥਲਾਂ (Desert) ਵਿਚ ਹਰਿਆਵਲ ਪਸਰੇ ਤੇ ਕੋਹੇਨੂਰ ਹਮੇਸ਼ਾਂ ਚਮਕਦਾ ਰਹੇ, ਅਮੀਨ।

**- ਲੇਖਕ ਫ਼ਕੀਰ ਸਿੰਘ ਮੱਲ੍ਹੀ**

## ਪੁਸਤਕ/ ਕੁਦਰਤ ਦਾ ਕੌਤਕ

**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਲੇਖਿਕਾ: ਡਾ. ਸੋਨੀਆ ਚਹਿਲ**
**ਪ੍ਰਕਾਸ਼ਕ: ਸੰਗਮ ਪਬਲੀਕੇਸ਼ਨਜ਼ ਸਮਾਣਾ, ਪੰਨੇ: 60 , ਮੁੱਲ:120/-**

ਵਿਗਿਆਨਕ ਬਾਲ ਕਹਾਣੀਆਂ ਘੜਨ ਵਾਲਿਆਂ ਦੀ ਗਿਣਤੀ ਬਹੁਤ ਥੋੜ੍ਹੀ ਹੈ। ਕਾਫੀ ਸਮਾਂ ਪਹਿਲਾਂ ਇਹ ਕਾਰਜ ਡਾ. ਧਰਮਪਾਲ ਸਾਹਿਲ ਅਤੇ ਡਾ.ਡੀ.ਪੀ ਸਿੰਘ ਨੇ ਆਰੰਭ ਕੀਤਾ ਸੀ। ਬਾਅਦ ਵਿਚ ਇਹ ਬੀੜਾ ਚੁੱਕਿਆ ਪ੍ਰਿੰ: ਹਰੀ ਕ੍ਰਿਸ਼ਨ ਮਾਇਰ ਨੇ। ਅਜਕਲ ਜਿਹੜੇ ਸਾਹਿਤਕਾਰ ਇਸ ਖੇਤਰ ਵਿਚ ਸਰਗਰਮ ਯੋਗਦਾਨ ਪਾ ਰਹੇ ਹਨ ਉਹਨਾਂ ਵਿਚ ਡਾ. ਸੋਨੀਆ ਚਹਿਲ ਦਾ ਨਾਮ ਵੀ ਸ਼ਾਮਿਲ ਹੈ। ਵਿਗਿਆਨ ਵਿਸ਼ੇ ਦੀ ਮਾਹਿਰ ਅਧਿਆਪਕਾ ਹੋਣ ਕਰਕੇ ਬੱਚਿਆਂ ਨੂੰ ਬੜੀ ਸਰਲ ਭਾਸ਼ਾ ਵਿਚ ਵਿਗਿਆਨਕ ਤੱਥਾਂ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਉਸਦੀਆਂ ਵਿਗਿਆਨਕ ਕਹਾਣੀਆਂ ਦੇ ਤਿੰਨ ਸੰਗ੍ਰਹਿ ਵਿਗਿਆਨਕ ਪੀਂਘ, ਵਿਗਿਆਨਕ ਲੋਅ, ਵਿਗਿਆਨਕ ਗੁਲਦਸਤਾ ਪਿਛਲੇ ਸਾਲਾਂ ਵਿਚ ਪ੍ਰਕਾਸ਼ਿਤ ਹੋ ਚੁੱਕੇ ਹਨ। ਹੱਥਲਾ ਕਾਵਿ ਸੰਗ੍ਰਹਿ 'ਕੁਦਰਤ ਦਾ ਕੌਤਕ' ਵੀ ਉਸਦੀਆਂ ਵੀਹ ਵਿਗਿਆਨਕ





ਕਹਾਣੀਆਂ ਦਾ ਟਹਿਕਦਾ ਤੇ ਮਹਿਕਦਾ ਗੁਲਦਸਤਾ ਹੈ। ਇਸ ਪੁਸਤਕ ਵਿਚ ਕਹਾਣੀਆਂ ਨਾਲ ਦਸਵੀਂ ਦੀ ਵਿਦਿਆਰਥਣ ਕਵਿਤਾ ਸ਼ਰਮਾ ਨੇ ਮਨੋਰੰਜਕ ਚਿੱਤਰ ਸਿਰਜੇ ਹਨ। ਬਾਲ ਮਨਾਂ ਦੀਆਂ ਬਾਤਾਂ ਪਾਉਣ ਵਾਲੀਆਂ ਕਹਾਣੀਆਂ ਦਾ ਇਹ ਸੰ-ਗ੍ਰਹਿ ਸਾਨੂੰ ਸਰੀਰਕ, ਮਾਨਸਿਕ, ਵਾਯੂਮੰਡਲ, ਪੰਛੀਆਂ, ਜਾਨਵਰਾਂ, ਬਿਮਾਰੀਆਂ ਸਮੇਤ ਅਨੇਕਾਂ ਪ੍ਰਕਾਰ ਦੀ ਕੀਮਤੀ ਜਾਣਕਾਰੀ ਪ੍ਰਦਾਨ ਕਰਦਾ ਹੈ। ਆਮ ਪਾਠਕ ਦੇ ਗਿਆਨ ਭੰਡਾਰ ਵਿਚ ਵੀ ਚੋਖਾ ਵਾਧਾ ਕਰਦਾ ਹੈ। ਲੇਖਿਕਾ ਕੋਲ ਕਹਾਣੀ ਨੂੰ ਰੌਚਕ ਢੰਗ ਨਾਲ ਸਿਰਜਣ ਦੀ ਕਲਾ ਮੌਜੂਦ ਹੈ। ਉਹ ਨਿੱਕੇ ਵਾਕਾਂ ਵਿਚ ਦਿਲਚਸਪ ਵਾਰਤਾਲਾਪ ਨਾਲ ਕਹਾਣੀ ਨੂੰ ਆਪਣੀ ਮੰਜ਼ਿਲ ਵੱਲ ਤੋਰਦੀ ਹੈ। ਬਾਲ ਪਾਤਰਾਂ ਦੇ ਰੌਚਕ ਸਵਾਲ ਪਾਠਕ ਅੰਦਰ ਅੱਗੇ ਤੋਂ ਹੋਰ ਅੱਗੇ ਪੜ੍ਹਨ ਦੀ ਜਗਿਆਸਾ ਪੈਦਾ ਕਰਦੇ ਹਨ। ਪਹਿਲੀ ਕਹਾਣੀ ਫੁੱਲਾਂ ਦੇ ਨਰ ਅਤੇ ਮਾਦਾ ਹੋਣ ਬਾਰੇ ਜਾਣਕਾਰੀ ਦਿੰਦੀ ਹੈ। ਪੌਦਿਆਂ ਦੀ ਪ੍ਰਜਣਨ ਕਰਿਆ ਅਤੇ ਖੁਰਾਕ ਬਾਰੇ ਵੀ ਕਈ ਤੱਥ ਪੇਸ਼ ਕੀਤੇ ਗਏ ਹਨ। ਜੰਗਲ ਦੀ ਸੈਰ ਵਿਚ ਮੱਛੀਆਂ ਅਤੇ ਡੱਡੂਆਂ ਦੇ ਜੀਵਨ ਨੂੰ ਫਰੋਲਿਆ ਗਿਆ ਹੈ। ਟਾਈਟਲ ਕਹਾਣੀ ਕੁਦਰਤ ਦਾ ਕੌਤਕ ਵਿਚ ਆਂਡੇ ਦੇਣ ਵਾਲੇ ਅਤੇ ਥਣਧਾਰੀ ਜੀਵਾਂ ਬਾਰੇ ਬੜੀ ਰੌਚਕ ਜਾਣਕਾਰੀ ਦੇਣ ਦਾ ਯਤਨ ਕੀਤਾ ਗਿਆ ਹੈ। ਕਹਾਣੀਆਂ ਦੇ ਜਾਨਵਰ ਪਾਤਰ ਵੀ ਜਦੋਂ ਆਪਣੀ ਵਾਰਤਾਲਾਪ ਕਰਦੇ ਹਨ ਤਾਂ ਮਨੁੱਖ ਨੂੰ ਸ਼ਰਮਸਾਰ ਕਰ ਦਿੰਦੇ ਹਨ। ਆਦਮੀ ਦੁਆਰਾ ਫੈਲਾਏ ਪ੍ਰਦੂਸ਼ਣਾਂ ਕਰਕੇ ਹੀ ਇਹ ਧਰਤੀ ਪਾਣੀ ਹਵਾ ਸਭ ਕੁੱਝ ਮਨੁੱਖ ਦੇ ਖਿਲਾਫ ਹੋ ਗਏ ਹਨ। ਇਸੇ ਕਰਕੇ ਪੰਛੀ ਕਰੋਨਾ ਕਾਲ ਵਿਚ ਮਨੁੱਖ ਨੂੰ ਕੈਦੀ ਬਣਨ ਅਤੇ ਬਿਮਾਰੀ ਨਾਲ ਦਿੱਤੀ ਸਜਾ ਦੱਸਦੇ ਹਨ। ਬੱਚਿਆਂ ਨੂੰ ਹੋਲੀ ਖੇਡਣ ਦੇ ਢੰਗ ਜੀਵਨ ਦੇ ਹੋਰ ਰੰਗ ਕਿਵੇਂ ਮਾਨਣੇ ਹਨ। ਇਹਨਾਂ ਤੱਥਾਂ ਬਾਰੇ ਰਚੀਆਂ ਸਭ ਕਹਾਣੀਆਂ ਸਾਡੇ ਰਾਹਾਂ ਨੂੰ ਰੁਸ਼ਨਾਉਂਦੀਆਂ ਹਨ। ਅਜਿਹੀਆਂ ਕਹਾਣੀਆਂ ਦੀ ਸਾਡੇ ਵਿਦਿਆਰਥੀਆਂ ਨੂੰ ਵਿਸ਼ੇਸ਼ ਲੋੜ ਹੈ। ਇਹਨਾਂ ਕਹਾਣੀਆਂ ਨਾਲ ਜਿਥੇ ਉਹਨਾਂ ਨੂੰ ਗਿਆਨ ਮਿਲਦਾ ਹੈ ਉਥੇ ਉਹਨਾਂ ਨੂੰ ਵਿਗਿਆਨ ਵਿਸ਼ਾ ਵੀ ਸੁਖਾਲਾ ਲੱਗਣ ਲੱਗ ਪੈਂਦਾ ਹੈ। ਡਾ. ਸੋਨੀਆ ਚਹਿਲ ਦੇ ਇਸ ਕਹਾਣੀ ਸੰਗ੍ਰਹਿ ਨੂੰ ਹਰ ਵਿਦਿਆਰਥੀ ਨੂੰ ਪੜ੍ਹਨਾ ਚਾਹੀਦਾ ਹੈ।

# 2023 ਵਿੱਚ ਭਾਰਤੀ ਵਿਗਿਆਨੀਆਂ ਦਾ ਪ੍ਰਦਰਸ਼ਨ



**ਵਿਜੈ ਗਰਗ (ਪੀ.ਈ.ਐਸ.)**
**ਸਾਬਕਾ ਪ੍ਰਿੰਸੀਪਲ**

ਸਾਲ 2023 ਵਿੱਚ ਭਾਰਤ ਵਿਗਿਆਨ ਅਤੇ ਤਕਨਾਲੋਜੀ ਵਿੱਚ ਇੱਕ ਗਲੋਬਲ ਲੀਡਰ ਵਜੋਂ ਉੱਭਰਦਾ ਦੇਖਿਆ। ਖੇਤੀਬਾੜੀ ਤੋਂ ਲੈ ਕੇ ਪੁਲਾੜ ਖੋਜ ਤੱਕ, ਵਿਗਿਆਨ ਅਤੇ ਤਕਨਾਲੋਜੀ ਦੇ ਹਰ ਖੇਤਰ ਵਿੱਚ ਇੱਕ ਪੁਨਰ ਸੁਰਜੀਤੀ ਮਹਿਸੂਸ ਕੀਤੀ ਜਾ ਸਕਦੀ ਹੈ। ਇਹ ਪੁਨਰ ਸੁਰਜੀਤੀ ਮੁੱਖ ਤੌਰ 'ਤੇ ਪਿਛਲੇ ਦਹਾਕੇ ਦੌਰਾਨ ਸਰਕਾਰ ਵੱਲੋਂ ਕੀਤੀਆਂ ਗਈਆਂ ਵੱਖ-ਵੱਖ ਗਤੀਵਿਧੀਆਂ ਕਾਰਨ ਹੈ। ਨੇਚਰਜ਼ 10, 10 ਲੋਕਾਂ ਦਾ ਸੰਗ੍ਰਹਿ, ਜਿਸਦਾ ਉਹ ਮੰਨਦੇ ਹਨ ਕਿ ਵਿਗਿਆਨ 'ਤੇ ਵੱਡਾ ਪ੍ਰਭਾਵ ਪਿਆ ਹੈ, ਜਿਸ ਨੂੰ ਵੱਕਾਰੀ ਵਿਗਿਆਨਕ ਜਰਨਲ ਨੇਚਰ ਦੁਆਰਾ ਪ੍ਰਕਾਸ਼ਤ ਕੀਤਾ ਗਿਆ ਹੈ, ਨੇ ਸਾਡੀ ਕਲਪਨਾ ਕਲਾਹਸਤੀ ਨੂੰ ਚੁਣਿਆ ਹੈ, ਜਿਸ ਨੇ ਚੰਦਰਯਾਨ-3 ਦੀ ਜਿੱਤ ਨੂੰ ਯਕੀਨੀ ਬਣਾਉਣ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਈ ਸੀ। ਭਾਰਤ ਵਿਗਿਆਨਕ ਪ੍ਰਕਾਸ਼ਨਾਂ ਅਤੇ ਦਾਇਰ ਕੀਤੇ ਗਏ ਪੇਟੈਂਟਾਂ ਦੀ ਸੰਖਿਆ ਵਿੱਚ ਗਲੋਬਲ ਰੈਂਕਿੰਗ ਵਿੱਚ ਤੀਜੇ ਸਥਾਨ 'ਤੇ ਪਹੁੰਚ ਗਿਆ ਹੈ। ਸਰਕਾਰ ਦੀ ਡਿਜੀਟਲ ਇੰਡੀਆ ਪਹਿਲਕਦਮੀ ਨੇ ਇੰਟਰਨੈਟ ਦੀ ਪ੍ਰਵੇਸ਼ ਵਿੱਚ ਮਹੱਤਵਪੂਰਨ ਵਾਧਾ ਕੀਤਾ ਹੈ, ਜਿਸ ਨਾਲ ਭਾਰਤ ਦੁਨੀਆ ਦਾ ਦੂਜਾ ਸਭ ਤੋਂ ਵੱਡਾ ਇੰਟਰਨੈਟ ਬਾਜ਼ਾਰ ਬਣ ਗਿਆ ਹੈ। 20ਵੀਂ ਸਦੀ ਦੇ ਅਖੀਰਲੇ ਅੱਧ ਤੋਂ ਕੰਪਿਊਟਿੰਗ ਤਕਨਾਲੋਜੀਆਂ ਦੇ ਤੇਜ਼ੀ ਨਾਲ ਵਿਕਾਸ ਨੇ ਸਾਡੇ ਜੀਵਨ ਦੇ ਹਰ ਪਹਿਲੂ ਵਿੱਚ ਪਰਿਵਰਤਨਸ਼ੀਲ ਤਬਦੀਲੀਆਂ ਲਿਆਂਦੀਆਂ ਹਨ।

ਭਾਰਤ ਸਰਕਾਰ ਨੇ, ਕੁਆਂਟਮ ਕੰਪਿਊਟਿੰਗ ਦੀ ਮਹੱਤਤਾ ਨੂੰ ਪਛਾਣਦੇ ਹੋਏ, ਪਿਛਲੇ ਸਾਲ ਅਪ੍ਰੈਲ ਵਿੱਚ ਨੈਸ਼ਨਲ ਕੁਆਂਟਮ ਮਿਸ਼ਨ (ਥੰ) ਲਈ ੂ $730 ਮਿਲੀਅਨ ਦੇ ਇੱਕ ਮਹੱਤਵਪੂਰਨ ਫੰਡਿੰਗ ਪੈਕੇਜ ਨੂੰ ਮਨਜ਼ੂਰੀ ਦਿੱਤੀ ਸੀ। ਸਾਲ 2023 ਭਾਰਤੀ ਪੁਲਾੜ ਵਿਗਿਆਨ ਵਿੱਚ ਇੱਕ ਨਵਾਂ ਮੋੜ ਰਿਹਾ ਹੈ ਜਿਵੇਂ ਕਿ ਅਸੀਂ ਪ੍ਰਾਪਤ ਕੀਤਾ ਹੈ। ਦੂਜੇ ਵਿਕਸਤ ਦੇਸ਼ਾਂ ਦੇ ਨਾਲ ਪੁਲਾੜ ਦੌੜ ਵਿੱਚ ਇੱਕ ਚੋਟੀ ਦੀ ਸਥਿਤੀ। ਭਾਰਤ ਦਾ ਚੰਦਰ ਲੈਂਡਰ ਚੰਦਰਮਾ ਦੇ ਹਨੇਰੇ ਪਾਸੇ ਪਹੁੰਚਦਾ ਹੈ। ਭਾਰਤੀ ਵਿਗਿਆਨੀਆਂ ਨੇ ਆਪਣੇ ਚੰਦਰਯਾਨ-3 ਚੰਦਰਮਾ ਲੈਂਡਰ ਨਾਲ ਬੇਮਿਸਾਲ ਕੁਝ ਪ੍ਰਾਪਤ ਕੀਤਾ, ਜਿਸ ਨੇ ਅਣਪਛਾਤੇ ਚੰਦਰਮਾ ਦੇ ਦੱਖਣੀ ਧਰੁਵ ਤੱਕ ਪਹੁੰਚਣ ਦੇ ਪਹਿਲੇ ਸਫਲ ਮਿਸ਼ਨ ਨੂੰ ਨਿਸ਼ਾਨਬੱਧ ਕੀਤਾ, ਜੋ ਕਿ ਜੰਮੇ ਹੋਏ ਪਾਣੀ ਦੇ ਭੰਡਾਰਾਂ ਨੂੰ ਬੰਦਰਗਾਹ ਕਰਨ ਲਈ ਮੰਨਿਆ ਜਾਂਦਾ ਹੈ। ਜੁਲਾਈ 2023 ਵਿੱਚ ਲਾਂਚ ਕੀਤੇ ਗਏ, ਚੰਦਰਯਾਨ-3 ਦੀ ਸਫਲਤਾ ਨੇ ਨਾ ਸਿਰਫ਼ ਪੁਲਾੜ ਖੋਜ ਵਿੱਚ ਭਾਰਤ ਦੀ ਮਹੱਤਵਪੂਰਨ ਭੂਮਿਕਾ ਨੂੰ ਰੇਖਾਂਕਿਤ ਕੀਤਾ ਬਲਕਿ ਇਹ ਵੀ ਦਿਖਾਇਆ ਕਿ ਇੱਕ ਚੰਦਰਮਾ ਲੈਂਡਰ ਨੂੰ $75 ਮਿਲੀਅਨ (£60 ਮਿਲੀਅਨ) ਦੀ ਆਰਥਿਕ ਲਾਗਤ ਨਾਲ ਸਫਲਤਾਪੂਰਵਕ ਤਾਇਨਾਤ ਕੀਤਾ ਜਾ ਸਕਦਾ ਹੈ। ਭਾਰਤ ਨੇ ਚੰਦਰਮਾ 'ਤੇ ਉਤਰਨ ਤੋਂ ਕੁਝ ਦਿਨ ਬਾਅਦ ਹੀ ਸੂਰਜ ਦਾ ਅਧਿਐਨ ਕਰਨ ਲਈ ਆਪਣਾ ਪਹਿਲਾ ਮਿਸ਼ਨ ਆਦਿਤਿਆ-ਐਲ1 ਪੁਲਾੜ ਵਿੱਚ ਭੇਜਿਆ। 2 ਸਤੰਬਰ ਨੂੰ ਉਤਾਰਿਆ ਗਿਆ ਰਾਕੇਟ ਹੁਣ ਧਰਤੀ ਤੋਂ 1.5 ਮਿਲੀਅਨ ਕਿਲੋਮੀਟਰ (932,000 ਮੀਲ) ਦੂਰ ਹੈ। ਇਸ ਨੂੰ 6 ਜਨਵਰੀ, 2024 ਨੂੰ ਸੂਰਜ-ਧਰਤੀ ਪ੍ਰਣਾਲੀ ਦੇ ਆਪਣੇ ਟੀਚੇ .1 ਜਾਂ ਲਾਗਰੇਂਜ ਪੁਆਇੰਟ 1 'ਤੇ ਪਹੁੰਚਣਾ ਚਾਹੀਦਾ ਹੈ, ਜਿਸ ਨਾਲ ਪੁਲਾੜ ਯਾਨ ਬਿਨਾਂ ਕਿਸੇ ਗ੍ਰਹਿਣ ਦੇ ਸੂਰਜ ਨੂੰ ਦੇਖ ਸਕੇ। 21 ਅਕਤੂਬਰ, 2023 ਨੂੰ ਇਸ ਦੇ ਪ੍ਰਸਤਾਵਿਤ ਤਰੀਕੇ ਦੇ ਮਿਸ਼ਨ ਗਗਨਯਾਨ ਲਈ ਟੈਸਟ ਉਡਾਣਾਂ। ਇਹ ਮਿਸ਼ਨ ਭਾਰਤ ਨੂੰ ਉਨ੍ਹਾਂ ਦੇਸ਼ਾਂ ਦੀ ਛੋਟੀ ਅਤੇ ਨਿਵੇਕਲੀ ਸੂਚੀ ਵਿੱਚ ਰੱਖੇਗਾ ਜੋ ਆਪਣੇ ਆਪ ਇੱਕ ਚਾਲਕ ਪੁਲਾੜ ਯਾਨ ਲਾਂਚ ਕਰ ਸਕਦੇ ਹਨ-ਗਗਨਯਾਨ। ਇਸਰੋ ਦੀਆਂ ਹੋਰ ਵੀ ਅਭਿਲਾਸ਼ੀ ਯੋਜਨਾਵਾਂ ਹਨ, ਜਿਵੇਂ ਕਿ ਮਾਨਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਲਪਨਾ ਕੀਤੀ ਸੀ, 2035 ਤੱਕ ਇੱਕ ਭਾਰਤੀ ਪੁਲਾੜ ਸਟੇਸ਼ਨ ਨੂੰ ਆਰਬਿਟ ਵਿੱਚ ਰੱਖਣਾ ਅਤੇ 2040 ਵਿੱਚ ਇੱਕ ਭਾਰਤੀ ਪੁਲਾੜ ਯਾਤਰੀ ਨੂੰ ਚੰਦਰਮਾ 'ਤੇ ਲੈ ਜਾਣਾ। 2023-2024 ਦੇ ਕੇਂਦਰੀ ਬਜਟ ਵਿੱਚ, ਕੇਂਦਰ ਨੇ 'ਸਮੁਦਰਯਾਨ' ਡੂੰਘੇ ਸਮੁੰਦਰ ਮਿਸ਼ਨ ਲਈ 600 ਕਰੋੜ ਰੁਪਏ, ਜਿਸਦਾ ਉਦੇਸ਼ ਸਰੋਤਾਂ ਦੀ ਟਿਕਾਊ ਵਰਤੋਂ ਲਈ ਸਮੁੰਦਰੀ ਜੈਵ ਵਿਭਿੰਨਤਾ ਦੀ ਖੋਜ ਕਰਨਾ ਹੈ। ਇਸ ਮਿਸ਼ਨ ਦੇ ਇੱਕ ਮਹੱਤਵਪੂਰਨ ਹਿੱਸੇ ਵਿੱਚ ਤਿੰਨ ਲੋਕਾਂ ਦੀ ਟੀਮ ਦੁਆਰਾ ਬਣਾਏ ਗਏ ਘਰੇਲੂ ਤੌਰ 'ਤੇ ਵਿਕਸਤ ਪਣਡੁੱਬੀ 'ਮੈਟਸਿਆ6000' ਦੀ ਵਰਤੋਂ ਕਰਦੇ ਹੋਏ 6,000 ਮੀਟਰ ਦੀ ਡੂੰਘਾਈ ਤੱਕ ਭਾਰਤ ਦੀ ਸ਼ੁਰੂਆਤੀ ਮੁਹਿੰਮ ਸ਼ਾਮਲ ਹੈ।



ਨਵਿਆਉਣਯੋਗ ਊਰਜਾ ਦੇ ਖੇਤਰ ਵਿੱਚ ਭਾਰਤ ਨੇ ਆਪਣੇ ਆਪ ਨੂੰ ਸਭ ਤੋਂ ਅੱਗੇ ਰੱਖਿਆ ਹੈ, ਨਵਿਆਉਣਯੋਗ, ਪੌਣ ਅਤੇ ਸੂਰਜੀ ਊਰਜਾ ਲਈ ਸਥਾਪਿਤ ਸਮਰੱਥਾ ਵਿੱਚ ਚੌਥਾ ਦਰਜਾ ਪ੍ਰਾਪਤ ਕੀਤਾ ਹੈ।

4 ਜਨਵਰੀ, 2023 ਨੂੰ, ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਾਲੀ ਕੇਂਦਰੀ ਕੈਬਨਿਟ ਨੇ ਨੈਸ਼ਨਲ ਗ੍ਰੀਨ ਹਾਈਡ੍ਰੋਜਨ ਮਿਸ਼ਨ ਨੂੰ ਮਨਜ਼ੂਰੀ ਦਿੱਤੀ। ਕੇਂਦਰਿਤ ਖੋਜ ਕਰਨ ਤੋਂ ਬਾਅਦ ਵੀ, ਅਸੀਂ ਵਾਤਾਵਰਣ ਪ੍ਰਦੂਸ਼ਣ ਅਤੇ ਭੋਜਨ ਦੀ ਮਿਲਾਵਟ ਨੂੰ ਕੰਟਰੋਲ ਕਰਨ ਵਿੱਚ ਘਾਟੇ ਵਿੱਚ ਸੀ, ਜੋ ਮਨੁੱਖੀ ਬਚਾਅ ਦੇ ਥੰਮ੍ਹ ਹਨ। ਇਸੇ ਤਰ੍ਹਾਂ, ਠੋਸ ਰਹਿੰਦ-ਖੂੰਹਦ ਪ੍ਰਬੰਧਨ ਅਤੇ ਪਲਾਸਟਿਕ ਪ੍ਰਦੂਸ਼ਣ ਬਾਰੇ, ਸਾਡੇ ਵਿਗਿਆਨੀ ਇਸ ਨਾਲ ਨਜਿੱਠਣ ਲਈ ਕੋਈ ਠੋਸ ਉਪਾਅ ਕਰਨ ਵਿੱਚ ਅਸਫਲ ਰਹੇ ਹਨ। ਬਦਕਿਸਮਤੀ ਨਾਲ, ਇਹਨਾਂ ਖੇਤਰਾਂ 'ਤੇ ਫੋਕਸ ਬਹੁਤ ਮਾੜਾ ਰਿਹਾ ਹੈ।

# ਵਿਦਿਆਰਥੀ ਆਰਟੀਫੀਸ਼ੀਅਲ ਇੰਟੈਲੀਜੈਂਸ ਕ੍ਰਾਂਤੀ ਨੂੰ ਕਿਵੇਂ ਨੈਵੀਗੇਟ ਕਰ ਸਕਦੇ ਹਨ

ਏਆਈ ਕ੍ਰਾਂਤੀ ਸਮਾਜ ਦੇ ਵੱਖ-ਵੱਖ ਪਹਿਲੂਆਂ ਨੂੰ ਬਦਲ ਰਹੀ ਹੈ, ਅਤੇ ਇਸ ਤਕਨੀਕੀ ਤਬਦੀਲੀ ਨੂੰ ਆਕਾਰ ਦੇਣ ਅਤੇ ਨੈਵੀਗੇਟ ਕਰਨ ਲਈ ਵਿਦਿਆਰਥੀਆਂ ਦੀ ਮਹੱਤਵਪੂਰਨ ਭੂਮਿਕਾ ਹੈ। ਇੱਥੇ ਕੁਝ ਤਰੀਕੇ ਹਨ ਜਿਨ੍ਹਾਂ ਨਾਲ ਵਿਦਿਆਰਥੀ ਆਰਟੀਫੀਸ਼ੀਅਲ ਇੰਟੈਲੀਜੈਂਸ ਕ੍ਰਾਂਤੀ ਨੂੰ ਨੈਵੀਗੇਟ ਕਰ ਸਕਦੇ ਹਨ:

**1. ਮੂਲ ਗੱਲਾਂ ਨੂੰ ਸਮਝੋ:** ਨਕਲੀ ਬੁੱਧੀ ਦੀ ਬੁਨਿਆਦ ਸਮਝ ਪ੍ਰਾਪਤ ਕਰਕੇ ਸ਼ੁਰੂਆਤ ਕਰੋ। ਇਸਦੇ ਇਤਿਹਾਸ, ਐਪਲੀਕੇਸ਼ਨਾਂ ਅਤੇ ਇਹ ਕਿਵੇਂ ਕੰਮ ਕਰਦਾ ਹੈ ਬਾਰੇ ਜਾਣੋ। ਔਨਲਾਈਨ ਕੋਰਸ, ਟਿਊਟੋਰਿਅਲ, ਅਤੇ ਕਿਤਾਬਾਂ ਸ਼ੁਰੂਆਤ ਕਰਨ ਲਈ ਵਧੀਆ ਸਰੋਤ ਹਨ।

**2. ਏਆਈ-ਸਬੰਧਤ ਖੇਤਰਾਂ ਦੀ ਪੜਚੋਲ ਕਰੋ:** ਏਆਈ ਵੱਖ-ਵੱਖ ਖੇਤਰਾਂ ਨੂੰ ਸ਼ਾਮਲ ਕਰਦਾ ਹੈ ਜਿਵੇਂ ਕਿ ਮਸ਼ੀਨ ਸਿਖਲਾਈ, ਡਾਟਾ ਵਿਗਿਆਨ, ਰੋਬੋਟਿਕਸ, ਅਤੇ ਕੁਦਰਤੀ ਭਾਸ਼ਾ ਪ੍ਰੋਸੈਸਿੰਗ। ਵਿਦਿਆਰਥੀ ਰਸਮੀ ਸਿੱਖਿਆ, ਇੰਟਰਨਸ਼ਿਪਾਂ, ਖੋਜ ਪ੍ਰੋਜੈਕਟਾਂ, ਜਾਂ ਨਿੱਜੀ ਪ੍ਰੋਜੈਕਟਾਂ ਰਾਹੀਂ ਇਹਨਾਂ ਖੇਤਰਾਂ ਦੀ ਪੜਚੋਲ ਕਰ ਸਕਦੇ ਹਨ। ਇਹਨਾਂ ਖੇਤਰਾਂ ਦੀ ਪੜਚੋਲ ਕਰਨ ਨਾਲ ਏਆਈ ਨਾਲ ਜੁੜੇ ਮੌਕਿਆਂ ਅਤੇ ਚੁਣੌਤੀਆਂ ਨੂੰ ਸਮਝਣ ਵਿੱਚ ਮਦਦ ਮਿਲੇਗੀ।

**3. ਤਕਨੀਕੀ ਹੁਨਰ ਵਿਕਸਿਤ ਕਰੋ:** ਏਆਈ ਨੂੰ ਇੱਕ ਮਜ਼ਬੂਤ ਤਕਨੀਕੀ ਬੁਨਿਆਦ ਦੀ ਲੋੜ ਹੈ। ਵਿਦਿਆਰਥੀ ਪ੍ਰੋਗਰਾਮਿੰਗ ਹੁਨਰ, ਗਣਿਤ, ਅੰਕੜੇ ਅਤੇ ਐਲਗੋਰਿਦਮ ਹਾਸਲ ਕਰਨ 'ਤੇ ਧਿਆਨ ਦੇ ਸਕਦੇ ਹਨ। ਇਹ ਹੁਨਰ ਉਹਨਾਂ ਨੂੰ ਏਆਈ ਮਾਡਲਾਂ ਨੂੰ ਵਿਕਸਤ ਕਰਨ, ਡੇਟਾ ਦਾ ਵਿਸ਼ਲੇਸ਼ਣ ਕਰਨ ਅਤੇ ਏ ਆਈ-ਅਧਾਰਿਤ ਐਪਲੀਕੇਸ਼ਨਾਂ ਨੂੰ ਬਣਾਉਣ ਦੇ ਯੋਗ ਬਣਾਉਣਗੇ।

**4. ਅੱਪਡੇਟ ਰਹੋ:** ਏਆਈ ਦਾ ਖੇਤਰ ਤੇਜ਼ੀ ਨਾਲ ਵਿਕਸਿਤ ਹੋ ਰਿਹਾ ਹੈ। ਵਿਦਿਆਰਥੀਆਂ ਨੂੰ ਏਆਈ ਵਿੱਚ ਨਵੀਨਤਮ ਖੋਜ, ਤਰੱਕੀ, ਅਤੇ ਨੈਤਿਕ ਵਿਚਾਰਾਂ ਨਾਲ ਅੱਪਡੇਟ ਰਹਿਣ ਦੀ ਲੋੜ ਹੈ। ਏਆਈ ਕਾਨਫਰੰਸਾਂ ਤੋਂ ਬਾਅਦ, ਖੋਜ ਪੱਤਰਾਂ ਨੂੰ ਪੜ੍ਹਨਾ, ਅਤੇ ਏਆਈ ਭਾਈਚਾਰਿਆਂ ਵਿੱਚ ਸ਼ਾਮਲ ਹੋਣਾ ਨਵੀਨਤਮ ਵਿਕਾਸ ਦੇ ਨਾਲ-ਨਾਲ ਰਹਿਣ ਵਿੱਚ ਮਦਦ ਕਰ ਸਕਦਾ ਹੈ।

**5. ਹੈਂਡ-ਆਨ ਪ੍ਰੋਜੈਕਟਾਂ ਦਾ ਅਭਿਆਸ ਕਰੋ:** ਵਿਹਾਰਕ ਪ੍ਰੋਜੈਕਟਾਂ ਲਈ ਸਿਧਾਂਤਕ ਗਿਆਨ ਨੂੰ ਲਾਗੂ ਕਰੋ। ਏਆਈ-ਅਧਾਰਿਤ ਪ੍ਰੋਜੈਕਟਾਂ, ਪ੍ਰਤੀਯੋਗਤਾਵਾਂ, ਜਾਂ ਹੱਥਾਂ ਨਾਲ ਅਨੁਭਵ ਹਾਸਲ ਕਰਨ ਲਈ ਚੁਣੌਤੀਆਂ ਵਿੱਚ ਸ਼ਾਮਲ ਹੋਵੋ। ਇਹ ਸਮੱਸਿਆ-ਹੱਲ ਕਰਨ ਦੀਆਂ ਯੋਗਤਾਵਾਂ ਨੂੰ ਵਧਾਏਗਾ, ਸੰਭਾਵੀ ਮਾਲਕਾਂ ਨੂੰ ਹੁਨਰ ਦਿਖਾਏਗਾ, ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰੇਗਾ।



**6. ਨੈਤਿਕਤਾ ਅਤੇ ਪੱਖਪਾਤ ਨੂੰ ਸਮਝੋ:** ਏਆਈ ਪ੍ਰਣਾਲੀਆਂ ਦੇ ਨੈਤਿਕ ਪ੍ਰਭਾਵ ਅਤੇ ਪੱਖਪਾਤ ਹੋ ਸਕਦੇ ਹਨ। ਵਿਦਿਆਰਥੀਆਂ ਨੂੰ ਸਮਾਜ 'ਤੇ ਏਆਈ ਦੇ ਸੰਭਾਵੀ ਪ੍ਰਭਾਵਾਂ ਦੀ ਸਮਝ ਵਿਕਸਿਤ ਕਰਨੀ ਚਾਹੀਦੀ ਹੈ, ਨੈਤਿਕ ਵਿਚਾਰਾਂ ਦਾ ਮੁਲਾਂਕਣ ਕਰਨਾ ਚਾਹੀਦਾ ਹੈ, ਅਤੇ ਜ਼ਿੰਮੇਵਾਰ ਏਆਈ ਵਿਕਾਸ ਲਈ ਕੰਮ ਕਰਨਾ ਚਾਹੀਦਾ ਹੈ। ਗੋਪਨੀਯਤਾ, ਸੁਰੱਖਿਆ ਅਤੇ ਨਿਰਪੱਖਤਾ 'ਤੇ ਏਆਈ ਪ੍ਰਣਾਲੀਆਂ ਦੇ ਨਤੀਜਿਆਂ 'ਤੇ ਵਿਚਾਰ ਕਰੋ।

**7. ਅੰਤਰ-ਅਨੁਸ਼ਾਸਨੀ ਸਹਿਯੋਗ:** ਏਆਈ ਵੱਖ-ਵੱਖ ਅਨੁਸ਼ਾਸ਼ਨਾਂ ਜਿਵੇਂ ਕਿ ਵਪਾਰ, ਸਿਹਤ ਸੰਭਾਲ, ਵਿੱਤ, ਅਤੇ ਸਿੱਖਿਆ ਨੂੰ ਆਪਸ ਵਿੱਚ ਜੋੜਦਾ ਹੈ। ਦੂਜੇ ਡੋਮੇਨਾਂ ਦੇ ਵਿਦਿਆਰਥੀਆਂ ਨਾਲ ਸਹਿਯੋਗ ਕਰਨਾ ਅੰਤਰ-ਅਨੁਸ਼ਾਸਨੀ ਸੋਚ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਏਆਈ ਹੱਲ ਤਿਆਰ ਕਰਨ ਵਿੱਚ ਮਦਦ ਕਰਦਾ ਹੈ ਜੋ ਵਿਭਿੰਨ ਲੋੜਾਂ ਨੂੰ ਪੂਰਾ ਕਰਦੇ ਹਨ।

**8. ਏਆਈ ਨਾਲ ਸਬੰਧਤ ਕਰੀਅਰ ਲਈ ਤਿਆਰੀ ਕਰੋ:** ਏਆਈ ਕ੍ਰਾਂਤੀ ਕਰੀਅਰ ਦੇ ਨਵੇਂ ਮੌਕੇ ਪੈਦਾ ਕਰਦੀ ਹੈ। ਵਿਦਿਆਰਥੀ ਏਆਈ ਇੰਜੀਨੀਅਰ, ਡਾਟਾ ਵਿਗਿਆਨੀ, ਏਆਈ ਸਿਸਟਮ ਵਿਸ਼ਲੇਸ਼ਕ, ਜਾਂ ਏਆਈ ਨੈਤਿਕਤਾਵਾਦੀ ਵਜੋਂ ਕਰੀਅਰ ਬਣਾ ਸਕਦੇ ਹਨ। ਏਆਈ ਖੇਤਰ ਵਿੱਚ ਲੋੜੀਂਦੇ ਹੁਨਰਾਂ, ਇੰਟਰਨਸ਼ਿਪਾਂ, ਅਤੇ ਨੌਕਰੀ ਦੀ ਮਾਰਕੀਟ ਦੇ ਰੁਝਾਨਾਂ ਬਾਰੇ ਸੂਚਿਤ ਰਹੋ।

**9. ਆਲੋਚਨਾਤਮਕ ਸੋਚ ਨੂੰ ਉਤਸ਼ਾਹਿਤ ਕਰੋ:** ਏਆਈ ਦੀਆਂ ਐਪਲੀਕੇਸ਼ਨਾਂ ਦਾ ਮੁਲਾਂਕਣ ਕਰਨ ਅਤੇ ਸਵਾਲ ਕਰਨ ਲਈ ਆਲੋਚਨਾਤਮਕ ਸੋਚ ਦੀਆਂ ਯੋਗਤਾਵਾਂ ਦਾ ਵਿਕਾਸ ਕਰੋ। ਜਿਵੇਂ ਕਿ ਏਆਈ ਵਧੇਰੇ ਪ੍ਰਚਲਿਤ ਹੋ ਜਾਂਦਾ ਹੈ, ਇਸਦੀਆਂ ਸੀਮਾਵਾਂ, ਪੱਖਪਾਤ ਅਤੇ ਸੰਭਾਵੀ ਨਤੀਜਿਆਂ ਨੂੰ ਸਮਝਣਾ ਜ਼ਰੂਰੀ ਹੈ।

**10. ਨੈਤਿਕ ਬਹਿਸਾਂ ਵਿੱਚ ਸ਼ਾਮਲ ਹੋਵੋ:** ਸਮਾਜ, ਨੌਕਰੀਆਂ, ਗੋਪਨੀਯਤਾ, ਅਤੇ ਨੈਤਿਕਤਾ 'ਤੇ ਏਆਈ ਦੇ ਪ੍ਰਭਾਵ ਬਾਰੇ ਚਰਚਾਵਾਂ ਅਤੇ ਬਹਿਸਾਂ ਵਿੱਚ ਹਿੱਸਾ ਲਓ। ਇਹਨਾਂ ਗੱਲਬਾਤਾਂ ਵਿੱਚ ਸ਼ਾਮਲ ਹੋਣਾ ਏਆਈ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਮਦਦ ਕਰਦਾ ਹੈ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਵਿਦਿਆਰਥੀਆਂ ਦੀਆਂ ਆਵਾਜ਼ਾਂ ਸੁਣੀਆਂ ਜਾਣ।

ਸਰਗਰਮੀ ਨਾਲ ਭਾਗ ਲੈ ਕੇ ਅਤੇ ਇੱਕ ਕਿਰਿਆਸ਼ੀਲ ਪਹੁੰਚ ਅਪਣਾ ਕੇ, ਵਿਦਿਆਰਥੀ ਏਆਈ ਕ੍ਰਾਂਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨੈਵੀਗੇਟ ਕਰ ਸਕਦੇ ਹਨ, ਭਵਿੱਖ ਲਈ ਤਿਆਰੀ ਕਰ ਸਕਦੇ ਹਨ, ਅਤੇ ਏਆਈ ਤਕਨਾਲੋਜੀ ਦੀ ਜ਼ਿੰਮੇਵਾਰ ਤਰੱਕੀ ਵਿੱਚ ਯੋਗਦਾਨ ਪਾ ਸਕਦੇ ਹਨ।

**- ਵਿਜੇ ਗਰਗ**

# ਪ੍ਰੀਖਿਆ ਲਈ ਤਿਆਰ ਨਹੀਂ?

ਬੋਰਡ ਦੇ ਇਮਤਿਹਾਨ ਦਿਮਾਗੀ ਤੌਰ 'ਤੇ ਖਰਾਬ ਹੋ ਸਕਦੇ ਹਨ। ਭਾਵੇਂ ਤੁਸੀਂ ਇਮਤਿਹਾਨਾਂ ਅਤੇ ਹੋਰ ਇਮਤਿਹਾਨਾਂ ਵਿੱਚ ਸ਼ਾਮਲ ਹੋਣ ਤੋਂ ਡਰਦੇ ਨਹੀਂ ਹੋ, ਘਰ ਅਤੇ ਸਕੂਲ ਦਾ ਦਬਾਅ, ਪਰਿਵਾਰ ਦੇ ਨਾਲ-ਨਾਲ ਅਧਿਆਪਕਾਂ ਦੀਆਂ ਉਮੀਦਾਂ ਦਾ ਭਾਰ ਤਣਾਅਪੂਰਨ ਹੋ ਸਕਦਾ ਹੈ। ਪ੍ਰੀ ਬੋਰਡ ਇਮਤਿਹਾਨਾਂ ਅਤੇ ਬੋਰਡਾਂ ਵਿਚਕਾਰ ਸਮਾਂ ਬਹੁਤ ਮਹੱਤਵਪੂਰਨ ਹੁੰਦਾ ਹੈ। ਇਹ ਉਦੋਂ ਹੁੰਦਾ ਹੈ ਜਦੋਂ ਤੁਸੀਂ ਪ੍ਰੀ ਬੋਰਡ ਇਮਤਿਹਾਨਾਂ ਵਿੱਚ ਆਪਣੇ ਪ੍ਰਦਰਸ਼ਨ ਦੇ ਆਧਾਰ 'ਤੇ ਆਪਣੇ ਕਮਜ਼ੋਰ ਪੁਆਇੰਟਾਂ ਦੀ ਪਛਾਣ ਕਰ ਸਕਦੇ ਹੋ ਅਤੇ ਕੰਮ ਕਰ ਸਕਦੇ ਹੋ। ਨਿਰਾਸ਼ ਨਾ ਹੋਵੋ ਜੇਕਰ ਤੁਹਾਡੇ ਪ੍ਰੀ-ਬੋਰਡ ਪ੍ਰੀਖਿਆ ਦੇ ਨਤੀਜੇ ਵਧੀਆ ਨਹੀਂ ਸਨ; ਅਜੇ ਵੀ ਸਮਾਂ ਹੈ ਕਿ ਤੁਸੀਂ ਸੋਚੋ ਕਿ ਤੁਸੀਂ ਕਿੱਥੇ ਗਲਤ ਹੋ ਗਏ ਅਤੇ ਕੁਝ ਕੋਰਸ ਸੁਧਾਰ ਕਰੋ। ਜਦੋਂ ਪ੍ਰੀਖਿਆ ਲਈ ਅਧਿਐਨ ਕਰਨ ਦੀ ਗੱਲ ਆਉਂਦੀ ਹੈ ਤਾਂ ਆਪਣੇ ਖੁਦ ਦੇ ਨੋਟਸ ਬਣਾਉਣਾ ਬਹੁਤ ਮਦਦਗਾਰ ਹੁੰਦਾ ਹੈ। ਅਜਿਹਾ ਕਰਨ ਦਾ ਸਭ ਤੋਂ ਪ੍ਰਭਾਵੀ ਤਰੀਕਾ ਇਹ ਹੋਵੇਗਾ ਕਿ ਕਲਾਸ-ਰੂਮ ਵਿੱਚ ਇੱਕ ਕਾਪੀ ਅਤੇ ਪੈੱਨ ਹੱਥ ਵਿੱਚ ਰੱਖੋ, ਤਾਂ ਜੋ ਤੁਸੀਂ ਉਸ ਚੀਜ਼ ਨੂੰ ਨੋਟ ਕਰ ਸਕੋ ਜਿਸਨੂੰ ਤੁਸੀਂ ਅਧਿਆਪਕ ਪੜ੍ਹਾਉਂਦੇ ਸਮੇਂ ਮਹੱਤਵਪੂਰਨ ਸਮਝਦੇ ਹੋ। ਆਪਣੇ ਅਧਿਆਪਕਾਂ ਨੂੰ ਮਹੱਤਵਪੂਰਨ ਵਿਸ਼ਿਆਂ ਅਤੇ ਸਵਾਲਾਂ ਦੀ ਪਛਾਣ ਕਰਨ ਵਿੱਚ ਮਦਦ ਕਰਨ ਲਈ ਕਹੋ। ਯਾਦ ਰੱਖੋ, ਜਦੋਂ ਅਧਿਆਪਕ ਕਿਸੇ ਮਹੱਤਵਪੂਰਨ ਵਿਸ਼ੇ ਦਾ ਜ਼ਿਕਰ ਕਰਦੇ ਹਨ, ਤਾਂ 95 ਪ੍ਰਤੀਸ਼ਤ ਸੰਭਾਵਨਾ ਹੁੰਦੀ ਹੈ ਕਿ ਤੁਹਾਡੀਆਂ ਅੰਤਿਮ ਪ੍ਰੀਖਿਆਵਾਂ ਵਿੱਚ ਉਸ ਤੋਂ ਪ੍ਰਸ਼ਨ ਹੋਣਗੇ। ਉਹਨਾਂ ਦਾ ਇੱਕ ਨੋਟ ਬਣਾਓ। ਜੇਕਰ ਤੁਸੀਂ ਸਾਲ ਭਰ ਅਜਿਹਾ ਨਹੀਂ ਕੀਤਾ ਹੈ, ਤਾਂ ਅਜੇ ਵੀ ਬਹੁਤੀ ਦੇਰ ਨਹੀਂ ਹੋਈ। ਤੁਸੀਂ ਘਰ ਬੈਠੇ ਆਪਣੀ ਪਾਠ ਪੁਸਤਕ ਖੋਲ੍ਹ ਸਕਦੇ ਹੋ ਅਤੇ ਮਹੱਤਵਪੂਰਨ ਨੁਕਤਿਆਂ ਦੇ ਨੋਟ ਬਣਾ ਸਕਦੇ ਹੋ। ਜੇਕਰ ਤੁਸੀਂ ਕਿਸੇ ਬਿੰਦੂ 'ਤੇ ਫਸ ਗਏ ਹੋ, ਤਾਂ ਤੁਸੀਂ ਆਪਣੇ ਅਧਿਆਪਕ ਨਾਲ ਸਲਾਹ ਕਰ ਸਕਦੇ ਹੋ, ਜਾਂ ਤੁਸੀਂ ਅਧਿਆਇ ਦੀ ਵਿਆਖਿਆ ਕਰਨ ਵਾਲੇ ਅਧਿਆਪਕ ਦਾ YouTube ਵੀਡੀਓ ਦੇਖ ਸਕਦੇ ਹੋ। ਇਹ ਯੂਟਿਊਬ ਇਨਟਰੈਕਟਰ ਸੰਸ਼ੋਧਨ ਲਈ ਜਾਂ ਜਦੋਂ ਤੁਸੀਂ ਸਮੇਂ ਦੀ ਕਮੀ ਵਿੱਚ ਹੁੰਦੇ ਹੋ ਤਾਂ ਬਹੁਤ ਮਦਦਗਾਰ ਹੁੰਦੇ ਹਨ। ਵਿਸ਼ਿਆਂ ਨੂੰ ਯਾਦ ਕਰਨ ਲਈ ਵਰਤੇ ਜਾਣ ਵਾਲੇ ਸੰਖੇਪ ਸ਼ਬਦ ਅਤੇ ਜੁਗਤਾਂ ਇੱਕ ਲੰਮਾ ਸਫ਼ਰ ਤੈਅ ਕਰਦੀਆਂ ਹਨ, ਖਾਸ ਕਰਕੇ ਜਦੋਂ ਤੁਹਾਨੂੰ ਲੰਮੀ ਸੂਚੀਆਂ ਜਿਵੇਂ ਕਿ ਪੀਰੀਅਡਿਕ ਟੇਬਲ ਨੂੰ ਸਿੱਖਣਾ ਪੈਂਦਾ ਹੈ। ਇੱਕ ਹੋਰ ਲਾਭਦਾਇਕ ਚੀਜ਼ ਇੱਕ ਵਿਸ਼ੇ ਦੇ ਕੀਵਰਡਸ ਨੂੰ ਯਾਦ ਕਰਨਾ ਹੈ। ਜੇਕਰ ਤੁਸੀਂ ਇਹਨਾਂ ਨੂੰ ਜਾਣਦੇ ਹੋ, ਤਾਂ ਤੁਹਾਨੂੰ ਸਿਰਫ਼ ਆਪਣੀ ਭਾਸ਼ਾ ਦੇ ਹੁਨਰ ਦੀ ਵਰਤੋਂ ਉਹਨਾਂ ਨੂੰ ਸਮਝਣ ਯੋਗ ਅਤੇ ਬੁੱਧੀਮਾਨ ਵਾਕਾਂ ਵਿੱਚ ਸਮੂਹ ਕਰਨ ਲਈ ਕਰਨ ਦੀ ਲੋੜ ਹੈ। ਤੁਹਾਡੀ ਉੱਤਰ ਪੁਸਤਿਕਾ ਦੀ ਜਾਂਚ ਕਰਨ ਵਾਲੇ ਪਰੀਖਿਅਕ ਨੂੰ ਪ੍ਰਭਾਵਿਤ ਕਰਨ ਲਈ ਕੀਵਰਡ ਜ਼ਰੂਰੀ ਹਨ। ਗੁੰਝਲਦਾਰ ਵਿਸ਼ਿਆਂ ਅਤੇ ਲੰਬੇ ਜਵਾਬਾਂ ਨੂੰ ਬਿਹਤਰ ਢੰਗ ਨਾਲ ਯਾਦ ਰੱਖਣ ਲਈ, ਤੁਸੀਂ ਕੀਵਰਡਸ ਦੀ ਵਰਤੋਂ ਕਰਕੇ ਅੰਕ ਬਣਾ ਸਕਦੇ ਹੋ ਅਤੇ ਸ਼ਾਇਦ ਉਹਨਾਂ ਨੂੰ ਆਪਣੇ ਸਿਰ ਵਿੱਚ ਨੰਬਰ ਵੀ ਦੇ ਸਕਦੇ ਹੋ। ਇਸ ਤਰ੍ਹਾਂ, ਜਦੋਂ ਤੁਸੀਂ ਅਸਲ ਵਿੱਚ ਇਮਤਿਹਾਨ ਲਿਖ ਰਹੇ ਹੋ ਅਤੇ ਕਿਸੇ ਖਾਸ ਸਵਾਲ ਦੀ ਕੋਸ਼ਿਸ਼ ਕਰ ਰਹੇ ਹੋ, ਤਾਂ ਤੁਸੀਂ ਆਸਾਨੀ ਨਾਲ ਜਾਣਦੇ ਹੋ ਕਿ ਕੀ ਤੁਹਾਡੇ ਕੋਲ ਅੰਕ ਗੁਆਚ ਰਹੇ ਹਨ। ਸਮਾਂ ਪ੍ਰਬੰਧਨ ਕੁਝ ਵਿਦਿਆਰਥੀਆਂ ਲਈ ਇੱਕ ਚੁਣੌਤੀ ਸਾਬਤ ਹੋ ਸਕਦਾ ਹੈ, ਖਾਸ ਕਰਕੇ ਪ੍ਰੀਖਿਆ ਹਾਲ ਵਿੱਚ। ਪੇਪਰ ਨੂੰ ਸਮੇਂ ਸਿਰ ਪੂਰਾ ਕਰਨਾ ਜ਼ਰੂਰੀ ਹੈ, ਤਰਜੀਹੀ ਤੌਰ 'ਤੇ ਸੋਧ ਕਰਨ ਲਈ 15 ਮਿੰਟ ਹੱਥ ਵਿੱਚ ਰੱਖੋ। ਆਪਣੀ ਲਿਖਣ ਦੀ ਗਤੀ ਨੂੰ ਵਧਾਉਣ ਅਤੇ ਇਹ ਸਮਝਣ ਲਈ ਕਿ ਤੁਸੀਂ ਕਿੰਨੀ ਸਮੱਗਰੀ ਨੂੰ ਜਜ਼ਬ ਕਰਨ ਦੇ ਯੋਗ ਹੋ ਗਏ ਹੋ, ਮੌਕ ਟੈਸਟ ਦੇ ਪੇਪਰ ਹੱਲ ਕਰੋ। ਇਨ੍ਹਾਂ ਵਿੱਚ ਪੁਰਾਣੇ ਪ੍ਰਸ਼ਨ ਪੱਤਰ ਜਾਂ ਹੋਰ ਨਮੂਨੇ ਦੇ ਪ੍ਰਸ਼ਨ ਪੱਤਰ ਸ਼ਾਮਲ ਹੋ ਸਕਦੇ ਹਨ। ਇਨ੍ਹਾਂ ਪ੍ਰਸ਼ਨ ਪੱਤਰਾਂ ਨੂੰ ਹੱਲ ਕਰਦੇ ਸਮੇਂ, ਆਪਣਾ ਸਮਾਂ ਕੱਢੋ। ਸਮਾਂ ਸੀਮਾ 'ਤੇ ਰੱਖੋ ਅਤੇ ਇਸ ਨੂੰ ਅੰਤਿਮ ਪ੍ਰੀਖਿਆ ਵਾਂਗ ਵਰਤੋ। ਕੁਝ ਹੋਰ ਗੱਲਾਂ ਜੋ ਤੁਹਾਨੂੰ ਧਿਆਨ ਵਿੱਚ ਰੱਖਣੀਆਂ ਚਾਹੀਦੀਆਂ ਹਨ ਉਹ ਹਨ ਕਿ ਸਾਫ਼-ਸੁਥਰੀ ਅਤੇ ਸਾਫ਼ ਉੱਤਰ ਪੱਤਰੀਆਂ ਬਹੁਤ ਲੰਬੀਆਂ ਜਾਂਦੀਆਂ ਹਨ। ਆਪਣੀਆਂ ਉੱਤਰ ਕਾਪੀਆਂ ਵਿੱਚ ਪੇਸ਼ਕਾਰੀ ਢੰਗ ਨਾਲ ਲਿਖੋ। ਤੁਸੀਂ ਆਪਣੇ ਕੀਵਰਡਸ ਨੂੰ ਰੇਖਾਂਕਿਤ ਕਰਨ ਲਈ ਇੱਕ ਵਾਧੂ ਕਦਮ ਚੁੱਕ ਸਕਦੇ ਹੋ, ਆਪਣੇ ਜਵਾਬ ਬਿੰਦੂਆਂ ਵਿੱਚ ਲਿਖ ਸਕਦੇ ਹੋ, ਹਰ ਜਵਾਬ ਦੇ ਬਾਅਦ ਅੰਤ ਦੀਆਂ ਲਾਈਨਾਂ ਖਿੱਚ ਸਕਦੇ ਹੋ। ਇਹ ਉਹ ਸੁਝਾਅ ਹਨ ਜੋ ਸ਼ਾਇਦ ਤੁਹਾਡੇ ਅਧਿਆਪਕਾਂ ਨੇ ਤੁਹਾਨੂੰ ਪਹਿਲਾਂ ਹੀ ਦਿੱਤੇ ਹੋਣ। ਯਾਦ ਰੱਖੋ ਕਿ ਭਾਵੇਂ ਇਹ ਸੁਝਾਅ ਸਕੂਲ ਵਿੱਚ ਤੁਹਾਡੀਆਂ ਪ੍ਰੀਖਿਆਵਾਂ ਲਈ ਅਪ੍ਰਸੰਗਿਕ ਲੱਗ ਸਕਦੇ ਹਨ, ਇਹ ਤੁਹਾਡੀਆਂ ਬੋਰਡ ਪ੍ਰੀਖਿਆਵਾਂ ਵਿੱਚ ਬਹੁਤ ਮਦਦਗਾਰ ਹੋਣਗੇ। ਪ੍ਰੀਖਿਆ ਲਈ ਹਾਜ਼ਰ ਹੋਣ ਤੋਂ ਪਹਿਲਾਂ, ਆਪਣੇ ਸਿਲੇਬਸ ਨੂੰ ਚੰਗੀ ਤਰ੍ਹਾਂ ਸੋਧੋ। ਇਹ ਤੁਹਾਨੂੰ ਵਿਸ਼ਵਾਸ ਹਾਸਲ ਕਰਨ ਵਿੱਚ ਮਦਦ ਕਰੇਗਾ ਕਿਉਂਕਿ ਤੁਹਾਨੂੰ ਇਹ ਅਹਿਸਾਸ ਹੋਵੇਗਾ ਕਿ ਤੁਸੀਂ ਕਿੰਨਾ ਕੁ ਜਾਣਦੇ ਹੋ।

ਤੁਸੀਂ ਆਪਣੇ ਕਮਜ਼ੋਰ ਬਿੰਦੂਆਂ ਨੂੰ ਵੀ ਪਛਾਣ ਸਕਦੇ ਹੋ ਅਤੇ ਕਿਸੇ ਵੀ ਚੀਜ਼ ਵੱਲ ਧਿਆਨ ਦੇ ਸਕਦੇ ਹੋ ਜਿਸ ਲਈ ਤੁਹਾਡੇ ਸਿਰੇ ਤੋਂ ਹੋਰ ਕੰਮ ਦੀ ਲੋੜ ਹੈ। ਇਸ ਸਭ ਦੇ ਨਾਲ, ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਤਿਆਰੀ ਦੇ ਲੰਬੇ ਘੰਟਿਆਂ ਦੇ ਵਿਚਕਾਰ ਨਿਯਮਤ ਬ੍ਰੇਕ ਲੈਂਦੇ ਹੋ ਤਾਂ ਜੋ ਤੁਸੀਂ ਸੜ ਨਾ ਜਾਓ। ਆਪਣੇ ਅਧਿਐਨ ਨੂੰ ਤਰਜੀਹ ਦਿਓ, ਇਹ ਪਤਾ ਲਗਾ ਕੇ ਕਿ ਕੀ ਤੁਸੀਂ ਸਵੇਰ ਦੇ ਵਿਅਕਤੀ ਹੋ ਜਾਂ ਰਾਤ ਦੇ ਵਿਅਕਤੀ, ਇਹ ਪਤਾ ਲਗਾਓ ਕਿ ਤੁਹਾਡੇ ਲਈ ਸਭ ਤੋਂ ਵਧੀਆ ਕੀ ਹੈ ਅਤੇ ਉਸ ਅਨੁਸਾਰ ਕੰਮ ਕਰੋ। ਤੁਹਾਨੂੰ ਆਪਣੇ ਸਮੇਂ ਨੂੰ ਕਿਸੇ ਹੋਰ ਦੇ ਨਾਲ ਮੇਲਣ ਦੀ ਲੋੜ ਨਹੀਂ ਹੈ, ਜਿੰਨਾ ਚਿਰ ਤੁਸੀਂ ਹਰ ਰੋਜ਼ ਕੁਝ ਘੰਟਿਆਂ ਲਈ ਅਧਿਐਨ ਕਰ ਰਹੇ ਹੋ। ਯਾਦ ਰੱਖੋ ਕਿ ਆਪਣੇ ਆਪ 'ਤੇ ਬਹੁਤ ਕਠੋਰ ਨਾ ਬਣੋ, ਜੇ ਲੋੜ ਹੋਵੇ ਤਾਂ ਬ੍ਰੇਕ ਲਓ ਜਾਂ ਝਪਕੀ ਲਓ, ਆਪਣੇ ਦਿਮਾਗ ਨੂੰ ਸਾਫ਼ ਕਰਨ ਲਈ ਇੱਕ ਦੌੜ ਖਾਣ ਲਈ ਜਾਓ, ਅਤੇ ਇੱਕ ਜਾਂ ਦੋ ਭੂਰੇ। ਆਪਣੇ ਸਰੀਰ ਨੂੰ ਸੁਣੋ, ਤੁਹਾਡਾ ਦਿਮਾਗ ਸਖ਼ਤ ਮਿਹਨਤ ਕਰ ਰਿਹਾ ਹੈ ਕਿਉਂਕਿ ਇਹ ਤੁਹਾਡੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਦਾ ਹੈ।

**- ਵਿਜੈ ਗਰਗ**

### ਜੋੜ ਮੇਲੇ 'ਤੇ ਵਿਸ਼ੇਸ਼

# ਗੁਰਦੁਆਰਾ ਤਪ ਅਸਥਾਨ ਬੀਬੀ ਮੁਮਤਾਜ ਜੀ



ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

ਸਿੱਖ ਇਤਿਹਾਸ ਵਿੱਚ ਬਹੁਤ ਸਾਰੇ ਮੁਸਲਮਾਨ ਪਰਿਵਾਰਾਂ ਦਾ ਜ਼ਿਕਰ ਵੀ ਆਉਂਦਾ ਹੈ, ਜਿਹੜੇ ਗੁਰੂ ਘਰ ਨਾਲ ਸਮਰਪਿਤ ਸਨ। ਪਹਿਲੀ ਪਾਤਸ਼ਾਹੀ ਦੀ ਗੁਰੂ ਨਾਨਕ ਦੇਵ ਜੀ ਦੇ ਨਾਲ ਰਬਾਬੀ ਭਾਈ ਮਰਦਾਨਾ ਜੀ ਦਾ ਹਵਾਲਾ ਮਿਲਦਾ ਹੈ ਜਿਨ੍ਹਾਂ ਨੇ ਸਾਰੀ ਉਮਰ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਬਿਤਾਈ।ਰੋਪੜ ਤੋਂ ਵੀਹ ਕਿਲੋਮੀਟਰ 'ਤੇ ਪੁਰਖਾਲੀ ਤੋਂ ਪੰਜ ਕਿਲੋਮੀਟਰ ਦੂਰ ਗੁਰਦੁਆਰਾ ਤਪ ਅਸਥਾਨ ਬੀਬੀ ਮੁਮਤਾਜਗੜ੍ਹ ਸਾਹਿਬ ਛਾਉਣੀ ਬੁੱਢਾ ਦਲ ਨਿਹੰਗੀ ਸਿੰਘ ਪਿੰਡ ਨਾਰੰਗਵਾਲ ਬੜੀ ਜੋ ਕਿ ਉੱਚੀ ਪਹਾੜੀ 'ਤੇ ਸੁਸ਼ੋਭਿਤ ਹੈ, ਮਸਲਿਮ ਘਰਾਣੇ ਨਾਲ ਸਬੰਧਿਤ ਹੈ। ਇਸ ਗੁਰਦਆਰੇ ਹਰ ਸਾਲ 23 ਪੋਹ ਨੂੰ ਜੋੜ ਮੇਲਾ ਮਨਾਇਆ ਜਾਂਦਾ ਹੈ, ਜੋ ਕਿ ਇਸ ਸਾਲ 7 ਜਨਵਰੀ 2024 ਨੂੰ ਹੈ। ਇਸ ਦਿਨ ਗੁਰਦੁਆਰਾ ਸ੍ਰੀ ਭੱਠਾ ਸਾਹਿਬ ਰੋਪੜ ਤੋਂ ਨਗਰ ਕੀਰਤਨ ਆਰੰਭ ਕਰਕੇ ਇਸ ਗੁਰਦੁਆਰੇ ਸਮਾਪਤ ਹੁੰਦਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਹਿਲੀ ਵਾਰ ਭੰਗਾਣੀ ਦੇ ਯੁੱਧ ਤੋਂ ਬਾਅਦ 1688 ਈ. ਤੇ ਦੂਸਰੀ ਵਾਰ 5 ਦਸੰਬਰ1705 ਦੀ ਅੱਧੀ ਰਾਤ ਨੂੰ ਕਿਲ੍ਹਾ ਆਨੰਦਪੁਰ ਛੱਡ ਕੇ 6 ਦਸੰਬਰ 1705 ਈ. ਨੂੰ ਸਰਸਾ ਨਦੀ ਕਿਨਾਰੇ ਯੁੱਧ ਕਰਨ ਪਿੱਛੋਂ ਇੱਥੇ ਪੁੱਜੇ ਸਨ। ਗੁਰੂ ਜੀ ਨੇ ਰੋਪੜ ਪਹੁੰਚ ਕੇ ਸਿੰਘਾਂ ਨੂੰ ਫਤਿਹਪੁਰ ਦੇ ਗੁਪਤ ਕਿਲ੍ਹੇ ਜਾਣ ਦਾ ਹੁਕਮ ਦਿੱਤਾ। ਨਿਹੰਗ ਖਾਨ ਦਾ ਪੁੱਤਰ ਚੌਧਰੀ ਆਲਮ ਖਾਨ ਸਿੰਘ ਦੇ ਜਥੇ ਨੂੰ ਚਮਕੌਰ ਛੱਡ ਆਇਆ। ਗੁਰੂ ਜੀ ਰੋਪੜ ਦੇ ਮੌਜੂਦਾ ਗੁਰਦੁਆਰਾ ਭੱਠਾ ਸਾਹਿਬ ਪੁੱਜੇ ਤੇ ਇਸ ਭੱਠੇ ਨੂੰ ਠੰਡਾ ਕੀਤਾ। ਇਸ ਭੱਠੇ ਦਾ ਮਾਲਕ ਨਿਹੰਗ ਖਾਨ ਗੁਰੂ ਜੀ ਦਾ ਸੇਵਕ ਸੀ, ਉਹ ਉਨ੍ਹਾਂ ਨੂੰ ਆਪਣੇ ਰਿਹਾਇਸ਼ੀ ਕਿਲ੍ਹੇ ਵਿੱਚ ਲੈ ਗਿਆ ਤੇ ਉਨ੍ਹਾਂ ਦੀ ਸ਼ਰਧਾ ਭਾਵਨਾ ਨਾਲ ਸੇਵਾ ਕੀਤੀ। ਉੱਥੇ ਗੁਰੂ ਜੀ ਨੂੰ ਖਬਰ ਮਿਲੀ ਕਿ ਮਲਕਪੁਰ ਰੰਗੜਾ ਦੇ ਸਥਾਨ 'ਤੇ ਦੁਸ਼ਮਣਾਂ ਵੱਲੋਂ ਲੋਹਗੜ੍ਹ ਦਾ ਕਿਲ੍ਹਾ ਤੋੜਨ ਲਈ ਭੇਜੇ ਗਏ ਸ਼ਰਾਬੀ ਹਾਥੀ ਨੂੰ ਇੱਕ ਨਾਗਣੀ ਨਾਲ ਹਰਾਉਣ ਵਾਲਾ ਬਹਾਦਰ ਯੋਧਾ ਭਾਈ ਬਚਿੱਤਰ ਸਿੰਘ ਜੀ ਦੇ ਜੱਥੇ ਦੇ ਸਾਰੇ ਸਿੰਘ ਮੁਗ਼ਲਾਂ ਦੀ ਬਹੁਤ ਭਾਰੀ ਫੌਜ ਨਾਲ ਯੁੱਧ ਕਰਦੇ ਹੋਇ ਸ਼ਹਾਦਤ ਪ੍ਰਾਪਤ ਕਰ ਗਏ ਹਨ ਪਰ ਭਾਈ ਬਚਿੱਤਰ ਸਿੰਘ ਬਹੁਤ ਬੁਰੀ ਤਰ੍ਹਾਂ ਜਖ਼ਮੀ ਹੋ ਗਏ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਹਿਬਜਾਦੇ ਭਾਈ ਅਜੀਤ ਸਿੰਘ ਨੂੰ ਹੁਕਮ ਦਿੱਤਾ ਕਿ ਜਖ਼ਮੀ ਭਾਈ ਬਚਿੱਤਰ ਸਿੰਘ ਨੂੰ ਏਥੇ ਲੈ ਆਉ। ਭਾਈ ਅਜੀਤ ਸਿੰਘ ਨੇ ਅਜਿਹਾ ਹੀ ਕੀਤਾ। ਉਹ ਜਖ਼ਮੀ ਹਾਲਤ ਵਿੱਚ ਭਾਈ ਬਚਿੱਤਰ ਸਿੰਘ ਨੂੰ ਚੁੱਕ ਕੇ ਨਿਹੰਗ ਖਾਨ ਦੇ ਘਰ ਛੱਡ ਕੇ ਵਾਪਸ ਫੌਜ ਸਮੇਤ ਚਮਕੌਰ ਸਾਹਿਬ ਨੂੰ ਰਵਾਨਾ ਹੋ ਗਏ। ਨਿਹੰਗ ਖਾਨ ਦੀ ਬੇਟੀ ਮੁਮਤਾਜ ਗੁਰੂ ਘਰ ਨੂੰ ਸਮਰਪਿਤ ਸੀ। ਉਸ ਸਮੇਂ ਉਸ ਦੀ ਉਮਰ 15 ਕੁ ਸਾਲ ਦੀ ਸੀ। ਉਹ ਗੁਰੂ ਜੀ ਦੇ ਚਰਨਾਂ ਵਿੱਚ ਢਹਿ ਪਈ ਤੇ ਉਨ੍ਹਾਂ ਨੂੰ ਮਿਹਰ ਦੀ ਨਦਰ ਕਰਨ ਲਈ ਬੇਨਤੀ ਕੀਤੀ।

ਗੁਰੂ ਸਾਹਿਬ ਨੇ ਉਸ ਦੀ ਬੇਨਤੀ 'ਤੇ ਆਪਣਾ ਗਾਤਰਾ ਤੇ ਕ੍ਰਿਪਾਨ ਭੇਟ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਚਨ ਕੀਤਾ ਮੈਂ ਹਮੇਸ਼ਾਂ ਤੁਹਾਡੇ ਅੰਗ ਸੰਗ ਰਹਾਂਗਾ। ਇਹ ਕ੍ਰਿਪਾਨ ਤੇ ਗਾਤਰਾ ਇਸ ਸਮੇਂ ਵੀ ਗੁਰਦੁਆਰਾ ਸਾਹਿਬ ਵਿੱਚ ਸੁਸ਼ੋਭਿਤ ਹੈ। ਗੁਰੂ ਜੀ ਨੇ ਨਿਹੰਗ ਖਾਨ ਨੂੰ ਵੀ ਉਸ ਦੀ ਸੇਵਾ ਤੋਂ ਖੁਸ਼ ਹੋ ਕੇ ਕ੍ਰਿਪਾਨ ਤੇ ਕਟਾਰ ਦੀ ਬਖਸ਼ਿਸ਼ ਕੀਤੀ। ਗੁਰੂ ਜੀ ਸਿੰਘਾਂ ਨਾਲ ਖਾਨਪੁਰ, ਰਾਮਪੁਰ ਹੁੰਦੇ ਹੋਏ ਚਮਕੌਰ ਚਲੇ ਗਏ।

ਕਿਸੇ ਚੁਗਲਖੋਰ ਨੇ ਰੋਪੜ ਦੇ ਨਵਾਬ ਜਾਫ਼ਰ ਅਲੀ ਖਾਨ ਨੂੰ ਖ਼ਬਰ ਦਿੱਤੀ ਕਿ ਨਿਹੰਗ ਖਾਨ ਦੇ ਘਰ ਗੁਰੂ ਗੋਬਿੰਦ ਸਿੰਘ ਤੇ ਉਨ੍ਹਾਂ ਨਾਲ ਸਿੰਘ ਵੀ ਠਹਿਰੇ ਹੋਏ ਹਨ। ਨਿਹੰਗ ਖਾਨ ਨੂੰ ਜਦ ਇਸ ਗੱਲ ਦਾ ਪਤਾ ਲੱਗਾ ਤਾਂ ਉਸਨੂੰ ਇੱਕ ਸਕੀਮ ਸੁਝੀ ਤੇ ਉਸ ਨੇ ਆਪਣੀ ਸਪੁੱਤਰੀ ਨੂੰ ਭਾਈ ਬਚਿੱਤਰ ਸਿੰਘ ਦੇ ਕਮਰੇ ਵਿੱਚ ਭੇਜ ਦਿੱਤਾ। ਨਵਾਬ ਜਾਫ਼ਰ ਅਲੀ ਖਾਨ ਨੇ ਆਪਣੀ ਫੌਜ ਨੂੰ ਨਾਲ ਲੈ ਕੇ ਨਿਹੰਗ ਖਾਨ ਦੇ ਕਿਲ੍ਹੇ ਨੂੰ ਸਵੇਰੇ 5 ਵਜ੍ਹੇ ਘੇਰ ਲਿਆ। ਪਰ ਉਨ੍ਹਾਂ ਨੂੰ ਅੰਦਰ ਕੋਈ ਸਿੰਘ ਨਾ ਲੱਭਾ। ਬੱਸ ਕਮਰਾ ਜੋ ਕਿ ਬੰਦ ਸੀ ਉਹ ਹੀ ਤਲਾਸ਼ੀ ਲੈਣ ਵਾਲਾ ਰਹਿ ਗਿਆ, ਜਿਸ ਵਿੱਚ ਮੁਮਤਾਜ ਤੇ ਭਾਈ ਬਚਿੱਤਰ ਸਿੰਘ ਸਨ। ਜਦ ਨਵਾਬ ਜਾਫ਼ਰ ਅਲੀ ਖਾਨ ਉਸ ਕਮਰੇ ਵੱਲ ਵਧਿਆ ਤਾਂ ਨਿਹੰਗ ਖਾਨ ਨੇ ਕਿਹਾ ਕਿ ਉਸ ਕਮਰੇ ਵਿੱਚ ਮੇਰੀ ਲੜਕੀ ਤੇ ਜਵਾਈ ਹੈ। ਇਹ ਗੱਲ ਸੁਣਕੇ ਮੁਗ਼ਲ ਫੌਜ ਗੁਸਤਾਖ਼ੀ ਮੁਆਫ਼ ਕਹਿ ਕਿ ਕਿਲ੍ਹੇ ਵਿੱਚੋਂ ਵਾਪਿਸ ਚਲੇ ਗਈ।



ਅਗਲੀ ਸਵੇਰ ਬੀਬੀ ਮੁਮਤਾਜ ਨੇ ਆਪਣੇ ਪਿਤਾ ਨੂੰ ਕਿਹਾ ਕਿ ਤੁਸੀਂ ਮੇਰੀ ਮੰਗਣੀ ਬੱਸੀ ਪਠਾਣਾਂ ਦੇ ਅਬਰਾਨ ਖਾਂ ਨਾਲ ਕੀਤੀ ਹੋਈ ਹੈ ਪਰ ਹੁਣ ਮੈਂ ਉਸ ਨਾਲ ਨਿਕਾਹ ਨਹੀਂ ਕਰਾਂਗੀ। ਆਪਣੀ ਸਾਰੀ ਉਮਰ ਗੁਰੂ ਘਰ ਨੂੰ ਸਮਰਪਿਤ ਰਹਾਂਗੀ ਤੇ ਸੇਵਾ ਤੇ ਸਿਮਰਨ ਵਿੱਚ ਸਾਰੀ ਉਮਰ ਗੁਜਾਰਾਂਗੀ ਕਿਉਂਕਿ ਤੁਸੀਂ ਭਾਈ ਬਚਿੱਤਰ ਸਿੰਘ ਨੂੰ ਆਪਣਾ ਜੁਆਈ ਕਿਹਾ ਸੀ । ਉਹ ਭਾਵੇਂ ਇੱਸ ਸੰਸਾਰ ਵਿੱਚ ਨਹੀਂ ਰਹੇ, ਪਰ ਮੈਂ ਹੁਣ ਉਨ੍ਹਾਂ ਨੂੰ ਆਤਮਿਕ ਤੌਰ 'ਤੇ ਆਪਣਾ ਪਤੀ ਪ੍ਰਵਾਨ ਕਰ ਚੁੱਕੀ ਹਾਂ।

ਭਾਈ ਬਚਿੱਤਰ ਸਿੰਘ ਦੀ ਸ਼ਹੀਦੀ ਤੋਂ ਬਾਅਦ ਬੀਬੀ ਮੁਮਤਾਜ ਨੇ ਕੁਝ ਸਮਾਂ ਕੋਟਲੇ ਵਿੱਚ ਰਹਿਣ ਪਿੱਛੋਂ, ਏਕਾਂਤ ਵਿੱਚ ਰਹਿਣ ਦਾ ਫ਼ੈਸਲਾ ਕੀਤਾ। ਉਸ ਦੇ ਪਿਤਾ ਨੇ ਉਸ ਦੀ ਇੱਛਾ ਅਨੁਸਾਰ ਨਾਰੰਗਪੁਰ ਬੜੀ ਦੇ ਜੰਗਲ ਵਿੱਚ ਉੱਚੀ ਪਹਾੜੀ 'ਤੇ ਕਿਲ੍ਹਾ ਉਸਾਰ ਦਿੱਤਾ ਤੇ ਖੂਹ ਲਵਾ ਦਿੱਤਾ ਜੋ ਕਿ ਉਸ ਦੀ ਰਿਆਸਤ ਵਿੱਚ ਸੀ।

ਬੀਬੀ ਮੁਮਤਾਜ ਨੇ 132 ਸਾਲ ਦੇ ਕਰੀਬ ਜਪ ਤਪ ਕਰਦਿਆਂ ਉਮਰ ਗੁਜਾਰੀ ਤੇ 1822 ਈ. ਵਿੱਚ ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਇਸ ਥਾਂ 'ਤੇ ਤਪ ਅਸਥਾਨ ਗੁਰਦੁਆਰਾ ਮੁਮਤਾਜਗੜ੍ਹ ਸਾਹਿਬ ਸੁਸ਼ੋਭਿਤ ਹੈ।ਜਿਥੇ ਹਰ ਸਮੇਂ ਗੁਰੂ ਦਾ ਲੰਗਰ ਅਤੁੱਟ ਵਰਤਦਾ ਹੈ। ਇਸ ਅਸਥਾਨ ਦੀ ਸਾਂਭ ਸੰਭਾਲ ਸ਼੍ਰੋਮਣੀ ਪੰਥ ਰਤਨ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਕਰਤਾ ਰਹੇ ਹਨ, ਜੋ ਕਿ 50 ਫੁੱਟ ਉੱਚੀ ਪਹਾੜੀ 'ਤੇ ਸੁਸ਼ੋਭਿਤ ਹੈ।

# ਜੇਈਈ ਮੇਨ 2024 ਵਿੱਚ ਪ੍ਰੀਖਿਆ ਤਣਾਅ ਨਾਲ ਕਿਵੇਂ ਨਜਿੱਠਣਾ ਹੈ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਜੇਈਈ ਮੇਨ ਇਮਤਿਹਾਨ ਨੂੰ ਭਾਰਤ ਵਿੱਚ ਸਭ ਤੋਂ ਵੱਧ ਪ੍ਰਤੀਯੋਗੀ ਅਤੇ ਚੁਣੌਤੀਪੂਰਨ ਦਾਖਲਾ ਪ੍ਰੀਖਿਆਵਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ ਜੋ ਭਾਰਤ ਵਿੱਚ ਆਈਆਈਟੀ, ਐਨਆਈਟੀ ਅਤੇ ਹੋਰ ਵੱਕਾਰੀ ਇੰਜੀਨੀਅਰਿੰਗ ਕਾਲਜਾਂ ਵਿੱਚ ਦਾਖਲੇ ਲਈ ਦਰਵਾਜ਼ਾ ਖੋਲ੍ਹਦੀ ਹੈ। ਇਹ ਨੈਸ਼ਨਲ ਟੈਸਟਿੰਗ ਏਜੰਸੀ ਦੁਆਰਾ ਸਾਲ ਵਿੱਚ ਦੋ ਵਾਰ ਆਯੋਜਿਤ ਕੀਤਾ ਜਾਂਦਾ ਹੈ, ਜੋ ਕਿ ਨੀਟ ਅਤੇ ਸੀਯੂਈਟੀ ਵਰਗੀਆਂ ਪ੍ਰਮੁੱਖ ਪ੍ਰੀਖਿਆਵਾਂ ਵੀ ਆਯੋਜਿਤ ਕਰਦੀ ਹੈ। ਇਮਤਿਹਾਨ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਗਣਿਤ ਵਿੱਚ ਚਾਹਵਾਨ ਇੰਜੀਨੀਅਰਾਂ ਦੇ ਗਿਆਨ ਦਾ ਮੁਲਾਂਕਣ ਕਰਦਾ ਹੈ। 2024 ਵਿੱਚ, ਜੇਈਈ ਮੇਨ ਸੈਸ਼ਨ 1 24 ਜਨਵਰੀ ਤੋਂ 1 ਫਰਵਰੀ ਤੱਕ ਨਿਰਧਾਰਤ ਕੀਤਾ ਗਿਆ ਹੈ, ਜਦੋਂ ਕਿ ਸੈਸ਼ਨ 2 ਦੀਆਂ ਪ੍ਰੀਖਿਆਵਾਂ 1 ਤੋਂ 15 ਅਪ੍ਰੈਲ ਤੱਕ ਆਯੋਜਿਤ ਕੀਤੀਆਂ ਜਾਣਗੀਆਂ। ਇਹ ਵੱਕਾਰੀ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ ਵਿੱਚ ਦਾਖਲ ਹੋਣ ਦਾ ਪਹਿਲਾ ਗੇਟਵੇ ਹੈ। ਦੋ ਜੇਈਈ ਮੇਨ ਸੈਸ਼ਨਾਂ ਵਿੱਚੋਂ ਸਰਵੋਤਮ ਸੈਸ਼ਨ ਚਾਹਵਾਨਾਂ ਨੂੰ ਜੇਈਈ ਐਡਵਾਂਸਡ 2024 ਲਈ ਯੋਗ ਬਣਨ ਲਈ ਸ਼ਕਤੀ ਪ੍ਰਦਾਨ ਕਰਨਗੇ। ਉੱਘੇ ਇੰਜਨੀਅਰਿੰਗ ਕਾਲਜਾਂ ਵਿੱਚ ਲੱਖਾਂ ਵਿਦਿਆਰਥੀ ਸੀਮਤ ਸੀਟਾਂ ਲਈ ਮੁਕਾਬਲਾ ਕਰਦੇ ਹਨ, ਇਸ ਵਿੱਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਦਬਾਅ ਬਹੁਤ ਜ਼ਿਆਦਾ ਹੋ ਸਕਦਾ ਹੈ। ਇਮਤਿਹਾਨ ਦੇ ਤਣਾਅ ਅਤੇ ਚਿੰਤਾ ਦਾ ਇੱਕ ਵਿਦਿਆਰਥੀ ਦੇ ਪ੍ਰਦਰਸ਼ਨ 'ਤੇ ਮਹੱਤਵਪੂਰਣ ਪ੍ਰਭਾਵ ਹੋ ਸਕਦਾ ਹੈ, ਉਹਨਾਂ ਦੀ ਇਕਾਗਰਤਾ, ਯਾਦਦਾਸ਼ਤ ਅਤੇ ਸਮੁੱਚੀ ਤੰਦਰੁਸਤੀ ਨੂੰ ਪ੍ਰਭਾਵਿਤ ਕਰਦਾ ਹੈ। ਹਾਲਾਂਕਿ, ਕੁਝ ਸਾਬਤ ਕੀਤੀਆਂ ਆਦਤਾਂ, ਅਭਿਆਸਾਂ, ਅਤੇ ਰਣਨੀਤੀਆਂ ਵਿਦਿਆਰਥੀਆਂ ਨੂੰ ਪ੍ਰਦਰਸ਼ਨ ਬਾਰੇ ਆਪਣੀਆਂ ਚਿੰਤਾਵਾਂ ਨੂੰ ਦੂਰ ਕਰਨ ਦੀ ਇਜਾਜ਼ਤ ਦੇ ਸਕਦੀਆਂ ਹਨ, ਅਤੇ ਉਹ ਤਣਾਅ ਅਤੇ ਚਿੰਤਾ ਦਾ ਪ੍ਰਬੰਧਨ ਕਰਨ ਵਿੱਚ ਆਪਣਾ ਸਮਾਂ ਬਰਬਾਦ ਕਰਨ ਤੋਂ ਬਚ ਸਕਦੇ ਹਨ। ਨਿਸ਼ਚਿਤ ਤੌਰ 'ਤੇ ਕੁਝ ਚਾਲਾਂ ਜੇਈਈ ਮੇਨ 2024 ਦੀਆਂ ਪ੍ਰੀਖਿਆਵਾਂ ਦਿੰਦੇ ਸਮੇਂ ਪ੍ਰੀਖਿਆ-ਪ੍ਰੇਰਿਤ ਤਣਾਅ ਅਤੇ ਚਿੰਤਾ ਦਾ ਪ੍ਰਬੰਧਨ ਕਰਨ ਲਈ ਉਮੀਦਵਾਰਾਂ ਦੀ ਮਦਦ ਕਰਦੀਆਂ ਹਨ:

**1.** ਆਪਣਾ ਟੀਚਾ ਅਤੇ ਕਾਰਜ ਯੋਜਨਾ ਦਾ ਫੈਸਲਾ ਕਰੋ ਆਪਣੀ ਤਿਆਰੀ ਦਾ ਮੌਜੂਦਾ ਪੱਧਰ ਦੇਖੋ ਅਤੇ ਫੈਸਲਾ ਕਰੋ ਕਿ ਤੁਸੀਂ ਅਗਲੇ 30 ਦਿਨਾਂ ਦੌਰਾਨ ਕਿੰਨਾ ਸੁਧਾਰ ਪ੍ਰਾਪਤ ਕਰ ਸਕਦੇ ਹੋ। ਇੱਕ ਵਿਹਾਰਕ ਟੀਚਾ ਬਣਾਓ ਅਤੇ ਫਿਰ ਇਸਨੂੰ ਪ੍ਰਾਪਤ ਕਰਨ ਲਈ ਕਾਰਜ ਯੋਜਨਾ ਦਾ ਫੈਸਲਾ ਕਰੋ। ਦੇਖੋ ਕਿ ਤੁਹਾਨੂੰ ਰੋਜ਼ਾਨਾ ਹਰੇਕ ਵਿਸ਼ੇ 'ਤੇ ਕਿੰਨਾ ਸਮਾਂ ਬਿਤਾਉਣ ਦੀ ਲੋੜ ਹੈ। ਇਸ 'ਤੇ ਬਣੇ ਰਹਿਣ ਲਈ ਆਪਣੇ ਆਪ ਨਾਲ ਇਕ ਇਮਾਨਦਾਰ ਵਾਅਦਾ ਕਰੋ ਅਤੇ ਇਸ ਨੂੰ ਸੰਪੂਰਨ ਬਣਾਉਣ ਲਈ ਆਪਣੀ ਸਮਾਂ-ਸਾਰਣੀ ਦੀ ਪਾਲਣਾ ਕਰੋ। ਜੇਕਰ ਤੁਸੀਂ ਪੂਰੀ ਇਕਾਗਰਤਾ ਨਾਲ ਆਪਣੀ ਯੋਜਨਾ ਦਾ ਲਗਾਤਾਰ ਪਾਲਣ ਕਰਦੇ ਹੋ, ਤਾਂ ਤੁਹਾਡੇ ਕੋਲ ਚਿੰਤਾ ਦਾ ਸਮਾਂ ਨਹੀਂ ਹੋਵੇਗਾ।

**2.** ਸੰਸ਼ੋਧਨ ਅਤੇ ਅਭਿਆਸ ਦਾ ਸਹੀ ਮਿਸ਼ਰਣ ਰੋਜ਼ਾਨਾ ਇੱਕ ਮੌਕ ਪੇਪਰ ਦੀ ਕੋਸ਼ਿਸ਼ ਕਰੋ। ਇਹ ਪਿਛਲੇ ਸਾਲ ਦਾ ਜੇਈਈ ਮੇਨ ਪੇਪਰ ਹੋ ਸਕਦਾ ਹੈ। ਇਨ੍ਹਾਂ ਪੇਪਰਾਂ ਨੂੰ ਜੇਈਈ ਦੇ ਸਹੀ ਸਮੇਂ ਯਾਨੀ ਸਵੇਰੇ 9 ਵਜੇ ਤੋਂ 12 ਵਜੇ ਅਤੇ ਦੁਪਹਿਰ 3.00 ਤੋਂ ਸ਼ਾਮ 6 ਵਜੇ ਤੱਕ ਕੋਸ਼ਿਸ਼ ਕਰੋ। ਪੇਪਰ ਦੀ ਕੋਸ਼ਿਸ਼ ਕਰਨ ਤੋਂ ਬਾਅਦ, ਆਪਣੀਆਂ ਗਲਤੀਆਂ ਨੂੰ ਦੇਖੋ ਅਤੇ ਸ਼੍ਰੇਣੀਬੱਧ ਕਰੋ। ਧਿਆਨ ਦੀ ਘਾਟ, ਪ੍ਰਸ਼ਨਾਂ ਦੀ ਗਲਤ ਰੀਡਿੰਗ ਆਦਿ ਕਾਰਨ ਤੁਸੀਂ ਕਿੰਨੀਆਂ ਗਲਤੀਆਂ ਕੀਤੀਆਂ ਹਨ, ਅਤੇ ਦੇਖੋ ਕਿ ਤੁਹਾਨੂੰ ਕਿਹੜੇ ਵਿਸ਼ਿਆਂ ਵਿੱਚ ਵਧੇਰੇ ਸੋਧਾਂ ਦੀ ਲੋੜ ਹੈ। ਬਾਕੀ ਦਿਨ ਲਈ ਆਪਣੀਆਂ ਸੰਸ਼ੋਧਨ ਯੋਜਨਾਵਾਂ ਬਣਾਓ ਅਤੇ ਉਹਨਾਂ ਨੂੰ ਲਾਗੂ ਕਰੋ। ਬਾਰ ਬਾਰ ਉਸੇ ਵਿਧੀ ਦੀ ਪਾਲਣਾ ਕਰੋ। ਇਹ ਤੁਹਾਨੂੰ ਸੁਧਾਰ ਦਾ ਸਹੀ ਰਸਤਾ ਦੇਵੇਗਾ।



**3.** ਢੁਕਵੀਂ ਗਤੀ ਨਾਲ ਸੰਸ਼ੋਧਨ ਕਰੋ ਅਤੇ ਛੋਟੇ ਨੋਟ ਬਣਾਓ ਆਪਣੇ ਕੰਮ ਦੀ ਗਤੀ ਨੂੰ ਮਾਪਣ ਲਈ ਹਮੇਸ਼ਾ ਇੱਕ ਸਟਾਪ ਕਲਾਕ ਲਗਾਓ। ਇਹ ਉਹ ਘੰਟੇ ਨਹੀਂ ਹਨ ਜੋ ਤੁਸੀਂ ਅਧਿਐਨ ਕਰਨ ਵਿੱਚ ਬਿਤਾ ਰਹੇ ਹੋ; ਇਹ ਸਮੇਂ ਦੀ ਪ੍ਰਤੀ ਯੂਨਿਟ ਆਉਟਪੁੱਟ ਹੈ। ਜਦੋਂ ਤੁਸੀਂ ਇਸ ਨੂੰ ਸਾਵਧਾਨੀ ਨਾਲ ਦੇਖਣਾ ਸ਼ੁਰੂ ਕਰਦੇ ਹੋ, ਤਾਂ ਕੁਦਰਤੀ ਤੌਰ 'ਤੇ ਤੁਹਾਡੀ ਰੀਵਿਜ਼ਨ ਦੀ ਗਤੀ ਵਿੱਚ ਸੁਧਾਰ ਹੋਵੇਗਾ, ਅਤੇ ਨਿਰਧਾਰਤ ਸਮੇਂ 'ਤੇ ਡੀ-ਡੇ 'ਤੇ ਫਾਈਨਲ ਪੇਪਰ ਦੀ ਕੋਸ਼ਿਸ਼ ਕਰਨਾ ਬਹੁਤ ਮਹੱਤਵਪੂਰਨ ਹੈ।

**4.** ਆਰਾਮ ਕਰਨ ਦੀਆਂ ਤਕਨੀਕਾਂ ਦਾ ਅਭਿਆਸ ਕਰੋ (ਕੁਝ ਧਿਆਨ ਅਤੇ ਯੋਗਾ ਦਾ ਪਾਲਣ ਕਰੋ) ਆਰਾਮ ਦੀਆਂ ਤਕਨੀਕਾਂ ਜਿਵੇਂ ਕਿ ਡੂੰਘੇ ਸਾਹ, ਧਿਆਨ ਅਤੇ ਯੋਗਾ ਪ੍ਰੀਖਿਆ ਦੇ ਤਣਾਅ ਅਤੇ ਚਿੰਤਾ ਨੂੰ ਘਟਾਉਣ ਵਿੱਚ ਮਦਦ ਕਰ ਸਕਦੇ ਹਨ। ਇਹ ਤਕਨੀਕਾਂ ਮਨ ਨੂੰ ਸ਼ਾਂਤ ਕਰਨ ਅਤੇ ਫੋਕਸ ਵਧਾਉਣ ਵਿੱਚ ਮਦਦ ਕਰਦੀਆਂ ਹਨ, ਜਿਸ ਨਾਲ ਵਿਦਿਆਰਥੀਆਂ ਨੂੰ ਬਿਹਤਰ ਧਿਆਨ ਕੇਂਦਰਿਤ ਕਰਨ ਅਤੇ ਉਹਨਾਂ ਦੀਆਂ ਕਾਬਲੀਅਤਾਂ ਦਾ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਮਿਲਦੀ ਹੈ। ਇਸ ਤੋਂ ਇਲਾਵਾ, ਇਹਨਾਂ ਤਕਨੀਕਾਂ ਦਾ ਨਿਯਮਿਤ ਤੌਰ 'ਤੇ ਅਭਿਆਸ ਕਰਨਾ ਵੀ ਲਚਕੀਲਾਪਣ ਬਣਾਉਣ ਅਤੇ ਸਮੁੱਚੀ ਤੰਦਰੁਸਤੀ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਸਕਦਾ ਹੈ।

**5.** ਕਾਫ਼ੀ ਨੀਂਦ ਲਓ ਸਰਵੋਤਮ ਪ੍ਰਦਰਸ਼ਨ ਅਤੇ ਸਮੁੱਚੀ ਤੰਦਰੁਸਤੀ ਲਈ ਲੋੜੀਂਦੀ ਨੀਂਦ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ। ਨੀਂਦ ਦੀ ਕਮੀ ਕਾਰਨ ਥਕਾਵਟ, ਚਿੜਚਿੜਾਪਨ, ਅਤੇ ਮਾੜੀ ਇਕਾਗਰਤਾ ਹੋ ਸਕਦੀ ਹੈ, ਜੋ ਪ੍ਰੀਖਿਆ ਦੇ ਪ੍ਰਦਰਸ਼ਨ ਨੂੰ ਰੋਕ ਸਕਦੀ ਹੈ। ਘੱਟੋ-ਘੱਟ 7-8 ਘੰਟੇ ਲੈਣ ਦਾ ਟੀਚਾ ਰੱਖੋਪ੍ਰਤੀ ਰਾਤ ਨੀਂਦ ਅਤੇ ਇੱਕ ਨਿਰੰਤਰ ਨੀਂਦ-ਜਾਗਣ ਦੇ ਚੱਕਰ ਨੂੰ ਬਣਾਈ ਰੱਖੋ।

**6.** ਹਾਈਡਰੇਟਿਡ ਰਹੋ ਅਤੇ ਇੱਕ ਸਿਹਤਮੰਦ ਖੁਰਾਕ ਬਣਾਈ ਰੱਖੋ ਹਾਈਡਰੇਟਿਡ ਰਹਿਣਾ ਅਤੇ ਸਿਹਤਮੰਦ ਭੋਜਨ ਖਾਣਾ ਇਕਾਗਰਤਾ, ਯਾਦਦਾਸ਼ਤ ਅਤੇ ਸਮੁੱਚੀ ਤੰਦਰੁਸਤੀ ਨੂੰ ਵਧਾਉਣ ਵਿੱਚ ਮਦਦ ਕਰ ਸਕਦਾ ਹੈ। ਡੀਹਾਈਡਰੇਸ਼ਨ ਕਾਰਨ ਥਕਾਵਟ, ਚੱਕਰ ਆਉਣੇ, ਅਤੇ ਮਾੜੀ ਇਕਾਗਰਤਾ ਹੋ ਸਕਦੀ ਹੈ, ਜਦੋਂ ਕਿ ਗੈਰ-ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਪਾਚਨ ਸੰਬੰਧੀ ਸਮੱਸਿਆਵਾਂ ਅਤੇ ਸਮੁੱਚੀ ਤੰਦਰੁਸਤੀ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਬਹੁਤ ਸਾਰਾ ਪਾਣੀ ਪੀਣ ਅਤੇ ਫਲਾਂ, ਸਬਜ਼ੀਆਂ, ਸਾਬਤ ਅਨਾਜ ਅਤੇ ਘੱਟ ਪ੍ਰੋਟੀਨ ਨਾਲ ਭਰਪੂਰ ਸੰਤੁਲਿਤ ਖੁਰਾਕ ਖਾਣ ਦਾ ਟੀਚਾ ਰੱਖੋ।

**7.** ਸਲਾਹਕਾਰਾਂ ਅਤੇ ਕੋਚਿੰਗ ਦੇ ਸੰਪਰਕ ਵਿੱਚ ਰਹੋ ਤਜਰਬੇਕਾਰ ਫੈਕਲਟੀ ਮੈਂਬਰ/ਵਿਸ਼ਾ ਮਾਹਿਰ ਗਿਆਨ ਅਤੇ ਮੁਹਾਰਤ ਦਾ ਭੰਡਾਰ ਲਿਆਉਂਦੇ ਹਨ। ਉਹਨਾਂ ਦਾ ਮਾਰਗਦਰਸ਼ਨ ਵਿਦਿਆਰਥੀਆਂ ਨੂੰ ਗੁੰਝਲਦਾਰ ਸੰਕਲਪਾਂ ਨੂੰ ਨੈਵੀਗੇਟ ਕਰਨ ਵਿੱਚ ਮਦਦ ਕਰ ਸਕਦਾ ਹੈ, ਉਹ ਸੂਝ ਪ੍ਰਦਾਨ ਕਰਦਾ ਹੈ ਜੋ ਇਕੱਲੇ ਸਵੈ-ਅਧਿਐਨ ਦੁਆਰਾ ਸਮਝਣਾ ਚੁਣੌਤੀਪੂਰਨ ਹੋ ਸਕਦਾ ਹੈ। ਸਬੰਧਤ ਵਿਸ਼ਿਆਂ ਅਤੇ ਵਿਸ਼ਿਆਂ ਵਿੱਚ ਆਪਣੇ ਸ਼ੰਕਿਆਂ ਅਤੇ ਕਮਜ਼ੋਰ ਖੇਤਰਾਂ ਬਾਰੇ ਚਰਚਾ ਕਰੋ। ਉਨ੍ਹਾਂ ਦੇ ਅਨਮੋਲ ਸੁਝਾਵਾਂ ਅਤੇ ਚਾਲਾਂ ਨੂੰ ਸਮਝੋ। ਉਨ੍ਹਾਂ ਦੇ ਸੁਝਾਵਾਂ ਦੀ ਪਾਲਣਾ ਕਰੋ, ਜਿਵੇਂ ਕਿ ਦਵਾਈ।

**8.** ਆਪਣੇ ਆਪ ਨੂੰ ਸੂਚਿਤ ਅਤੇ ਅੱਪਡੇਟ ਰੱਖੋ ਇਮਤਿਹਾਨ ਦੇ ਫਾਰਮੈਟ, ਸਿਲੇਬਸ ਅਤੇ ਮਹੱਤਵਪੂਰਨ ਤਾਰੀਖਾਂ ਬਾਰੇ ਸੂਚਿਤ ਅਤੇ ਅੱਪਡੇਟ ਰਹਿਣਾ ਵੀ ਤਣਾਅ ਅਤੇ ਚਿੰਤਾ ਨੂੰ ਕਾਫ਼ੀ ਹੱਦ ਤੱਕ ਘੱਟ ਕਰ ਸਕਦਾ ਹੈ। ਪਹਿਲਾਂ ਤੋਂ ਇਹ ਜਾਣਨਾ ਕਿ ਕੀ ਉਮੀਦ ਕਰਨੀ ਹੈ, ਵਿਦਿਆਰਥੀਆਂ ਨੂੰ ਬਿਹਤਰ ਤਿਆਰੀ ਕਰਨ ਅਤੇ ਵਧੇਰੇ ਆਤਮ-ਵਿਸ਼ਵਾਸ ਅਤੇ ਕੰਟਰੋਲ ਵਿੱਚ ਮਹਿਸੂਸ ਕਰਨ ਵਿੱਚ ਮਦਦ ਕਰ ਸਕਦਾ ਹੈ। ਇਸ ਦੇ ਲਈ ਵਿਦਿਆਰਥੀਆਂ ਨੂੰ ਭਰੋਸੇਯੋਗ ਸਰੋਤਾਂ ਜਿਵੇਂ ਕਿ ਅਧਿਕਾਰਤ ਵੈੱਬਸਾਈਟਾਂ ਅਤੇ ਭਰੋਸੇਯੋਗ ਖ਼ਬਰਾਂ ਦੇ ਸਰੋਤਾਂ ਰਾਹੀਂ ਅਪਡੇਟ ਰਹਿਣਾ ਚਾਹੀਦਾ ਹੈ। ਇਹ ਯਾਦ ਰੱਖਣਾ ਵੀ ਮਹੱਤਵਪੂਰਨ ਹੈ ਕਿ ਜੇਈਈ ਮੇਨ ਇਮਤਿਹਾਨ ਤੁਹਾਡੇ ਅਕਾਦਮਿਕ ਸਫ਼ਰ ਵਿੱਚ ਸਿਰਫ਼ ਇੱਕ ਕਦਮ ਹੈ, ਅਤੇ ਸਫਲਤਾ ਸਿਰਫ਼ ਉੱਚੇ ਅੰਕ ਪ੍ਰਾਪਤ ਕਰਨ ਬਾਰੇ ਨਹੀਂ ਹੈ, ਸਗੋਂ ਸਿੱਖਣ ਅਤੇ ਨਿੱਜੀ ਵਿਕਾਸ ਬਾਰੇ ਵੀ ਹੈ।

**9. ਨਵੀਨਤਮ ਅਧਿਐਨ ਸਮੱਗਰੀ ਦੀ ਕੁਸ਼ਲਤਾ** ਅਤੇ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ ਕਰੋ ਸੰਯੁਕਤ ਪ੍ਰਵੇਸ਼ ਪ੍ਰੀਖਿਆ (ਜੇਈਈ) ਦੀ ਸਫਲਤਾਪੂਰਵਕ ਤਿਆਰੀ ਕਰਨ ਵਿੱਚ ਉਮੀਦਵਾਰਾਂ ਦੀ ਮਦਦ ਕਰਨ ਵਿੱਚ ਅਧਿਐਨ ਸਮੱਗਰੀ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਆਪਣੀਆਂ ਤਿਆਰੀਆਂ ਦੌਰਾਨ ਤੁਹਾਡੇ ਦੁਆਰਾ ਤਿਆਰ ਕੀਤੇ ਨੋਟਸ ਨੂੰ ਪੜ੍ਹੋ, ਤੇਜ਼ ਸੰਸ਼ੋਧਨ ਅਤੇ ਯਾਦਦਾਸ਼ਤ ਲਈ ਛੋਟੇ ਨੋਟ ਬਣਾਓ, ਐਨਸੀਈਆਰਟੀ ਦੀਆਂ ਕਿਤਾਬਾਂ ਦਾ ਵਿਸਥਾਰ ਨਾਲ ਅਧਿਐਨ ਕਰੋ, ਅਤੇ ਉਹਨਾਂ ਨੂੰ 3 ਵਾਰ ਸੋਧੋ।

**10. ਸਕਾਰਾਤਮਕ ਰਹੋ ਅਤੇ ਪ੍ਰੇਰਿਤ ਰਹੋ:** ਇੱਕ ਸਕਾਰਾਤਮਕ ਰਵੱਈਆ ਅਤੇ ਮਜ਼ਬੂਤ ਇਰਾਦਾ ਵਿਦਿਆਰਥੀਆਂ ਨੂੰ ਪ੍ਰੀਖਿਆ ਦੇ ਦਬਾਅ ਅਤੇ ਚਿੰਤਾ ਨੂੰ ਦੂਰ ਕਰਨ ਵਿੱਚ ਮਦਦ ਕਰਨ ਵਿੱਚ ਇੱਕ ਲੰਮਾ ਸਫ਼ਰ ਤੈਅ ਕਰ ਸਕਦਾ ਹੈ। ਆਪਣੇ ਆਪ ਅਤੇ ਆਪਣੀਆਂ ਕਾਬਲੀਅਤਾਂ ਵਿੱਚ ਵਿਸ਼ਵਾਸ ਰੱਖੋ ਅਤੇ ਪ੍ਰੇਰਿਤ ਰਹੋ ਅਤੇ ਆਪਣੇ ਟੀਚਿਆਂ 'ਤੇ ਕੇਂਦ੍ਰਿਤ ਰਹੋ। ਯਾਦ ਰੱਖੋ ਇਹ ਤੁਹਾਡੀ ਜ਼ਿੰਦਗੀ ਦੀ ਆਖਰੀ ਪ੍ਰੀਖਿਆ ਨਹੀਂ ਹੈ। ਇਹ ਇਮਤਿਹਾਨ ਤੁਹਾਨੂੰ ਜੀਵਨ ਵਿੱਚ ਮਜ਼ਬੂਤ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਸਮਰੱਥ ਬਣਾਵੇਗਾ, ਜੋ ਵੀ ਸਫਲਤਾ ਤੁਸੀਂ ਇਸ ਪ੍ਰੀਖਿਆ ਰਾਹੀਂ ਪ੍ਰਾਪਤ ਕਰੋਗੇ।

# ਸ਼ਹੀਦ ਭਾਈ ਧੱਕੜ ਸਿੰਘ ਰੰਘਰੇਟਾ

ਸਿੱਖ ਇਤਿਹਾਸ ਦੀ ਸਿਰਜਣਾ ਲਈ ਰੰਘਰੇਟਿਆਂ ਅਥਵਾ ਮਜ਼੍ਹਬੀ ਸਿੱਖਾਂ ਦਾ ਵੱਡਮੁੱਲਾ ਯੋਗਦਾਨ ਰਿਹਾ ਹੈ। ਸਿੱਖ ਪੰਥ ਦੀ ਉਸਾਰੀ ਲਈ ਉਹਨਾਂ ਨੇ ਲਾਸਾਨੀ ਕੁਰਬਾਨੀਆਂ ਦਿੱਤੀਆਂ, ਬੇਥਾਹ ਖ਼ੂਨ ਡੋਲ੍ਹਿਆ। ਪੰਜਾਬ ਦੀ ਚੱਪਾ ਚੱਪਾ ਧਰਤੀ ਰੰਘਰੇਟੇ ਸਿੱਖਾਂ ਦੇ ਖ਼ੂਨ ਨਾਲ ਲਬਰੇਜ਼ ਹੈ। ਸਿੱਖਾਂ ਦੀਆਂ ਬੀਰ ਗਾਥਾਵਾਂ ਵਿਚੋਂ ਭਾਈ ਧੱਕੜ ਸਿੰਘ ਜੀ ਦੀ ਬੀਰ ਗਾਥਾ ਬੇਮਿਸਾਲ ਹੈ। ਜਥੇਦਾਰ ਧੱਕੜ ਸਿੰਘ ਪਿੰਡ ਆਰਿਫ਼ ਕੇ ਜ਼ਿਲ੍ਹਾ ਫਿਰੋਜ਼ਪੁਰ ਦੇ ਵਸਨੀਕ ਸਨ। ਮੱਸੇ ਰੰਗੜ ਦਾ ਸਿਰ ਵੱਢ ਕੇ ਲਿਆਉਣ ਵਾਲੇ ਪ੍ਰਸੰਗ ਵਿੱਚ ਮੀਰਾਂ ਕੋਟੀ ਮਹਿਤਾਬ ਸਿੰਘ ਤੇ ਮਾੜੀ ਕੰਬੋ ਕੇ ਦੇ ਸੁੱਖਾ ਸਿੰਘ ਦਾ ਜ਼ਿਕਰ ਤਾਂ ਇਤਿਹਾਸ ਵਿੱਚ ਵੇਰਵੇ ਸਹਿਤ ਦਰਜ ਹੈ ਪਰ ਉਨ੍ਹਾਂ ਦੇ ਨਾਲ ਹੀ ਜਥੇਦਾਰ ਧੱਕੜ ਸਿੰਘ ਦੀ ਬੇਮਿਸਾਲ ਕੁਰਬਾਨੀ ਅਤੇ ਗੁਰੂ ਘਰ ਦੀ ਸੇਵਾ ਲਈ ਪਾਏ ਵੱਡਮੁੱਲੇ ਯੋਗਦਾਨ ਪ੍ਰਤੀ ਇਤਿਹਾਸਕਾਰਾਂ ਨੇ ਚੁੱਪ ਵੱਟੀ ਰੱਖੀ।

1740 ਈ: ਨੂੰ ਜਦੋਂ ਜ਼ਕਰੀਆ ਖਾਨ ਲਹੌਰ ਦਾ ਗਵਰਨਰ ਬਣਿਆ ਤਾਂ ਉਸ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੀ ਠਾਣ ਲਈ। ਫੌਜ ਦੀਆਂ ਗਸ਼ਤੀ ਟੁਕੜੀਆਂ ਤੈਨਾਤ ਕਰ ਦਿੱਤੀਆਂ ਗਈਆਂ। ਲੱਭ ਲੱਭ ਕੇ ਸਿੱਖਾਂ ਦੇ ਕਤਲ ਕੀਤੇ ਜਾਣ ਲੱਗੇ। ਸਿੱਖਾਂ ਦੇ ਸਿਰਾਂ ਦਾ ਮੁੱਲ ਪਾਇਆ ਜਾਣ ਲੱਗਾ। ਪੱਤਾ ਪੱਤਾ ਸਿੱਖਾਂ ਦਾ ਵੈਰੀ ਬਣ ਗਿਆ। ਸਿੱਖਾਂ ਦੇ ਸਿਰਾਂ ਦਾ ਸ਼ਿਕਾਰ ਇਕ ਲਾਹੇਵੰਦ ਵਿਹਾਰ ਬਣ ਗਿਆ। ਸਿੱਖਾਂ ਦੀ ਖੋਜ ਖ਼ਬਰ ਲਈ ਸੂਹੀਏ ਛੱਡੇ ਗਏ। ਅਜਿਹੇ ਜੁਗ ਗਰਦੀ ਦੇ ਦਹਿਸ਼ਤ ਭਰੇ ਮਹੌਲ ਵਿੱਚ ਸਿੱਖ ਜੰਗਲਾਂ ਵਿਚ ਜਾਂ ਰਾਜਸਥਾਨ ਦੇ ਰੇਗਿਸਤਾਨ ਵਿਚ ਚਲੇ ਗਏ। ਹਾਕਮ ਵਲੋਂ ਮੰਡਿਆਲਾ ਵਾਲੇ ਮੱਸੇ ਰੰਗੜ ਨੂੰ ਖੁੱਲ੍ਹੀ ਛੁੱਟੀ ਦੇ ਰੱਖੀ ਸੀ। ਮੱਸੇ ਰੰਗੜ ਨੇ ਜੰਡਿਆਲਾ ਦੇ ਹਰਿਭਗਤ ਨਿਰੰਜਣੀਏ, ਕਰਮੇ ਛੀਨੇ, ਤਲਵੰਡੀ ਦੇ ਰਾਮੇ ਰੰਧਾਵੇ, ਨੌਸ਼ਹਿਰਾ ਡੱਲਾ ਦੇ ਸਾਹਿਬ ਰਾਏ ਸੰਧੂ,ਜੋਧਪੁਰ ਤੇ ਮਜੀਠਾ ਦੇ ਬੜੇ ਨਾਮੀ ਤੱਅਲਕੇਦਾਰ ਚੌਧਰੀ ਚੁੱਗਲੀਆਂ ਕਰਕੇ ਸਿੱਖਾਂ ਨੂੰ ਹਮੇਸ਼ਾਂ ਫੜਵਾਉਂਦੇ,ਮਰਵਾਉਂਦੇ ਤੇ ਇਨਾਮ ਇੱਜ਼ਤ ਪ੍ਰਾਪਤ ਕਰ ਕੇ ਹਕੂਮਤ ਦੀ ਨਜ਼ਰਾਂ ਵਿੱਚ ਹਮੇਸ਼ਾ ਚੰਗੇ ਬਣੇ ਰਹਿੰਦੇ ਸਨ। ਸਿੱਖਾਂ ਲਈ ਇਹ ਬੜਾ ਬਿਖਮ ਤੇ ਕਸ਼ਟਾਂ ਭਰਿਆ ਸਮਾਂ ਸੀ।



ਲਾਲ ਸਿੰਘ ਸੁਲਹਾਣੀ
91-98721-55120

ਇਸ ਸਮੇਂ ਮੱਸੇ ਰੰਗੜ ਨੇ ਦਰਬਾਰ ਸਾਹਿਬ ਵਿਖੇ ਪਲੰਘ ਡਾਹਕੇ ਕੰਜਰੀਆਂ ਦੇ ਨਾਚ ਕਰਵਾਉਣੇ ਸ਼ੁਰੂ ਕਰ ਦਿੱਤੇ ਤੇ ਠਾਠ ਨਾਲ ਹੁੱਕਾ ਪੀਣ ਲੱਗ ਪਿਆ। ਜਥੇਦਾਰ ਧੱਕੜ ਸਿੰਘ ਵੀ ਉਦੋਂ ਹੋਰ ਸਿੰਘਾਂ ਸਮੇਤ ਬੁੱਢਾ ਜੌਹੜ (ਰਾਜਸਥਾਨ ) ਵਿੱਚ ਹੀ ਸੀ। ਇਕ ਦਿਨ ਉਸ ਦੇ ਦਿਲ ਵਿੱਚ ਅਚਾਨਕ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨਾਂ ਦੀ ਸਿੱਕ ਜਾਗ ਪਈ ਤੇ ਉਹ ਬਿਨਾਂ ਕੁਝ ਦੱਸੇ ਅਚਾਨਕ ਗਾਇਬ ਹੋ ਗਿਆ। ਉਹ ਸਰਪੱਟ ਘੋੜਾ ਦੌੜਾ ਕੇ ਜਦੋਂ ਰਾਤ ਸਮੇਂ ਦਰਬਾਰ ਸਾਹਿਬ ਦੇ ਪਾਸ ਪੁੱਜਿਆ ਤਾਂ ਉਹ ਅੰਦਰ ਦਾ ਦਿਲ ਕੰਬਾਊ ਦ੍ਰਿਸ਼ ਦੇਖ ਕੇ ਦੰਗ ਰਹਿ ਗਿਆ। ਉਹ ਨੇ ਦਰਸ਼ਨੀ ਡਿਉੜੀ ਤੋਂ ਹੀ ਨਮਸਕਾਰ ਕੀਤੀ। ਉਹ ਇਸ ਸਸ਼ੋਪੰਜ ਵਿਚ ਸੀ ਕਿ ਕੀ ਕੀਤਾ ਜਾਵੇ? ਉਹਨੇ ਸੋਚਿਆ ਕਿ ਜੇ ਉਹ ਜਾਬਰਾਂ ਨਾਲ ਟੱਕਰ ਲੈਕੇ ਏਥੇ ਇਕੱਲਾ ਸ਼ਹੀਦ ਹੋ ਗਿਆ ਤਾਂ ਪੰਥ ਦੇ ਜਥੇਦਾਰਾਂ ਨੂੰ ਇਸ ਦੀ ਖ਼ਬਰ ਤੱਕ ਨਹੀਂ ਹੋਵੇਗੀ। ਉਸ ਨੇ ਮੱਸੇ ਰੰਗੜ ਦੇ ਖਾਨਦਾਨ ਨੂੰ ਸੋਧਣ ਦਾ ਸੰਕਲਪ ਲੈਂਦਿਆਂ ਵਾਪਿਸ ਬੁੱਢਾ ਜੌਹੜ ਜਾਣ ਦਾ ਫੈਸਲਾ ਕਰ ਲਿਆ। ਜਥੇਦਾਰ ਧੱਕੜ ਸਿੰਘ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਹੋ ਰਹੇ ਉਪੱਧਰ ਤੇ ਮੱਸੇ ਰੰਗੜ ਦੀ ਕਰਤੂਤ ਬਾਰੇ ਦੁਖੀ ਹਿਰਦੇ ਨਾਲ ਸਾਰੀ ਅੱਖੀਂ ਡਿੱਠੀ ਵਾਰਤਾ ਜਾ ਸੁਣਾਈ।ਇਸ ਸਮੇਂ ਭਾਈ ਬਲਾਕਾ ਸਿੰਘ ਜੀ ਵੀ ਦਰਬਾਰ ਸਾਹਿਬ ਦਾ ਹਾਲ ਹਵਾਲ ਦੱਸਣ ਲਈ ਪੁੱਜ ਚੁੱਕੇ ਸਨ। ਜਿਸ ਨੂੰ ਜਾਣ ਕੇ ਖਾਲਸਾ ਪੰਥ ਤਿਲਮਿਲਾ ਉਠਿਆ। ਪੰਥ ਦੇ ਜਥੇਦਾਰ ਬੁੱਢਾ ਸਿੰਘ ਨੇ ਸਿੰਘਾਂ ਨੂੰ ਮੱਸੇ ਰੰਗੜ ਦਾ ਸਿਰ ਵੱਢ ਕੇ ਲਿਆਉਣ ਲਈ ਵੰਗਾਰਿਆ। ਭਾਈ ਮਹਿਤਾਬ ਸਿੰਘ ਮੀਰਾਂ ਕੋਟੀਆ ਤੇ ਭਾਈ ਸੁੱਖਾ ਸਿੰਘ ਮਾੜੀ ਕੰਬੋ ਕੀ ਇਸ ਵੰਗਾਰ ਲਈ ਨਿੱਤਰੇ। ਤਾਂ ਜਥੇਦਾਰ ਧੱਕੜ ਸਿੰਘ ਨੇ ਕਿਹਾ ਕਿ ਖਾਲਸਾ ਜੀ! ਇਹ ਸੰਕਲਪ ਤਾਂ ਉਹ ਪਹਿਲਾਂ ਹੀ ਕਰ ਚੁੱਕਾ ਹੈ ਪ੍ਰੰਤੂ ਆਪਣਾ ਸੰਕਲਪ ਪੂਰਾ ਹੋਣ ਤੋਂ ਪਹਿਲਾਂ ਉਹ ਖਾਲਸਾ ਪੰਥ ਨੂੰ ਸਾਰੇ ਵਾਕਿਆਤ ਤੋਂ ਜਾਣੂ ਕਰਵਾਉਣਾ ਚਾਹੁੰਦਾ ਸੀ। ਭਾਈ ਮਹਿਤਾਬ ਸਿੰਘ ਨੇ ਕਿਹਾ ਕਿ ਉਹ ਸਾਰੀ ਸੰਗਤ ਦੇ ਸਨਮੁੱਖ ਇਹ ਪ੍ਰਣ ਕਰ ਚੁੱਕੇ ਹਨ। ਅਖੀਰ ਫੈਸਲਾ ਇਹ ਹੋਇਆ ਕਿ ਤਿੰਨੇ ਸਿੰਘ ਪੰਜਾਬ ਜਾਣਗੇ। ਮੱਸੇ ਰੰਗੜ ਦਾ ਸਿਰ ਵੱਢ ਕੇ ਲਿਆਉਣ ਦਾ ਆਪਣਾ ਪ੍ਰਣ ਭਾਈ ਮਹਿਤਾਬ ਸਿੰਘ ਤੇ ਭਾਈ ਸੁੱਖਾ ਸਿੰਘ ਨਿਭਾਉਣਗੇ ਤੇ ਜਥੇਦਾਰ ਧੱਕੜ ਸਿੰਘ ਅੰਮ੍ਰਿਤਸਰ ਦੇ ਆਲੇ ਦੁਆਲੇ ਦੇ ਸਿੰਘਾਂ ਨੂੰ ਆਉਣ ਵਾਲੇ \ਕਸ਼ਟ-ਮਈ ਸਮੇਂ ਦੀ ਸੂਚਨਾ ਦੇਣਗੇ, ਮੱਸੇ ਰੰਗੜ ਦੇ ਖਾਨਦਾਨ ਦਾ ਖਾਤਮਾ ਕਰਨ ਦੇ ਨਾਲ ਨਾਲ ਭਾਈ ਮਹਿਤਾਬ ਸਿੰਘ ਦੇ 7-8 ਵਰ੍ਹਿਆਂ ਦੇ ਪੁੱਤਰ ਰਾਇ ਸਿੰਘ ਨੂੰ ਨੱਥੇ ਖਹਿਰੇ ਪੈਂਚ ਪਾਸੋਂ ਲਿਆਉਣ ਦੀ ਸੇਵਾ ਵੀ ਨਿਭਾਉਣਗੇ। ਇਸ ਸਮੇਂ ਨੂੰ ਇਤਿਹਾਸਕਾਰ ਸ:ਰਤਨ ਸਿੰਘ ਭੰਗੂ ਇਉਂ ਬਿਆਨ ਕਰਦੇ ਹਨ-

ਮਤਾਬ ਸਿੰਘ ਸੁਣ ਗੁੱਸਾ ਖਾਯਾ,
ਜਨ ਕਰ ਬਿਛੂ ਡੰਗ ਚਲਾਯਾ।
ਕਹਯੋ ਉਹਾਂ ਸਿੰਘ ਕੋ ਨਾਹੀਂ,
ਸੀਸ ਨਾ ਤਾਂ ਕੋ ਤੋੜਯੋ ਤਾਂਹੀ।
(ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ 236)

ਅੰਮ੍ਰਿਤਸਰ ਦੇ ਨਜ਼ਦੀਕ ਪੁੱਜ ਕੇ ਭਾਈ ਮਹਿਤਾਬ ਸਿੰਘ ਤੇ ਭਾਈ ਸੁੱਖਾ ਸਿੰਘ ਨੇ ਇਕ ਪੁਰਾਣੇ ਥੇਹ ਤੋਂ ਠੀਕਰੀਆਂ ਇਕੱਠੀਆਂ ਕਰਕੇ ਥੈਲੀ ਵਿਚ ਭਰ ਲਈਆਂ। ਕੇਸ ਪਿਛਾਂਹ ਸੁੱਟ ਲਏ। ਚੌਧਰੀ ਨੰਬਰਦ-ਾਰਾਂ ਵਾਂਗ ਭੇਸ ਬਣਾ ਲਿਆ। ਇਉਂ ਦਿਸਣ ਲੱਗੇ ਜਿਵੇਂ ਕੋਈ ਚੌਧਰੀ ਨੰਬਰਦਾਰ ਮਾਮਲਾ ਤਾਰਨ ਜਾ ਰਹੇ ਹੋਣ। ਗਰਮੀਆਂ ਦੀ ਸਖਤ ਦੁਪਹਿਰ ਨੂੰ ਹਨੇਰੀ ਚੱਲ ਰਹੀ ਸੀ। ਸਿੰਘਾਂ ਨੇ ਘੋੜੇ ਦਰਸ਼ਨੀ ਡਿਉੜੀ ਦੇ ਬਾਹਰ ਲਾਹੀ ਬੇਰੀ ਨਾਲ ਬੰਨ੍ਹ ਦਿੱਤੇ। ਭਾਈ ਸੁੱਖਾ ਸਿੰਘ ਨੇ ਥੈਲੀ ਮੋਢੇ 'ਤੇ ਰੱਖ ਲਈ। ਸਿੰਘਾਂ ਨੇ ਮਨ ਹੀ ਮਨ ਗੁਰੂ ਪਾਤਸ਼ਾਹ ਸਾਵੇਂ ਅਰਦਾਸ ਕੀਤੀ ਕਿ ਉਨ੍ਹਾਂ ਦਾ ਪ੍ਰਣ ਪੂਰਾ ਹੋਵੇ ਤੇ ਉਹ ਗੁਰੂ ਘਰ ਦੀ ਬੇ-ਹੁਰਮਤੀ ਦਾ ਬਦਲਾ ਲੈ ਸਕਣ। ਭਾਈ ਸੁੱਖਾ ਸਿੰਘ ਨੇ ਥੈਲੀ ਪਲੰਘ ਹੇਠ ਸੁੱਟ ਦਿੱਤੀ ਤਾਂ ਮੱਸਾ ਰੰਗੜ ਨਿਉਂ ਕੇ ਥੈਲੀ ਨੂੰ ਦੇਖਣ ਲੱਗਾ। ਭਾਈ ਮਹਿਤਾਬ ਸਿੰਘ ਨੇ ਚੋਲ਼ੇ ਹੇਠ ਛੁਪਾਈ ਕ੍ਰਿਪਾਨ ਸੂਤ ਲਈ ਤੇ ਬਿਜਲੀ ਦੀ ਫੁਰਤੀ ਨਾਲ ਮੱਸੇ ਰੰਗੜ ਦਾ ਸਿਰ ਧੜ ਤੋਂ ਅਲੱਗ ਕਰ ਦਿੱਤਾ। ਇੱਕ ਦਮ ਸੰਨਾਟਾ ਛਾ ਗਿਆ। ਸਿੰਘਾਂ ਦਾ ਅਚਨਚੇਤ ਕੀਤਾ ਗਿਆ ਹਮਲਾ ਏਨਾ ਭਿਆਨਕ ਸੀ ਕਿ ਕਿਸੇ ਨੂੰ ਸੰਭਲਣ ਦਾ ਮੌਕਾ ਹੀ ਨਾ ਮਿਲ ਸਕਿਆ। ਫੁਰਤੀਲੇ ਸਿੰਘਾਂ ਨੇ ਜੋ ਵੀ ਸਾਹਮਣੇ ਆਇਆ ਉਹਨਾਂ ਦੇ ਸਿਰ ਧੌਣਾਂ ਤੋਂ ਵੱਖ ਕਰ ਦਿੱਤੇ। ਹਦਵਾਣਿਆਂ ਵਾਂਗ ਵੈਰੀਆਂ ਦੇ ਸਿਰ ਸਿੰਘਾਂ ਦੇ ਪੈਰਾਂ ਵਿੱਚ ਰੁਲਣ ਲੱਗੇ। ਅੱਖ ਦੇ ਫੋਰ ਨਾਲ ਸਿੰਘ ਮੱਸੇ ਰੰਗੜ ਦਾ ਸਿਰ ਨੇਜੇ ਤੇ ਟੰਗ ਕੇ ਬੀਕਾਨੇਰ ਨੂੰ ਚਲੇ ਗਏ। ਇਉਂ ਖਾਲਸੇ ਨੇ ਮੁਗਲ ਹਾਕਮਾਂ ਨੂੰ ਦੱਸ ਦਿੱਤਾ ਕਿ ਗੁਰਧਾਮਾਂ ਦੀ ਬੇਅਦਬੀ ਕਰਨ ਵਾਲਿਆਂ ਦਾ ਖਾਲਸਾ ਕੀ ਹਸ਼ਰ ਕਰਦਾ ਹੈ।

ਉਧਰ ਜਥੇਦਾਰ ਧੱਕੜ ਸਿੰਘ ਅੰਮ੍ਰਿਤਸਰ ਦੇ ਆਸ ਪਾਸ ਦੇ ਸਿੰਘਾਂ ਨੂੰ ਆਪਣੇ ਬਚਾਅ ਲਈ ਅਗਾਊਂ ਖਬਰਦਾਰ ਕਰ ਰਹੇ ਸਨ। ਹਰਿ ਭਗਤ ਨਿਰੰਜਣੀਏ ਨੇ ਤੁਕਾਂ ਨੂੰ ਮੱਸੇ ਰੰਗੜ ਦੇ ਸਿਰ ਵੱਢਣ ਤੇ ਭਾਈ ਮਹਿਤਾਬ ਸਿੰਘ ਦੇ ਪਿੰਡ ਮੀਰਾਂ ਕੋਟ ਤੇ ਭਾਈ ਸੁੱਖਾ ਸਿੰਘ ਦੇ ਪਿੰਡ ਮਾੜੀ ਕੰਬੋ ਕੀ ਬਾਰੇ ਸੂਚਨਾ ਦੇ ਦਿੱਤੀ ਅਤੇ ਇਹ ਵੀ ਦੱਸ ਦਿੱਤਾ ਕਿ ਭਾਈ ਮਹਿਤਾਬ ਸਿੰਘ ਦਾ ਲੜਕਾ ਰਾਇ ਸਿੰਘ ਨੱਥੇ ਖੋਰੇ ਪੈਂਚ ਦੀ ਸਪੁਰਦਗੀ ਵਿੱਚ ਹੈ। ਮੁਗਲ ਫੌਜੀ ਮੀਰਾਂ ਕੋਟ ਪਿੰਡ ਨੂੰ ਘੇਰ ਕੇ ਨੱਥੇ ਖੈਰੇ ਪੈਂਚ ਤੋਂ ਰਾਇ ਸਿੰਘ ਨੂੰ ਫੌਜ ਹਵਾਲੇ ਕਰਨ ਲਈ ਕਹਿਣ ਲੱਗੇ। ਬੇਵੱਸ ਨੱਥਾ ਖੈਰਾ ਪੈਂਚ ਜਦੋਂ ਰਾਇ ਸਿੰਘ ਨੂੰ ਆਪਣੀ ਹਵੇਲੀ ਵਿਚੋਂ ਲੈਣ ਗਿਆ ਤਾਂ ਪਿਛਲੀ ਕੰਧ ਟੱਪੇ ਜਥੇਦਾਰ ਧੱਕੜ ਸਿੰਘ ਵੀ ਰਾਇ ਸਿੰਘ ਨੂੰ ਲੈਣ ਲਈ ਪੁੱਜ ਚੁੱਕਾ ਸੀ। ਜਥੇਦਾਰ ਧੱਕੜ ਸਿੰਘ ਨੂੰ ਨੱਥੇ ਖੈਰਪੈਂਚ ਨੇ ਕਿਹਾ ਕਿ ਉਹ ਮੇਰੇ ਪੁੱਤਰ,ਭਤੀਜੇ, ਭਾਣਜੇ ਅਤੇ ਦੋ ਹੋਰ ਸਿੰਘਾਂ ਸਮੇਤ ਕੰਧ ਟੱਪਕੇ ਰਾਇ ਸਿੰਘ ਨੂੰ ਪਿਛਲੇ ਪਾਸਿਓਂ ਲੈ ਜਾਵੇ। ਉਹ ਕੁਝ ਦੇਰ ਸ਼ਾਹੀ ਫੌਜਾਂ ਨੂੰ ਉਲਝਾ ਕੇ ਰੱਖੇਗਾ। ਇਤਿਹਾਸਕਾਰ ਰਤਨ ਸਿੰਘ ਭੰਗੂ ਇਸ ਘਟਨਾ ਨੂੰ ਇਉਂ ਅੰਕਤ ਕਰਦਾ ਹੈ ---

ਹਰਿ ਭਗਤ ਨਿਰੰਜਣੀਏ ਸੁਨ ਪਾਈ।
ਨੱਥਾ ਗਯੋ ਸੁ ਕੰਧ ਟਪਾਈ।
ਤੁਰਤ ਦੌੜ ਉਨ ਚੁਗਲੀ ਖਾਈ।
ਗਯੋ ਨਠ ਆਯੋ ਜਿਹ ਤਾਈਂ।
(ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ 240)

ਇਸ ਤਰ੍ਹਾਂ ਚੁਗਲੀ ਕਰਨ ਤੇ ਮੁਗਲ ਫੌਜਾਂ ਨੇ ਜਥੇਦਾਰ ਧੱਕੜ ਸਿੰਘ ਤੇ ਸਿੰਘਾਂ ਨੂੰ ਨਜ਼ਦੀਕ ਹੀ ਘੇਰ ਲਿਆ। ਖੂਬ ਗੋਲ਼ੀ ਬਾਰੀ ਹੋਈ। ਨੂਰਦੀਨ ਫੌਜਦਾਰ ਨੇ ਕਹਿ ਦਿੱਤਾ ਕਿ ਰੰਗੜ ਸਿੰਘਾਂ ਤੋਂ ਜਿਵੇਂ ਚਾਹੁਣ ਬਦਲਾ ਲੈ ਲੈਣ। ਮੁਗਲ ਫੌਜਾਂ ਪਿੱਛੇ ਹਟ ਗਈਆਂ। ਮੱਸੇ ਰੰਗੜ ਦੇ ਭਰਾ ਨੇ ਆਪਣੇ ਸਾਥੀਆਂ ਸਮੇਤ ਸਿੰਘਾਂ ਤੇ ਹੱਲਾ ਬੋਲ ਦਿੱਤਾ। ਜਥੇਦਾਰ ਧੱਕੜ ਸਿੰਘ ਪਾਸ ਮਜ਼ਬੂਤ ਸੋਟਾ ਸੀ। ਇਕ ਸਿੰਘ ਕੋਲ ਬਰਸੀ ਤੇ ਦੋ ਕੋਲ ਕਿਰਪਾਨਾਂ ਸਨ। ਨੱਥਾ ਖੈਰਾ ਪੈਂਚ ਵੀ ਤੀਰ ਕਮਾਨ ਲੈ ਕੇ ਪਹੁੰਚ ਗਿਆ। ਘਮਸਾਨ ਯੁੱਧ ਹੋਇਆ। ਰੰਘੜਾਂ ਦੀ ਸਿੰਘਾਂ ਸਾਵੇਂ ਪੇਸ਼ ਨਾ ਗਈ। ਮੱਸੇ ਰੰਗੜ ਦੇ ਭਰਾ ਦਾ ਜਥੇਦਾਰ ਧੱਕੜ ਸਿੰਘ ਨਾਲ ਸਾਹਮਣਾ ਹੋ ਗਿਆ। ਮੱਸੇ ਰੰਗੜ ਦੇ ਭਰਾ ਨੇ ਤਲਵਾਰ ਦਾ ਭਰਵਾਂ ਵਾਰ ਕੀਤਾ। ਜਿਸ ਨੂੰ ਰੋਕ ਕੇ ਜਥੇਦਾਰ ਧੱਕੜ ਸਿੰਘ ਨੇ ਆਪਣੇ ਮਜ਼ਬੂਤ ਸੋਟੇ ਨਾਲ ਅਜਿਹਾ ਵਾਰ ਕੀਤਾ ਕਿ ਉਹ ਮੁੜ ਕੇ ਉਠ ਨਾ ਸਕਿਆ ਤੇ ਸਦਾ ਦੀ ਨੀਂਦ ਸੌਂ ਗਿਆ। ਇਸ ਤਰ੍ਹਾਂ ਮੱਸੇ ਰੰਗੜ ਦੇ ਖਾਨਦਾਨ ਦਾ ਆਖਰੀ ਚਿਰਾਗ ਵੀ ਬੁਝ ਗਿਆ ਤੇ ਜਥੇਦਾਰ ਧੱਕੜ ਸਿੰਘ ਦਾ ਸੰਕਲਪ ਪੂਰਾ ਹੋ ਗਿਆ। ਸ: ਨਰੰਜਣ ਸਿੰਘ ਹਿਸਟੋਰੀਅਨ ਇਸ ਸਾਕੇ ਦਾ ਇਉਂ ਜ਼ਿਕਰ ਕਰਦੇ ਹਨ --

*"ਘਮਸਾਨ ਦੀ ਲੜਾਈ ਦੇ ਦੌਰਾਨ ਮੱਸੇ ਦੇ ਛੋਟੇ ਭਾਈ ਦਾ ਧੱਕੜ ਸਿੰਘ ਨਾਲ ਸਾਹਮਣਾ ਹੋ ਗਿਆ। ਬੜੀ ਫੁਰਤੀ ਨਾਲ ਤਲਵਾਰ ਦਾ ਵਾਰ ਆਪਣੀ ਮਾਹਿਰ ਤੇ ਸੰਭਾਲ ਕੇ ਜਥੇਦਾਰ ਧੱਕੜ ਸਿੰਘ ਨੇ ਜੋੜ ਕੇ ਡਾਂਗ ਦਾ ਉਸ ਦੇ ਸਿਰ 'ਤੇ ਇਕ ਅਜਿਹਾ ਵਾਰ ਕੀਤਾ ਕਿ ਉਹ ਕਿ ਉਹ ਅਜਿਹਾ ਡਿੱਗਿਆ ਕਿ ਮੁੜ ਨਾ ਉਠਿਆ। ਉਸ ਨੂੰ ਮਰਿਆ ਦੇਖ ਕੇ ਧੱਕੜ ਸਿੰਘ ਨੇ ਉੱਚੀ ਜੈਕਾਰਾ ਗਜਾਇਆ"*

(ਰੰਘਰੇਟਿਆਂ ਦਾ ਇਤਿਹਾਸ ਪੰਨਾ 335)

ਗਿਆਨੀ ਗਿਆਨ ਸਿੰਘ ਜੀ ਅਨੁਸਾਰ --
ਭਾਣਜਾ, ਭਤੀਜਾ, ਬੇਟਾ ਰੰਘਰੇਟਾ ਹੋਏ ਸੰਗ।
ਤਹਤੇ ਸਸੰਧੀ ਪੰਧੀ ਸਸ਼ਤਰ ਸਾਜ ਹੈ। 26।
( ਪੰਥ ਪ੍ਰਕਾਸ਼ ਪੰਨਾ 716)

ਸ:ਰਤਨ ਸਿੰਘ ਭੰਗੂ ਦੇ ਸ਼ਬਦਾਂ ਵਿੱਚ --
ਤਬ ਨੱਥੇ ਕੰਧੇ ਧਰਯੋ ਪਿਛੇ ਕੰਧ ਟਪਾਇ।
ਪੰਜ ਪੁਰਖ ਤਿਸ ਸੰਗ ਚਲੇ ਪਏ ਕੰਮੋਵੀ ਰਾਹਿ।
ਸਕਾ ਪੁੱਤਰ ਅਰ ਭਾਣਜਾ ਚੂਹੜਾ ਸੰਗ ਦਰਵਾਨ।
ਸਿਖਰ ਦੁਪਹਿਰ ਦੀਦ ਮੈਂ ਲੰਘ ਗਏ ਇਕ ਮਦਾਨ। 66।
ਇਕ ਪਹਿ ਬਰਛੀ ਇਹ ਪਹਿਲ ,ਦੇਵੈਂ ਰੰਗੜ ਛਾਤੀ ਪੇਲ।
ਹਾਥ ਚੂਹੜੇ ਦੇ ਡੰਡਾ ਭਾਰੀ। ਮੱਸੇ ਭਾਈ ਸਿਰ ਲਾਯੋ ਕਾਰੀ। 77।
(ਪ੍ਰਾਚੀਨ ਪੰਥ ਪ੍ਰਕਾਸ਼ ਪੰਨਾ 240)

ਰੰਘੜ ਭੱਜ ਕੇ ਫੌਜਦਾਰੀ ਨੂਰਦੀਨ ਪਾਸ ਮੁੜ ਫਰਿਆਦੀ ਹੋਏ। ਉਸਨੇ ਹਰਿ ਭਗਤ ਨਿਰੰਜਣੀਏ ਦੀ ਅਗਵਾਈ ਹੇਠ ਫੌਜੀ ਟੁਕੜੀ ਭੇਜ ਦਿੱਤੀ। ਸਿੰਘਾਂ ਦੇ ਮੁਕਾਬਲੇ ਉਹ ਵੀ ਮਾਤ ਖਾ ਗਈ। ਅਖੀਰ ਵਿੱਚ ਨੂਰਦੀਨ ਫੌਜਦਾਰ ਨੇ ਭਾਰੀ ਫੌਜੀ ਕੁਮਕ ਲੈ ਕੇ ਸਿੰਘਾਂ ਤੇ ਹੱਲਾ ਬੋਲ ਦਿੱਤਾ। ਜਥੇਦਾਰ ਧੱਕੜ ਸਿੰਘ ਨੇ ਭਾਈ ਮਹਿਤਾਬ ਸਿੰਘ ਦੇ ਬੇਟੇ ਰਾਇ ਸਿੰਘ ਨੂੰ ਝਾੜੀਆਂ ਉਹਲੇ ਛੁਪਾ ਦਿੱਤਾ ਤੇ ਆਪ ਨੂਰਦੀਨ ਫੌਜਦਾਰ ਦੇ ਮੁਕਾਬਲੇ ਡਟ ਖਲੋਤਾ। ਘਮਸਾਨ ਦੀ ਜੰਗ ਹੋਈ।

ਜਥੇਦਾਰ ਧੱਕੜ ਸਿੰਘ ਮੱਸੇ ਰੰਗੜ ਦੇ ਭਰਾ ਵਾਲੀ ਤਲਵਾਰ ਨਾਲ ਨੂਰਦੀਨ ਤੇ ਹਮਲਾ ਕਰਨ ਹੀ ਲੱਗਾ ਸੀ ਕਿ ਖੋਪੜੀ ਚੀਰਦੀ ਹੋਈ ਗੋਲ਼ੀ ਜਥੇਦਾਰ ਧੱਕੜ ਸਿੰਘ ਜੀ ਨੂੰ ਜਾ ਲੱਗੀ। ਇਸ ਤਰ੍ਹਾਂ ਗੁਰੂ ਪੰਥ ਦੀ ਸੇਵਾ ਕਰਦਿਆਂ ਇਹ ਗੁਰੂ ਕਾ ਲਾਲ ਸ਼ਹਾਦਤ ਦਾ ਜਾਮ ਪੀ ਗਿਆ। ਇਸ ਲੜਾਈ ਵਿੱਚ ਨੱਥਾ ਖੈਰਾ ਪੈਂਚ ਉਸਦਾ ਪੁੱਤਰ ਤੇ ਦੂਸਰੇ ਸਿੰਘ ਸ਼ਹੀਦ ਹੋ ਗਏ। ਪ੍ਰੰਤੂ ਨੱਥੇ ਖੈਰੇ ਦਾ ਭਾਣਜਾ ਵਰ੍ਹਦੀਆਂ ਗੋਲੀਆਂ ਵਿਚੋਂ ਬਚਕੇ ਨਿਕਲ ਗਿਆ। ਜ਼ਖਮੀ ਰਾਇ ਸਿੰਘ ਨੂੰ ਮੁਗਲ ਫੌਜੀ ਮਰਿਆ ਸਮਝ ਕੇ ਛੱਡ ਗਏ। "ਗੁਰੂ ਕੇ ਬੇਟੇ " ਪੁਸਤਕ ਦਾ ਰਚੇਤਾ ਜਸਵੰਤ ਸਿੰਘ ਲਿਖਦਾ ਹੈ ਕਿ "ਉਸਨੂੰ ਭਾਨੋ ਨਾਂ ਦੀ ਇਕ ਬਹਾਦਰ ਬੀਬੀ ਚੁੱਕ ਕੇ ਲੈ ਗਈ ਜੋ ਮੰਨੀ ਪ੍ਰਮੰਨੀ ਰਸਾਇਣ ਸੀ। ਉਸ ਨੇ 7-8 ਸਾਲ ਦੇ ਬਾਲਕ ਰਾਇ ਸਿੰਘ ਦੇ ਜ਼ਖਮ ਸੀਤੇ , ਸੇਵਾ ਕੀਤੀ ਤੇ ਉਹ ਨੌ ਬਰ ਨੌ ਹੋ ਗਿਆ।

ਏਥੇ ਵਰਨਣਯੋਗ ਹੈ ਕਿ ਨਾਮਵਰ ਇਤਿਹਾਸਕਾਰ ਸ: ਰਤਨ ਸਿੰਘ ਭੰਗੂ ਏਸੇ ਰਾਇ ਸਿੰਘ ਦਾ ਪੋਤਰਾ ਸੀ। ਜੇਕਰ ਜਥੇਦਾਰ ਧੱਕੜ ਸਿੰਘ ਚਾਹੁੰਦਾ ਤਾਂ ਆਸਾਨੀ ਨਾਲ ਹੀ ਆਪਣੀ ਜਾਨ ਬਚਾ ਕੇ ਨਿਕਲ ਸਕਦਾ ਸੀ ਪਰ ਉਸਨੇ ਰਾਇ ਸਿੰਘ ਨੂੰ ਬਚਾਉਣਾ ਆਪਣਾ ਕੌਮੀ ਧਰਮ ਸਮਝਿਆ ਤੇ ਆਪਣੇ ਪ੍ਰਾਣਾਂ ਦੀ ਆਹੂਤੀ ਦੇਕੇ ਪੰਥ ਪ੍ਰਤੀ ਆਪਣੀ ਵਫਾਦਾਰੀ ਨਿਭਾਈ।

ਜੇਕਰ ਜਥੇਦਾਰ ਧੱਕੜ ਸਿੰਘ ਆਪਣੀ ਜਾਨ ਦੀ ਬਾਜ਼ੀ ਲਾਕੇ ਨੱਥੇ ਖੈਰੇ ਪੈਂਚ ਦੇ ਘਰੋਂ ਰਾਇ ਸਿੰਘ ਨੂੰ ਨਾ ਲਿਆਉਂਦਾ ਤਾਂ ਉਸਨੂੰ ਮੁਗਲਾਂ ਨੇ ਉਥੇ ਹੀ ਮਾਰ ਦੇਣਾ ਸੀ ਤੇ ਭਾਈ ਮਹਿਤਾਬ ਸਿੰਘ ਦਾ ਆਖਰੀ ਚਿਰਾਗ਼ ਵੀ ਬੁਝ ਜਾਣਾ ਸੀ। ਪ੍ਰੰਤੂ ਬੜੇ ਖੇਦ ਦੀ ਗੱਲ ਹੈ ਕਿ ਜਥੇਦਾਰ ਧੱਕੜ ਸਿੰਘ ਨੇ ਜਿਸਦੇ ਦਾਦੇ ਰਾਇ ਸਿੰਘ ਨੂੰ ਜਾਨ ਹੂਲ ਕੇ ਬਚਾਇਆ, ਉਸਦਾ ਵੰਸ਼ ਚੱਲਦਾ ਰੱਖਣ ਲਈ ਲਹੂ ਵਹ-ਾਇਆ ਉਸੇ ਖਾਨਦਾਨ ਦੇ ਇਤਿਹਾਸਕਾਰ ਸ: ਰਤਨ ਸਿੰਘ ਭੰਗੂ ਨੇ ਸਿੱਖ ਇਤਿਹਾਸ ਦੇ ਇਸ ਮਾਣਮੱਤੇ ਯੋਧੇ ਦਾ ਨਾ ਸਿਰਫ ਨਾਮ ਲਿਖਣ ਤੋਂ ਹੀ ਗੁਰੇਜ ਕੀਤਾ ਹੈ ਸਗੋਂ ਆਪਣੀ ਜਾਤੀਵਾਦੀ ਮਾਨਸਿਕਤਾ ਦਾ ਸ਼ਿਕਾਰ ਹੋ ਕੇ ਨਫ਼ਰਤ ਨਾਲ "ਚੂਹੜਾ" ਸ਼ਬਦ ਇਸਤੇਮਾਲ ਕੀਤਾ ਹੈ ਉਸ ਬੀਰ ਬਹਾਦਰ ਯੋਧੇ ਲਈ। ਇਹ ਅਕ੍ਰਿਤਘਣਤਾ ਦੀ ਹੱਦ ਐ। ਇਤਿਹਾਸਕਾਰਾਂ ਨੇ ਜਥੇਦਾਰ ਧੱਕੜ ਸਿੰਘ ਦੀ ਅਮੋਲਕ ਪੰਥਕ ਸੇਵਾ ਨੂੰ ਅਣਗੌਲਿਆਂ ਕਰਕੇ ਇਤਿਹਾਸ ਵਿਚੋਂ ਮਨਫੀ ਈ ਕਰ ਦਿੱਤਾ ਐ ਤੇ ਪੰਥ ਦੇ ਠੇਕੇਦਾਰਾਂ ਨੇ ਉਸ ਕੌਮੀ ਨਾਇਕ ਦੀ ਕੋਈ ਢੁਕਵੀਂ ਯਾਦਗਾਰ ਵੀ ਅਜੇ ਤੱਕ ਨਹੀਂ ਬਣਾਈ। ਉਸਦੀ ਅੰਸ਼ ਦੇ ਲੋਕਾਂ ਨੇ ਵੀ ਉਸ ਪੰਥ ਪ੍ਰਸਤ ਯੋਧੇ ਨੂੰ ਵਿਸਾਰ ਦਿੱਤਾ ਹੈ। ਉਸ ਦੀ ਬੀਰ ਗਾਥਾ ਕਦੇ ਨਾ ਸੁਣੀ ਨਾ ਗਾਈ। ਜਦੋਂ ਕਿ ਪਰਾਇਆਂ ਦੇ ਕਸੀਦੇ ਪੜ੍ਹਨ ਲਈ ਮੋਹਰੀ ਰਹਿੰਦੇ ਹਨ। ਕਾਸ਼!ਉਹਨਾਂ ਅੰਦਰ ਵੀ ਬਾ-ਬਾਣੀਆਂ ਕਹਾਣੀਆਂ ਚੇਤੇ ਕਰਕੇ ਪੁੱਤਰਾਂ ਤੋਂ ਸਪੁੱਤਰ ਬਣਨ ਦੀ ਰੀਝ ਪਨਪ ਪਏ।

## ਕਾਹਦਾ ਹੁੰਦਾ ਕਿਸੇ ਦਿਆਂ ਪਰਾਂ ਉੱਤੇ ਮਾਣ

ਕਾਹਦੀ ਹੁੰਦੀ ਕਿਸੇ ਦੀ
ਪਛਾਣ 'ਚ ਪਛਾਣ।
ਆਪਣੇ ਹੱਥੀਂ ਆਪੇ ਸੱਜਣਾਂ
ਆਪਣੇ ਕਾਜ ਸਵਾਰੀਦੇ।
ਝੂਠ ਦੀਆਂ ਬੁਨਿਆਦਾਂ 'ਤੇ
ਨਹੀਂ ਸੱਚ ਦੇ ਮਹਿਲ ਉਸਾਰੀਦੇ।

ਜੇ ਰਾਜਾ ਹੋਏ ਨਿਆਂਕਾਰੀ
ਨਹੀਂ ਚੜ੍ਹਦਾ ਸੱਚ ਸਲੀਬਾਂ 'ਤੇ।
ਹੱਕਾਂ 'ਤੇ ਛਾਪੇ ਨਹੀਂ ਪੈਂਦੇ
ਹੁੰਦਾ ਨਹੀਂ ਜ਼ੁਲਮ ਗ਼ਰੀਬਾਂ 'ਤੇ।
ਪਹੁੰਚਾਂ ਵਾਲ਼ੇ ਮੁਜਰਮ ਦੀ ਥਾਂ
ਬੇਦੋਸ਼ੇ ਤਾਂ ਨਹੀਂ ਮਾਰੀਦੇ।
ਝੂਠ ਦੀਆਂ ...

ਜਿੱਥੇ ਆਦਰ ਹੋਏ ਬਜ਼ੁਰਗਾਂ ਦਾ
ਉਹ ਜੰਨਤ ਵਰਗੀ ਥਾਂ ਹੋਵੇ।
ਜਿੱਥੇ ਬਾਪੂ ਹੋਵੇ ਬੋਹੜ ਜਿਹਾ
ਤੇ ਪਿੱਪਲ਼ ਵਰਗੀ ਮਾਂ ਹੋਵੇ।
ਮਾਪਿਆਂ ਦੇ ਉਪਕਾਰਾਂ ਦੇ
ਰਿਣ ਉਮਰਾਂ ਭਰ ਨਹੀਂ ਤਾਰੀਦੇ।
ਝੂਠ ਦੀਆਂ ...

ਲੋਭ ਲਾਲਚਾਂ ਨਾਲ਼ ਕਦੇ
ਪੁੱਗਦੀ ਨਹੀਂ ਯਾਰੀ ਯਾਰਾਂ ਦੀ।
ਰੂਹਾਂ ਦੀ ਜਿੱਥੇ ਸਾਂਝ ਨਹੀਂ,
ਨਿਭਦੀ ਨਹੀਂ ਸਾਂਝ ਪਿਆਰਾਂ ਦੀ।
ਥਾਂ ਦਿਲ ਅੰਦਰ ਜੇ ਨਾ ਹੋਵੇ
ਨਹੀਂ ਮਹਿਲੀਂ ਝੱਟ ਗੁਜ਼ਾਰੀਦੇ।
ਝੂਠ ਦੀਆਂ ...

ਜ਼ਰ, ਜੋਰੂ ਅਤੇ ਜ਼ਮੀਨਾਂ ਲਈ
ਪੈ ਜਾਂਦੀਆਂ ਵਿੱਥਾਂ ਭਾਈਆਂ ਵਿੱਚ।
ਇਹ ਦੌਲਤ ਪਾਉਂਦੀ ਦੁਸ਼ਮਣੀਆਂ
ਧੀ, ਪੁੱਤਾਂ ਤੇ ਜਵਾਈਆਂ ਵਿੱਚ।
'ਲਾਲ' ਮਿਲਣ ਨਾ ਫੱਟ ਕਦੇ
ਦਿਲ ਵੱਜੀ ਚੋਟ ਕਰਾਰੀ ਦੇ।
ਝੂਠ ਦੀਆਂ ...



ਲਾਲ ਸਿੰਘ ਸੁਲਹਾਣੀ
91-98721-55120

## ਮਾਂ ਦਾ ਕੋਈ, ਦਿਨ ਨਹੀਂ ਹੁੰਦਾ

ਮਾਂ ਦਾ ਕੋਈ, ਦਿਨ ਨਹੀਂ ਹੁੰਦਾ।
ਕੋਈ ਦਿਨ, ਮਾਂ ਬਿਨ ਨਹੀਂ ਹੁੰਦਾ।

ਕਿਉਂ ਮਖ਼ਸੂਸ, ਮਾਂ ਲਈ ਇਕ ਦਿਨ
ਮਾਂ ਬਿਨਾਂ, ਪਲ ਛਿੰਨ ਨਹੀਂ ਹੁੰਦਾ।

ਮਾਂ ਹਸਤੀ ਹੈ, ਮਾਂ ਹਯਾਤੀ,
ਮਾਂ ਤੋਂ ਵੱਖਰਾ ਚਿੰਨ੍ਹ ਨਹੀਂ ਹੁੰਦਾ।

ਸਾਰੇ ਜੰਨਤ ਮਾਂ ਦੇ ਚਰਨੀਂ
ਜੰਨਤ ਮਾਂ ਤੋਂ ਭਿੰਨ ਨਹੀਂ ਹੁੰਦਾ।

ਵਾਰ ਦਿਆਂ ਜੇ ਸੱਭ ਨੇਹਮਤਾਂ
ਲਹਿੰਦਾ ਮਾਂ ਦਾ ਰਿਨ ਨਹੀਂ ਹੁੰਦਾ।

ਰੂਪ ਦੂਸਰਾ ਰੱਬ ਦਾ, ਮਾਵਾਂ
ਰੱਬ ਵੀ ਮਾਂ ਤੋਂ ਭਿੰਨ ਨਹੀਂ ਹੁੰਦਾ।

**- ਲਾਲ ਸਿੰਘ ਸੁਲਹਾਣੀ**

## ਨਵੇਂ ਸਾਲ ਦੀ ਵਧਾਈ

ਨਵੇਂ ਸਾਲ ਦੀ ਵਧਾਈ,
ਹੋਏ ਆਪ ਦੀ ਚੜ੍ਹਾਈ,
ਰਵ੍ਹੇ ਖ਼ੁਸ਼ੀ, ਵਸੇ ਖੇੜਾ,
ਜੱਗ ਖ਼ੁਸ਼ਹਾਲ ਰਹੇ।
ਤੁਹਾਡਾ ਚੜ੍ਹਦੀ ਕਲਾ 'ਚ
ਨਵਾਂ ਸਾਲ ਰਹੇ।
ਤੁਹਾਡਾ ਚੜ੍ਹਦੀ ਕਲਾ 'ਚ ....

ਮਿਲ਼ੇ ਕੋਨੇ-ਕੋਨੇ ਵਿੱਚ
ਦਿੱਤੀ ਕਾਦਰ ਦੀ ਦਾਤ।
ਸੱਭ ਤਾਂਈਂ ਸੱਭ ਥਾਂਈਂ
ਮਿਲ਼ੇ ਰੱਬ ਦੀ ਸੌਗ਼ਾਤ।
ਤਪੇ ਹਰ ਘਰ ਚੁੱਲ੍ਹਾ
ਕੋਈ ਭੁੱਖਾ, ਨਾ ਕੰਗਾਲ ਰਹੇ।
ਤੁਹਾਡਾ ਚੜ੍ਹਦੀ ਕਲਾ 'ਚ ....

ਜਾਤਾਂ ਮਜ਼ਹਬਾਂ ਦਾ ਪਾੜਾ
ਨਾ ਫ਼ਿਰਕੂ ਫ਼ਸਾਦ।
ਹੋਵੇ ਨਾ ਗ਼ੁਲਾਮੀ
ਰਹੇ ਹਰ ਕੋਈ ਆਜ਼ਾਦ।
ਕਾਇਮ ਰਹੇ ਭਾਈਚਾਰਾ,
ਨਾ ਕਿਧਰੇ ਮਕਾਲ ਰਹੇ।
ਤੁਹਾਡਾ ਚੜ੍ਹਦੀ ਕਲਾ 'ਚ ....

ਸ਼ੈਤਾਨਾਂ ਹੈਵਾਨਾਂ ਨੂੰ
ਵਾਹਿਗੁਰੂ ਸੁਮੱਤ ਦੇਵੇ।
ਸੱਭ ਧੀਆਂ-ਭੈਣਾਂ ਤਾਂਈਂ
ਰੱਬ, ਇੱਜ਼ਤ ਪਤ ਦੇਵੇ।
ਹੋਣ ਸੱਤੇ ਖੈਰਾਂ,
ਘਰ ਬੰਦਾ ਖ਼ੁਸ਼ੀ ਨਾਲ਼ ਰਹੇ।
ਤੁਹਾਡਾ ਚੜ੍ਹਦੀ ਕਲਾ 'ਚ ....

ਬੱਚੇ ਹੋਣ ਨਾ ਅਨਾਥ
ਕਿਤੇ ਰੁਲ਼ੇ ਨਾ ਬੁਢਾਪਾ।
ਸੁਖੀ ਵਸੇ ਹਰ ਵਿਹੜਾ
ਪਵੇ ਹੱਕਾਂ 'ਤੇ ਨਾ ਛਾਪਾ।
ਘੁੱਗ ਵਸੇ ਸੁਲਹਾਣੀ,
ਖ਼ੁਸ਼ ਜੀਆ ਜੰਤ 'ਲਾਲ' ਰਹੇ।
ਤੁਹਾਡਾ ਚੜ੍ਹਦੀ ਕਲਾ 'ਚ ....


**- ਲਾਲ ਸਿੰਘ ਸੁਲਹਾਣੀ**

# ਕਥਨੀ ਤੇ ਕਰਨੀ ਦੇ ਸੂਰੇ- ਸੰਤ ਬਾਬਾ ਗੋਬਿੰਦ ਦਾਸ ਜੀ ਉਦਾਸੀ

**ਰਵਿਦਾਸ ਭਵੈ ਜੋ ਜਾਣੈ ਸੋ ਜਾਣ।।**
**ਸੰਤ ਅਨੰਤਹਿ ਅੰਤਰੁ ਨਾਹੀ।।**

ਸੰਤ ਮਹਾਂਪੁਰਸ਼ ਇਸ ਸੰਸਾਰ ਦੀ ਧਰਤੀ ਤੇ ਪ੍ਰਮਾਤਮਾ ਵੱਲੋਂ ਭੇਜੇ ਹੋਏ ਆਉਂਦੇ ਹਨ ਅਤੇ ਉਹਨਾਂ ਦਾ ਇਸ ਸੰਸਾਰ ਤੇ ਆਉਣ ਦਾ ਮਕਸਦ ਜੀਵਾਂ ਨੂੰ ਸੱਚ ਦੇ ਮਾਰਗ ਤੇ ਤੋਰਨਾ ਹੁੰਦਾ ਹੈ। ਇਸ ਸੰਸਾਰ ਵਿਚ ਰਹਿੰਦੇ ਹੋਏ ਉਹ ਆਪ ਵੀ ਭਗਤੀ ਕਰਦੇ ਹਨ ਅਤੇ ਜੀਵਾਂ ਨੂੰ ਵੀ ਭਗਤੀ ਦ੍ਰਿੜ੍ਹ ਕਰਵਾਉਂਦੇ ਹਨ। ਐਸੇ ਹੀ ਮਹਾਂਪੁਰਸ਼ ਸਤਿਕਾਰਯੋਗ ਸੱਚਖੰਡ ਵਾਸੀ ਸੰਤ ਬਾਬਾ ਗੋਬਿੰਦ ਦਾਸ ਜੀ ਮਹਾਰਾਜ ਇਸ ਸੰਸਾਰ ਦੀ ਧਰਤੀ ਤੇ ਜੀਵਾਂ ਨੂੰ ਤਾਰਨ ਵਾਸਤੇ ਪਰਮਾਤਮਾ ਵੱਲੋਂ ਭੇਜੇ ਹੋਏ ਆਏ। ਜਿਹਨਾਂ ਦਾ ਜਨਮ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਨਗਰ ਪਿੰਡ ਭੁੰਗਰਨੀ ਵਿਖੇ ਮਿਤੀ 27 ਦਸੰਬਰ, 1894 ਈਸਵੀ ਨੂੰ ਮਾਤਾ ਪ੍ਰੇਮੀ ਜੀ ਦੀ ਪਵਿੱਤਰ ਕੁੱਖ ਤੋਂ ਪਿਤਾ ਸ੍ਰੀ ਪਾਲਾ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਆਪਣੇ ਪੂਰਬਲੇ ਜਨਮ ਵਿਚ ਹਿਮਾਚਲ ਪ੍ਰਦੇਸ਼ ਵਿਖੇ ਧਰਮਸ਼ਾਲਾ ਦੇ ਪਰਬਤਾਂ ਦੀਆਂ ਚੋਟੀਆਂ 'ਤੇ ਬੈਠ ਕਰਕੇ ਤਪ ਕਰਦੇ ਰਹੇ। ਆਪਣੇ ਇਸ ਜਨਮ ਵਿਚ ਉਹਨਾਂ ਨੂੰ ਆਪਣੇ ਪੂਰਬਲੇ ਜਨਮ ਦਾ ਪੂਰਾ ਗਿਆਨ ਸੀ। ਇਸ ਕਾਰਨ ਉਹਨਾਂ ਦਾ ਆਪਣੇ ਗ੍ਰਹਿ ਵਿਖੇ ਮਨ ਨਹੀਂ ਲੱਗਦਾ ਸੀ। ਆਪਣੇ ਮਾਤਾ ਪਿਤਾ ਨੂੰ ਬੇਨਤੀਆਂ ਕਰਕੇ ਅਤੇ ਜ਼ੋਰ ਪਾ ਕੇ ਆਪਣੀ ਪੰਜ ਸਾਲ ਦੀ ਬਾਲੜੀ ਉਮਰ ਵਿਚ ਘਰ ਤਿਆਗ ਕੇ ਸੰਤ ਬਾਬਾ ਭੂਰੀ ਦਾਸ ਜੀ ਦੀ ਸ਼ਰਨ ਵਿਚ ਡੇਰਾ ਪੁਰ ਹੀਰਾਂ (ਹੁਸ਼ਿਆਰਪੁਰ) ਵਿਖੇ ਮਹਾਂਪੁਰਖਾਂ ਕੋਲ ਆ ਗਏ। ਇਸੇ ਅਸਥਾਨ ਤੇ ਮਹਾਂਪੁਰਖਾਂ ਅਤੇ ਸੰਗਤਾਂ ਦੀ ਸੇਵਾ ਅਤੇ ਸਿਮਰਨ ਕਰਦਿਆਂ ਆਪ ਜੀ ਦਾ ਮੇਲ ਸੰਤ ਬਾਬਾ ਮੰਗਲ ਦਾਸ ਜੀ ਨਾਲ ਹੋਇਆ, ਜਿਹਨਾਂ ਦੀ ਪ੍ਰੇਰਨਾ ਸਦਕਾ ਆਪ ਜੀ ਨੇ ਉਦਾਸੀ ਧਾਰਨ ਕੀਤੀ। ਉਸ ਸਮੇਂ ਆਪ ਜੀ ਦੀ ਉਮਰ 12 ਕੁ ਸਾਲ ਦੀ ਸੀ। ਇਸ ਡੇਰੇ ਨੂੰ ਤਿਆਗਣ ਤੋਂ ਬਾਅਦ ਆਪ ਜੀ ਫਗਵਾੜਾ ਤੇ ਗੁਰਾਇਆਂ ਦੇ ਇਲਾਕੇ ਵਿਚ ਵਿਚਰਦੇ ਰਹੇ ਅਤੇ ਵੱਖ-ਵੱਖ ਥਾਵਾਂ ਤੇ ਆਪ ਜੀ ਆਪ ਜੀ ਨੇ ਭਗਤੀ ਕੀਤੀ ਅਤੇ ਪਿੰਡ ਦੁਸਾਂਝ ਕਲਾਂ ਵਿਖੇ ਖੇਤਾਂ ਵਿਚ ਜ਼ਿਮੀਦਾਰਾਂ ਦੇ ਖੂਹ 'ਤੇ ਭੌਰਾ ਬਣਾ ਕੇ ਕਾਫੀ ਲੰਬਾ ਸਮਾਂ ਤਪੱਸਿਆ ਕੀਤੀ। ਇਸ ਅਸਥਾਨ ਤੇ ਰਹਿੰਦਿਆਂ ਪ੍ਰਮਾਤਮਾ ਦੀ ਭਗਤੀ ਸਦਕਾ ਰਿੱਧੀਆਂ ਸਿੱਧੀਆਂ ਅਤੇ ਰੂਹਾਨੀ ਸ਼ਕਤੀਆਂ ਦੇ ਮਾਲਕ ਬਣ ਚੁੱਕੇ ਸਨ। ਆਪ ਜੀ ਦੇ ਤਪ ਅਤੇ ਤੇਜ ਦੇ ਕਾਰਨ ਇਸ ਇਲਾਕੇ ਦੇ ਹਰ ਵਰਗ ਦੇ ਲੋਕ ਆਪ ਜੀ ਦੇ ਸ਼ਰਧਾਲੂ ਬਣ ਚੁੱਕੇ ਸਨ ਅਤੇ ਰੱਬ ਸਮਝ ਕੇ ਆਪ ਜੀ ਨੂੰ ਪੂਜਦੇ ਸਨ। ਆਪ ਜੀ ਇਕ ਜਗ੍ਹਾ ਤੇ ਬਹੁਤ ਜ਼ਿਆਦਾ ਲੰਮਾ ਸਮਾਂ ਨਹੀਂ ਠਹਿਰਦੇ ਸਨ। ਉਹਨਾਂ ਦਾ ਮਕਸਦ ਵੱਖ-ਵੱਖ ਥਾਵਾਂ 'ਤੇ ਜਾ ਕੇ ਲੋਕਾਈ ਨੂੰ ਰੱਬ ਨਾਲ ਜੋੜਨਾ ਸੀ।

ਪਿੰਡ ਦੁਸਾਂਝ ਕਲਾਂ ਭੌਰੇ ਨੂੰ ਤਿਆਗ ਦੇਣ ਤੋਂ ਬਾਅਦ ਪਿੰਡ ਬਜਰਾਵਰ ਨਜ਼ਦੀਕ ਚੱਲੇਵਾਲ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਜ਼ਮੀਨ ਮੁੱਲ ਖਰੀਦ ਕੇ ਇਕ ਸੁੰਦਰ ਡੇਰਾ ਸਥਾਪਿਤ ਕੀਤਾ। ਇਸ ਅਸਥਾਨ ਤੇ ਆਪ ਜੀ ਨੇ ਭਗਤੀ ਕਰਨ ਵਾਸਤੇ ਇਕ ਭੌਰਾ ਬਣਾਇਆ, ਰਹਿਣ ਲਈ ਕਮਰੇ ਅਤੇ ਇਕ ਪਾਣੀ ਪੀਣ ਵਾਸਤੇ ਹਲਟੀ ਵੀ ਲਗਾਈ। ਆਪ ਆਉਂਦੇ-ਜਾਂਦੇ ਰਾਹੀਆਂ ਅਤੇ ਹਾਲੀ ਪਸ਼ੂਆਂ ਨੂੰ ਹਲਟੀ ਗੇੜ ਕੇ ਆਪ ਪਾਣੀ ਪਿਲਾਉਣ ਦੀ ਸੇਵਾ ਕਰਿਆ ਕਰਦੇ ਸਨ। ਇਸ ਇਲਾਕੇ ਦੀਆਂ ਵੀ ਬਹੁਤ ਸਾਰੀਆਂ ਸੰਗਤਾਂ ਆਪ ਜੀ ਦੀਆਂ ਸ਼ਰਧਾਲੂ ਬਣ ਗਈਆਂ। ਆਪ ਜੀ ਦੇ ਜੀਵਨ ਦੀ ਵਿਸ਼ੇਸ਼ ਗੱਲ ਇਹ ਸੀ ਕਿ ਆਪ ਜੀ ਕੀਰਤਨ ਬਹੁਤ ਸੁਰੀਲੀ ਅਤੇ ਉੱਚੀ ਆਵਾਜ਼ ਵਿਚ ਕਰਿਆ ਕਰਦੇ ਸਨ। ਬਿਨਾਂ ਲਾਊਡ ਸਪੀਕਰ ਤੋਂ ਆਵਾਜ਼ ਕਈ-ਕਈ ਮੀਲਾਂ ਤੱਕ ਸੁਣਾਈ ਦਿੰਦੀ ਸੀ। ਇਸ ਅਸਥਾਨ ਤੇ ਰਹਿੰਦੇ ਹੋਏ ਆਪ ਜੀ ਹੋਲੇ-ਮੁਹੱਲੇ ਤੇ ਸ੍ਰੀ ਆਨੰਦਪੁਰ ਸਾਹਿਬ, ਦੀਵਾਲੀ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ) ਜਨਮ ਦਿਨ ਤੇ ਸ੍ਰੀ ਨਨਕਾਣਾ ਸਾਹਿਬ ਵਿਖੇ ਵੀ ਕੀਰਤਨ ਦੀਵਾਨ ਸਜਾਇਆ ਕਰਦੇ ਸਨ। ਬਜਰਾਵਰ ਡੇਰੇ ਵਿਖੇ ਕੁਝ ਸਾਲਾਂ ਦਾ ਸਮਾਂ ਰਹਿਣ ਤੋਂ ਬਾਅਦ ਆਪ ਜੀ ਨੇ ਨੰਗਲ ਖਾਦ ਫੈਕਟਰੀ ਦੇ ਨਜ਼ਦੀਕ ਪਿੰਡ ਸਨੌਲੀ ਮਜਾਰਾ ਵਿਖੇ ਇਕ ਡੇਰੇ ਦਾ ਨਿਰਮਾਣ ਕੀਤਾ। ਇਸ ਡੇਰੇ ਵਿਖੇ ਵੀ ਸੰਗਤਾਂ ਦੂਰ-ਦੂਰ ਤੋਂ ਦਰਸ਼ਨ ਕਰਨ ਵਾਸਤੇ ਆਇਆ ਕਰਦੀਆਂ ਸਨ। ਦੁਆਬੇ ਦੀਆਂ ਸੰਗਤਾਂ ਭਾਰੀ ਗਿਣਤੀ ਵਿਚ ਆਉਂਦਿਆਂ ਸਨ। ਰਸਤੇ ਵਿਚ ਸੁਆਂ ਨਦੀ ਵਿਚ ਪਾਣੀ ਜ਼ਿਆਦਾ ਹੋਣ ਕਾਰਨ ਅਤੇ ਬਿਖੜੇ ਪੈਂਡੇ ਹੋਣ ਕਾਰਨ ਸੰਗਤਾਂ ਨੂੰ ਬਹੁਤ ਮੁਸ਼ਕਿਲ ਆਉਂਦੀ ਸੀ। ਇਸ ਲਈ ਸੰਗਤਾਂ ਨੇ ਬੇਨਤੀ ਕਰਿਆ ਕਰਨੀ ਕਿ ਮਹਾਰਾਜ ਆਪ ਦੁਆਬੇ ਵਿਚ ਵਾਪਸ ਆ ਕੇ ਡੇਰਾ ਬਣਾਓ ਤਾਂ ਸੰਗਤਾਂ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਫਗਵਾੜੇ ਦੀ ਧਰਤੀ 'ਤੇ ਇਕ ਬਹੁਤ ਸੁੰਦਰ ਡੇਰਾ ਸਥਾਪਿਤ ਕੀਤਾ ਅਤੇ ਆਪਣੇ ਅੰਤ ਸਮੇਂ ਤੱਕ ਇਸੇ ਅਸਥਾਲ 'ਤੇ ਹੀ ਰਹੇ।



ਇਸੇ ਅਸਥਾਨ 'ਤੇ ਸੰਤ ਬਾਬਾ ਚਮਨ ਦਾਸ ਜੀ ਬਾਲ ਅਵਸਥਾ ਵਿਚ ਆਪ ਜੀ ਦੀ ਸ਼ਰਨ ਵਿਚ ਆਏ। ਆਪ ਜੀ ਦੀ ਸੇਵਾ ਤੋਂ ਖੁਸ਼ ਹੋ ਕੇ ਸੰਤ ਬਾਬਾ ਗੋਬਿੰਦ ਦਾਸ ਜੀ ਨੇ ਉਹਨਾਂ ਨੂੰ ਗੁਰਤਾ-ਗੱਦੀ ਦੇ ਵਾਰਸ ਬਣਾਇਆ।

ਆਪ ਜੀ ਨੇ ਭਾਰਤ ਵਰਸ਼ ਦੇ ਕਈ ਹਿੱਸਿਆਂ ਵਿਚ ਜਾ ਕੇ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਗੁਰੂ ਰਵਿਦਾਸ ਜੀ ਅਤੇ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦਿੰਦੇ ਹੋਏ ਗੁਰਬਾਣੀ ਅਤੇ ਗੁਰ-ਇਤਿਹਾਸ ਕੀਰਤਨ ਰਾਹੀਂ ਸੰਗਤਾਂ ਨੂੰ ਸਰਵਣ ਕਰਾ ਕੇ ਆਮ ਲੋਕਾਈ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਨਾਲ ਜੋੜਿਆ ਅਤੇ ਸੰਗਤਾਂ ਦਾ ਲੋਕ ਪ੍ਰਲੋਕ ਸੰਵਾਰਿਆ। ਮਹਾਂਪੁਰਸ਼ ਸਾਰੀ ਲੋਕਾਈ ਨੂੰ ਇਕ ਸਮ-ਦ੍ਰਿਸ਼ਟੀ ਨਾਲ ਤੱਕਦੇ ਹਨ ਅਤੇ ਸਾਰਿਆਂ ਵਿਚ ਉਸ ਪਰਮਾਤਮਾ ਦੇ ਦਰਸ਼ਨ ਕਰਦੇ ਹਨ। ਇਸ ਲਈ ਹਰ ਆਮ ਤੇ ਖਾਸ ਸਾਰੇ ਮਜ਼ਹਬਾਂ ਦੇ ਲੋਕ ਆਪ ਜੀ ਨਾਲ ਜੁੜੇ। ਆਪ ਜੀ ਹਰ ਇਕ ਨੂੰ ਬਰਾਬਰ ਪਿਆਰ ਕਰਦੇ ਸਨ। ਬਹੁਤ ਸਾਰੇ ਸੰਤ ਜੋ ਆਪ ਜੀ ਦੀ ਸ਼ਰਨ ਵਿਚ ਇਕ ਸੇਵਾਦਾਰ ਦੇ ਰੂਪ ਵਿਚ ਆਏ ਅਤੇ ਆਪ ਜੀ ਪਾਸੋਂ ਨਾਮ ਜਪਣ ਦੀ ਜੁਗਤੀ ਪ੍ਰਾਪਤ ਕਰਦੇ ਪੂਰਨ ਸੰਤ ਬਣੇ। ਆਪ ਜੀ ਨੇ ਬਹੁਤ ਸਾਰੇ ਨਗਰਾਂ ਵਿਚ ਗੁਰੂ ਰਵਿਦਾਸ ਜੀ ਦੇ ਨਾਮ ਤੇ ਗੁਰੂ ਘਰ ਬਣਵਾਏ ਅਤੇ ਸੰਗਤਾਂ ਨੂੰ ਹਰ ਨਗਰ ਵਿਚ ਗੁਰੂ ਘਰ ਬਣਾਉਣ ਦੀ ਪ੍ਰੇਰਨਾ ਕੀਤੀ। ਜਿੱਥੇ ਆਪ ਅਧਿਆਤਮਕ ਵਿੱਦਿਆ ਦੀ ਪ੍ਰਾਪਤੀ 'ਤੇ ਜ਼ੋਰ ਦਿੰਦੇ, ਉਥੇ ਸੰਗਤਾਂ ਨੂੰ ਆਪਣੇ ਬੱਚਿਆਂ ਨੂੰ ਦੁਨਿਆਵੀ ਉੱਚ ਵਿਦਿਆ ਗ੍ਰਹਿਣ ਕਰਨ 'ਤੇ ਵੀ ਜ਼ੋਰ ਦਿੱਤਾ।

"ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ।। ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ।।" ਦੇ ਮਹਾਂਵਾਕ ਅਨੁਸਾਰ ਆਪ ਜੀ ਸੰਗਤਾਂ ਨੂੰ ਸੰਤ ਬਾਬਾ ਚਰਨ ਦਾਸ ਜੀ ਲੜ ਲਾ ਕੇ 24 ਮਾਘ ਮੁਤਾਬਕ, 6 ਫਰਵਰੀ 1968 ਨੂੰ ਸੱਚਖੰਡ ਜਾ ਬਿਰਾਜੇ। ਆਪ ਜੀ ਤੋਂ ਬਾਅਦ ਸੰਤ ਬਾਬਾ ਚਮਨ ਦਾਸ ਜੀ ਨੇ ਡੇਰੇ ਦੀ ਸੇਵਾ ਪੂਰੀ ਤਨਦੇਹੀ, ਨਿਮਰਤਾ ਅਤੇ ਪਿਆਰ ਨਾਲ ਨਿਭਾਈ। ਸੰਤ ਬਾਬਾ ਗੋਬਿੰਦ ਦਾਸ ਜੀ ਦੇ ਜਨਮ ਦਿਨ ਅਤੇ ਬਰਸੀ ਸਮਾਗਮ ਬਹੁਤ ਵੱਡੇ ਪੱਧਰ 'ਤੇ ਆਰੰਭ ਕੀਤੇ। ਆਪ ਜੀ ਨੇ ਆਖੰਡ ਪਾਠਾਂ ਦੀਆਂ ਲੜੀਆਂ ਚਲਾਈਆਂ ਅਤੇ ਹਰ ਸੰਗਰਾਂਦ ਤੇ ਜੋੜ ਮੇਲੇ ਅਤੇ ਸਮਾਗਮ ਕਰਾ ਕੇ ਸੰਗਤਾਂ ਨੂੰ ਗੁਰੂ ਗ੍ਰੰਥ ਜੀ ਨਾਲ ਜੋੜਿਆ। ਆਪ ਜੀ ਨੇ ਯੂਰਪ, ਅਰਬ ਦੇਸ਼ਾਂ ਅਤੇ ਕੈਨੇਡਾ ਵਰਗੇ ਮੁਲਕਾਂ ਵਿਚ ਜਾ ਕੇ ਸੰਗਤਾਂ ਨੂੰ ਨਾਮ ਜਪਣ ਦਾ ਉਪਦੇਸ਼ ਦਿੱਤਾ। ਸੰਤ ਬਾਬਾ ਗੋਬਿੰਦ ਦਾਸ ਜੀ ਦੇ ਪਵਿੱਤਰ ਬਰਸੀ ਸਮਾਗਮ ਤੋਂ ਇਕ ਦਿਨ ਪਹਿਲਾਂ ਮਹਾਂਪੁਰਖਾਂ ਦੀ ਯਾਦ ਵਿਚ ਛਿੰਝ ਪਵਾਈ ਜਾਂਦੀ ਹੈ, ਜਿਸ ਵਿਚ ਨਾਮੀ ਪਹਿਲਵਾਨ ਹਿੱਸਾ ਲੈਂਦੇ ਹਨ ਅਤੇ ਇਸਦਾ ਸਾਰਾ ਪ੍ਰਬੰਧ ਇਲਾਕੇ ਦੀ ਛਿੰਝ ਕਮੇਟੀ ਜ਼ਿਮੀਦਾਰ ਭਰਾਵਾਂ ਵੱਲੋਂ ਹੀ ਕੀਤਾ ਜਾਂਦਾ ਹੈ। ਫਗਵਾੜੇ ਦੀ ਧਰਤੀ 'ਤੇ ਜਿਸ ਅਸਥਾਨ 'ਤੇ ਬਾਬਾ ਜੀ ਨੇ ਡੇਰਾ ਬਣਾਇਆ ਸੀ, ਹੁਣ ਆਪ ਜੀ ਦੇ ਨਾਮ 'ਤੇ 'ਮੁਹੱਲਾ ਗੋਬਿੰਦਪੁਰਾ' ਇਕ ਬਹੁਤ ਵੱਡਾ ਨਗਰ ਵਸਦਾ ਹੈ, ਜਿਸਦੀ ਕਈ ਹਜ਼ਾਰਾਂ ਦੀ ਗਿਣਤੀ ਵਿਚ ਆਬਾਦੀ ਹੈ।

ਸੰਤ ਬਾਬਾ ਚਮਨ ਦਾਸ ਜੀ 2 ਅਗਸਤ, 2012 ਨੂੰ ਸੱਚਖੰਡ ਪ੍ਰਵਾਸ ਕਰ ਜਾਣ ਤੱਕ 44 ਸਾਲ ਦਾ ਲੰਬਾ ਸਮਾਂ ਗੁਰਤਾ-ਗੱਦੀ ਤੇ ਬਿਰਾਜਮਾਨ ਰਹੇ ਅਤੇ ਇਸ ਸਮੇਂ ਦੌਰਾਨ ਆਪ ਜੀ ਨੇ ਡੇਰੇ ਦਾ ਬਹੁਤ ਵੱਡਾ ਵਿਕਾਸ ਕੀਤਾ ਅਤੇ ਇੰਗਲੈਂਡ ਦੀ ਧਰਤੀ 'ਤੇ ਬਿਲਸਟਨ ਸ਼ਹਿਰ ਵਿਖੇ ਬਾਬਾ ਜੀ ਦੀ ਯਾਦ ਵਿਚ ਇਕ ਬਹੁਤ ਹੀ ਸੁੰਦਰ ਡੇਰੇ ਦਾ ਨਿਰਮਾਣ ਕੀਤਾ। ਇਸਦੇ ਨਾਲ ਹੀ ਉਹਨਾਂ ਨੇ ਆਪਣੀਆਂ ਸੰਗਤਾਂ ਦੀ ਜ਼ਿੰਦਗੀ ਨੂੰ ਖੁਸ਼ੀਆਂ ਤੇ ਖੇੜਿਆਂ ਭਰਪੂਰ ਬਣਾਇਆ।

ਇਸ ਸਮੇਂ ਦੌਰਾਨ ਡੇਰੇ ਦੇ ਮੌਜੂਦਾ ਮੁੱਖ ਸੰਚਾਲਕ ਸੰਤ ਦੇਸ ਰਾਜ ਜੀ ਵੱਡੇ ਮਹਾਂਪੁਰਸ਼ਾਂ ਦੁਆਰਾ ਚਲਾਈ ਪ੍ਰੰਪਰਾ ਨੂੰ ਹੋਰ ਅੱਗੇ ਵਧਾ ਰਹੇ ਹਨ ਅਤੇ ਡੇਰੇ ਦੀ ਸੇਵਾ ਪੂਰੀ ਤਨਦੇਹੀ ਨਾਲ ਨਿਭਾਅ ਰਹੇ ਹਨ।

ਸੰਤ ਬਾਬਾ ਗੋਬਿੰਦ ਦਾਸ ਜੀ ਦਾ 130ਵਾਂ ਜਨਮ ਦਿਨ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਪਿਟਸਬਰਗ ਕੈਲੇਫੋਰਨੀਆ ਵਿਖੇ ਆਪ ਜੀ ਦੇ ਅਨਿਨ ਸ਼ਰਧਾਲੂ ਸਵਰਗਵਾਸੀ ਬਜ਼ੁਰਗ ਸ੍ਰੀ ਰੱਖਾ ਰਾਮ ਜੀ, ਉਹਨਾਂ ਦੇ ਸਪੁੱਤਰ ਸਵਰਗਵਾਸੀ ਸ. ਗੁਲਜ਼ਾਰ ਸਿੰਘ ਅਤੇ ਸ. ਸੰਸਾਰ ਸਿੰਘ ਦੇ ਸਮੂਹ ਪਰਿਵਾਰ ਵੱਲੋਂ ਬੜੀ ਸ਼ਰਧਾ ਭਾਵਨਾ ਨਾਲ ਮਿਤੀ 31-12-2023 ਦਿਨ ਐਤਵਾਰ ਨੂੰ ਮਨਾਇਆ ਗਿਆ।

31 ਦਸੰਬਰ 2023 ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦੀਵਾਨ ਸਜਾਏ ਗਏ ਅਤੇ ਗੁਰੂ ਕੇ ਲੰਗਰ ਸਮੂਹ ਬੈਂਸ ਪਰਿਵਾਰਾਂ ਵੱਲੋਂ ਅਤੁੱਟ ਵਰਤਾਏ ਗਏ।


# ਪੁਸਤਕ ਸਮੀਖਿਆ

**ਜ਼ਾਵੀਆ**
**ਡਾ. ਅਰਵਿੰਦਰ ਸਿੰਘ**
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**
**ਕੀਮਤ 299/- ਰੁਪੈ**

## ਜ਼ਾਵੀਆਂ - ਇੱਕ ਵੱਡਮੁੱਲਾ ਦਸਤਾਵੇਜ਼

ਡਾ. ਅਰਵਿੰਦਰ ਸਿੰਘ ਪੰਜਾਬ ਦੀ ਵੱਕਾਰੀ ਸੰਸਥਾ ਵਿੱਚ ਬਤੌਰ ਪ੍ਰਿੰਸੀਪਲ ਸੇਵਾਵਾਂ ਨਿਭਾ ਰਹੇ ਹਨ। ਓਹਨਾਂ ਦੀਆਂ ਲਿਖਤਾਂ ਪੜ੍ਹ ਕੇ ਖੁਸ਼ੀ ਤੇ ਮਾਣ ਮਹਿਸੂਸ ਹੁੰਦਾ ਹੈ ਅਤੇ ਇਹ ਵਿਚਾਰ ਮਨ ਵਿੱਚ ਆਉਂਦਾ ਹੈ ਕਿ ਇੱਕ ਸਿੱਖਿਆ ਸੰਸਥਾ ਚਲਾਉਣ ਲਈ ਅਜਿਹੀ ਸੋਚ ਦੇ ਧਾਰਨੀ ਪ੍ਰਿੰਸੀਪਲ ਹੀ ਚਾਹੀਦੇ ਹਨ, ਕਿਉਂਕਿ ਉਹ ਸਿੱਖਿਆ ਸ਼ਾਸਤਰੀ ਹੋਣ ਦੇ ਨਾਲ-ਨਾਲ ਉੱਚੀ ਤੇ ਸੁੱਚੀ ਸੋਚ ਦੇ ਧਾਰਨੀ ਹਨ ਅਤੇ ਜਿਸ ਤਰ੍ਹਾਂ ਦਾ ਮੁਖੀ ਦਾ ਜਾਵੀਆ ਹੋਵੇਗਾ, ਉਸ ਤਰ੍ਹਾਂ ਦਾ ਹੀ ਸੰਸਥਾ ਵਿੱਚ ਮਾਹੌਲ ਹੋਵੇਗਾ। ਸਾਹਿਤ ਰਚਨਾ ਆਕਾਲ ਪੁਰਖ ਦੀ ਬਹੁਤ ਵੱਡੀ ਦੇਣ ਹੈ ਕਿਉਂ ਕਿ ਕਵਿਤਾ ਲਈ ਕਿਹਾ ਜਾਂਦਾ ਹੈ ਕਿ ਕਵਿਤਾ ਉਪਰੋਂ ਉਤਰਦੀ ਹੈ। ਕਹਾਣੀ ਅਤੇ ਨਾਵਲ ਨੂੰ ਪਾਤਰ ਅੱਗੇ ਤੋਰ ਲਿਜਾਂਦੇ ਹਨ, ਪਰ ਨਿਬੰਧ ਲਿਖਣਾ ਪੂਰੀ ਤਰ੍ਹਾਂ ਲੇਖਕ ਦੇ ਡੂੰਘੇ ਗਿਆਨ ਤੇ ਸੂਝ ਬੂਝ ਤੇ ਨਿਰਭਰ ਕਰਦਾ ਹੈ ਅਤੇ ਲਲਿਤ ਨਿਬੰਧ ਹੋਰ ਵੀ ਮੁਸ਼ਕਿਲ ਹੈ ਜਿਸ ਵਿਚ ਥੋੜ੍ਹੇ ਲਫਜ਼ਾਂ ਵਿੱਚ ਗੂੜ੍ਹ ਗਿਆਨ ਦਾ ਪਸਾਰ ਸਮੇਟਣਾ ਹੁੰਦਾ ਹੈ। ਹਥਲੀ ਪੁਸਤਕ 'ਜ਼ਾਵੀਆ' ਇਸ ਪੈਮਾਨੇ ਉਤੇ ਲੇਖਕ ਦਾ ਗਿਆਨ, ਸ਼ਬਦਾਂ ਦੀ ਚੋਣ ਅਤੇ ਵਿਚਾਰਾਂ ਦੀ ਗਹਿਰਾਈ ਦਾ ਮੁਜੱਸਮਾ ਹੈ, ਜੋ ਕਿ ਪਾਠਕ ਨੂੰ ਖਿੱਚ ਪਾਉਂਦੀ ਹੈ ਅਤੇ ਉਸਦੀ ਸੋਚ ਤੇ ਹਾਵੀ ਹੁੰਦੀ ਹੈ ।

'ਜ਼ਾਵੀਆ' ਇੱਕ ਬਹੁਤ ਡੂੰਘਾ ਵਿਸ਼ਾ ਹੈ, ਜਿਸ ਉੱਪਰ ਇਨਸਾਨ ਦੀ ਜ਼ਿੰਦਗੀ, ਰਿਸ਼ਤੇ, ਸਫਲਤਾ- ਅਸਫ਼ਲਤਾ, ਸੁੱਖ-ਦੁੱਖ ਅਤੇ ਜੀਵਨ ਜਾਚ ਨਿਰਭਰ ਕਰਦੀ ਹੈ । ਇਸ ਵਿਸ਼ੇ ਨੂੰ ਸਮੇਟਣਾ ਆਸਾਨ ਕੰਮ ਨਹੀਂ ਹੈ । ਇਸ ਵਿਚੋਂ ਲੇਖਕ ਦੀ ਸਾਧਨਾ ਨਜ਼ਰ ਆਉਂਦੀ ਹੈ ਕਿ ਉਸ ਨੇ ਵਿਦਵਾਨਾਂ ਨੂੰ ਸ਼ਾਇਰਾਂ ਨੂੰ ਕਿੰਨਾ ਕੁ ਪੜ੍ਹਿਆ ਹੋਵੇਗਾ ਕਿ ਉਸ ਵਿਚੋਂ ਨੁਕਤਾ-ਏ-ਨਿਗਾਹ ਨਾਲ ਸੰਬੰਧ ਰੱਖਦੇ ਪੰਝਤਰ ਨੁਕਤੇ ਲੱਭੇ ਹੋਣਗੇ, ਜੋ ਕਿ ਇਕ ਮਨੁੱਖ ਦੇ ਜ਼ਾਵੀਏ ਨੂੰ ਦਰਸਾਉਂਦੇ ਹਨ ਤੇ ਫੇਰ ਉਸ ਦੀ ਵਿਆਖਿਆ ਦਰਵੇਸ਼ਾਨਾ ਅਤੇ ਫ਼ਕੀਰਾਨਾ ਅੰਦਾਜ਼ ਵਿੱਚ ਥੋੜ੍ਹੇ ਗਿਣੇ ਮਿਥੇ ਸ਼ਬਦਾਂ ਵਿਚ ਕੀਤੀ। ਡਾ. ਅਰਵਿੰਦਰ ਸਿੰਘ ਨੇ ਇਸ ਕਿਤਾਬ ਵਿੱਚ ਉਰਦੂ, ਪੰਜਾਬੀ ਅਤੇ ਹਿੰਦੀ ਦੇ ਨਾਮਵਰ ਕਵੀਆਂ ਦੀਆਂ ਪੰਕਤੀਆਂ ਲੈਕੇ ਉਸ ਉਪਰ ਆਪਣੀ ਦਰਵੇਸ਼ਾਨਾ ਟਿੱਪਣ-ਿਆਂ ਕੀਤੀਆਂ ਹਨ, ਜੋ ਕਿ ਇਨਸਾਨ ਨੂੰ ਜੀਵਨ ਜਿਉਣ ਤੇ ਉਸਦੀ ਸੋਚ ਨੂੰ ਸਕਾਰਾਤਮਕ ਰੱਖਣ ਲਈ ਰਾਹ ਦਸੇਰੇ ਹਨ। ਇੰਜ ਜਾਪਦਾ ਹੈ ਕਿ ਲੇਖਕ ਨੇ ਇਹਨਾਂ ਕਵੀਆਂ ਦੀਆਂ ਪੰਕਤੀਆਂ ਗਹਿਰੀ ਸੋਚ ਤੇ ਖੋਜ ਨਾਲ ਚੁਣੀਆਂ ਹਨ ਕਿਉਂ ਕਿ ਕੁਝ ਨਾਮ ਤਾਂ ਲੋਕਾਂ ਦੀ ਜੁਬਾਨ ਉੱਪਰ ਹੁੰਦੇ ਹਨ, ਪਰ ਕੁਝ ਅਜਿਹੇ ਵੀ ਸ਼ਾਇਰ ਹਨ, ਜਿਨ੍ਹਾਂ ਦਾ ਬਹੁਤ ਜਿਆਦਾ ਜ਼ਿਕਰ ਨਹੀਂ ਕੀਤਾ ਜਾਂਦਾ ਹੈ। ਲਗਭਗ ਵੀਹ ਕੁ ਕਵੀ ਉਰਦੂ ਦੇ ਹਨ, ਜਿਨ੍ਹਾਂ ਵਿੱਚ ਇਕਬਾਲ, ਅਕਬਰ ਅਲਾਹਾਬਾਦੀ, ਹਾਸ਼ਮ ਸ਼ਾਹ, ਰਸਖਾਨ, ਕਤੀਲ ਸ਼ਿਫਾਈ, ਫ਼ਿਰਾਕ ਗੋਰਖਪੁਰੀ, ਸਾਹਿਰ ਲੁਧਿਆਣਵੀ, ਫ਼ਿਦਾ ਬੁਖ਼ਾਰੀ, ਅਨੁਜਮ ਰੂਮਾਨੀ ਆਦਿ ਸ਼ਾਮਿਲ ਹਨ। ਪੰਜਾਬੀ ਦੇ ਸੁਰਜੀਤ ਪਾਤਰ, ਸੰਤ ਰਾਮ ਉਦਾਸੀ, ਪ੍ਰੋ. ਮੋਹਣ ਸਿੰਘ, ਡਾ ਹਰਿਭਜਨ ਸਿੰਘ, ਡਾ. ਦੀਵਾਨ ਸਿੰਘ ਕਾਲੇਪਾਣੀ, ਬੁੱਲੇ ਸ਼ਾਹ, ਸ਼ਾਹ ਹੁਸੈਨ, ਸੁਲਤਾਨ ਬਾਹੂ, ਤੇ ਹਿੰਦੀ ਦੇ ਗੁਲਜ਼ਾਰ, ਹਰਿਵੰਸ਼ ਰਾਏ ਬੱਚਨ, ਰਹੀਮ ਅਤੇ ਇਥੋਂ ਤਕ ਕਿ ਲਹਿੰਦੇ ਪੰਜਾਬ ਦੇ ਬਾਬਾ ਨਜ਼ਮੀ, ਅਫ਼ਜ਼ਲ ਅਹਿਸਾਨ ਰੰਧਾਵਾ ਆਦਿ ਦੀਆਂ ਜ਼ਾਵੀਏ ਨਾਲ ਸੰਬੰਧਿਤ ਪੰਕਤੀਆਂ ਦੇ ਹਵਾਲੇ ਵਿੱਚ ਲੇਖਕ ਨੇ ਅਪਣੇ ਵਿਚਾਰ ਦਿੱਤੇ ਹਨ। ਜਿਵੇਂ ਕਿ "ਢੂੰਢਤਾ ਫਿਰਤਾ ਹੂੰ ਮੈਂ ਇਕਬਾਲ ਅਪਣੇ ਆਪ ਕੋ ਆਪ ਹੀ ਗੋਯਾ ਮੁਸਾਫ਼ਿਰ, ਆਪ ਹੀ ਮੰਜ਼ਿਲ ਹੂੰ ਮੈਂ। ਲੋਕ ਕਿੱਧਰ ਜਾ ਰਹੇ ਸਨ ਲੋਕਤਾ ਨੂੰ ਮਿੱਧ ਕੇ ਮਸਲ ਕੇ ਇਨਸਾਨੀਅਤ ਇਨਸਾਨ ਕਿਧਰ ਜਾ ਰਿਹਾ ਸੀ (ਸੁਰਜੀਤ ਪਾਤਰ)। ਇਸ ਤਰ੍ਹਾਂ ਸ਼ਾਇਰਾਂ ਦੀਆਂ ਪੰਕਤੀਆਂ ਤੋਂ ਇਲਾਵਾ ਵਿਸ਼ੇਸ਼ ਸੰਬੰਧਿਤ ਸਿਰਲੇਖ ਦੇ ਕੇ ਉਸ ਦਾ ਵਰਨਣ ਕਰਦੇ ਹੋਏ ਮਨੁੱਖ ਨੂੰ ਆਪਣੀ ਸੋਚ ਸਕਾਰਾਤਮਕ ਅਤੇ ਉਸਾਰੂ ਰੱਖਣ ਦਾ ਸੰਦੇਸ਼ ਦਿੰਦੀ ਹੈ ਇਹ ਪੁਸਤਕ। ਇਸ ਦੀ ਭਾਸ਼ਾ ਵਿਦਵਤਾ ਭਰਪੂਰ ਅਤੇ ਉਪਦੇਸ਼ਾਤਮਕ ਅੰਦਾਜ਼ ਵਿੱਚ ਲਿਖੀ ਗਈ ਹੈ। ਅਜੋਕੇ ਸਮੇਂ ਵਿੱਚ ਜਦੋਂ ਮਨੁੱਖੀ ਕਦਰਾਂ ਕੀਮਤਾਂ ਵਿੱਚ ਨਿਘਾਰ ਆ ਰਿਹਾ ਹੈ ਅਤੇ ਈਰਖਾ, ਕ੍ਰੋਧ ਅਤੇ ਵੈਰ-ਵਿਰੋਧ ਵੱਧ ਰਿਹਾ ਹੈ । ਅਜਿਹੇ ਸਮੇਂ ਵਿੱਚ ਇਹ ਪੁਸਤਕ ਪਿਆਰ, ਮਾਨਵਤਾ, ਇਕ ਦੂਜੇ ਦਾ ਸਨਮਾਨ, ਮਿੱਠਾ ਬੋਲਣਾ, ਅਪਣੇ ਆਪ ਤੇ ਵਿਸ਼ਵਾਸ ਅਤੇ ਰਿਸ਼ਤਿਆਂ ਵਿਚ ਵਿਸ਼ਵਾਸ ਦਾ ਸੰਦੇਸ਼ ਦਿੰਦੀ ਹੈ, ਕਿਉਂ ਕਿ ਜਾਵੀਆ ਹੀ ਹੈ, ਜੋ ਮਨੁੱਖ ਨੂੰ ਸਫਲਤਾ ਤੱਕ ਲੈ ਕੇ ਜਾ ਸਕਦਾ ਹੈ ਜਾਂ ਨਿਰਾਸ਼ਾ ਦੇ ਸਮੁੰਦਰ ਵਿੱਚ ਡੁਬੋ ਸਕਦਾ ਹੈ।




ਡਾ. ਅਰਵਿੰਦਰ ਸਿੰਘ ਦੀ ਇਹ ਪੁਸਤਕ ਇੱਕ ਵੱਡਮੁੱਲਾ ਦਸਤਾਵੇਜ਼ ਹੈ, ਜੋ ਕਿ ਮਨੁੱਖ ਲਈ ਸਿਹਤਮੰਦ ਸਮਾਜ ਸਿਰਜਣ ਲਈ ਲਿਖਿਆ ਗਿਆ ਹੈ ਅਤੇ ਵਿਸ਼ੇਸ਼ ਤੌਰ ਤੇ ਵਰਤਮਾਨ ਪੀੜ੍ਹੀ ਨੂੰ ਨਿਰਾਸ਼ਾ ਅਤੇ ਨਸ਼ਿਆਂ ਤੋਂ ਦੂਰ ਰਹਿਣ ਦਾ ਸੁਨੇਹਾ ਦਿੱਤਾ ਗਿਆ ਹੈ। ਲੇਖਕ ਦਾ ਭਾਸ਼ਾ ਗਿਆਨ ਕਾਬਿਲੇ ਤਾਰੀਫ ਹੈ ਅਤੇ ਇਸ ਨੂੰ ਲਿਖਣ ਦੇ ਪਿੱਛੇ ਉਸ ਦੀ ਸੋਚ, ਲਗਨ ਤੇ ਮਿਹਨਤ ਸਾਫ ਨਜ਼ਰ ਆਉਂਦੀ ਹੈ । ਅਜਿਹਾ ਸਾਹਿਤ ਰਚਨ ਦੀ ਲੋੜ ਹੈ ਅਤੇ ਵਿਦਿਅਕ ਸੰਸਥਾਵਾਂ ਵਿੱਚ ਪੜ੍ਹਾਏ ਜਾਣ ਦੀ ਲੋੜ ਹੈ। ਮੈਂ ਡਾ. ਅਰਵਿੰਦਰ ਸਿੰਘ ਨੂੰ ਇਸ ਸਫਲ ਸਿਰਜਣਾ ਲਈ ਮੁਬਾਰਕਬਾਦ ਦਿੰਦੀ ਹਾਂ ਅਤੇ ਭਵਿੱਖ ਲਈ ਮੰਗਲਕਾਮਨਾ ਕਰਦੀ ਹਾਂ।

**ਪ੍ਰਿੰ. ਪ੍ਰੋਮਿਲਾ ਅਰੋੜਾ 9814958386**


# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ



### ਮਾਏ ਨੀਂ ਮੈਂ ਇੱਕ ਸ਼ਿਕਰਾ ਯਾਰ ਬਣਾਇਆ– ਦਰਸ਼ਨ ਔਲਖ

ਅਨੇਕਾਂ ਪੰਜਾਬੀ ਤੇ ਹਿੰਦੀ ਫ਼ਿਲਮਾਂ ਦੇ ਅਦਾਕਾਰ ਤੇ ਪਾਲੀਵੁੱਡ ਤੋਂ ਹਾਲੀਵੁੱਡ ਤੱਕ ਫ਼ਿਲਮਾਂ ਦੇ ਲਾਈਨ ਨਿਰਮਾਤਾ ਦਰਸ਼ਨ ਔਲਖ ਲਈ ਸ਼ੁੱਭ ਆਇਆ ਏ ਨਵਾਂ ਸਾਲ ਤੇ ਮਿਲੀ ਏ ਨਵੀਂ ਫਿਲਮ।ਇਹ ਹੈ ਜੱਸੀ ਮਾਨ ਦੀ ਮਾਏ ਨੀਂ ਮੈਂ ਇੱਕ ਸ਼ਿਕਰਾ ਯਾਰ ਬਣਾਇਆ' ਜਿਸ ਵਿੱਚ ਓਹ ਅਸੀਸ ਦੁੱਗਲ, ਸੁਨੀਤਾ ਧੀਰ ਨਾਲ ਅਦਾਕਾਰੀ ਕਰਨਗੇ। ਦਰਸ਼ਨ ਦੇ ਦਰਸ਼ਨ ਫ਼ਿਲਮਾਂ ਵਿੱਚ ਹੁੰਦੇ ਰਹਿਣ ਤੇ ਲਾਇਨ ਨਿਰਮਾਤਾ ਬਣ ਔਲਖ ਕਰੇ ਹੋਰ ਤਰੱਕੀ 2024 ਵਿੱਚ ਦਰਸ਼ਨ ਔਲਖ ਦੇ ਚਹੇਤੇ ਇਹੀ ਚਾਹੁੰਦੇ ਹਨ।ਨਰਗਿਸ ਫਾਖਰੀ ਨੇ ਨਵੇਂ ਸਾਲ ਦਰਸ਼ਨ ਔਲਖ ਨੂੰ ਖਾਸ ਵਧਾਈ ਵੀ ਦਿੱਤੀ ।









### ਮਿਸ ਪੂਜਾ ਕਹਿੰਦੀ ਇਸ ਸਾਲ ਵੀ ਵਾਰੇ ਨਿਆਰੇ

ਖ਼ੂਬ ਦੋਗਾਣੇ ਚਲਦੇ ਰਹੇ ਮਿਸ ਪੂਜਾ ਦੇ ਤੇ ਅੱਜ ਵੀ ਮਿਸ ਪੂਜਾ ਦਾ ਆਕਰਸ਼ਣ ਕਾਫ਼ੀ ਹੱਦ ਤੱਕ ਬਰਕਰਾਰ ਹੈ।ਪੈਸੇ ਵਾਧੂ ਕਮਾਏ ਹਨ ਤੇ ਨਵੇਂ ਤੋਂ ਨਾਮਵਰ ਗਾਇਕ ਤੱਕ ਓਸ ਨਾਲ ਗਾ ਕਿ ਆਪਣਾ ਧੰਨਭਾਗ ਸਮਝਦੇ ਰਹੇ ਤੇ ਮਿਸ ਪੂਜਾ ਦੀ ਬੱਲੇ ਬੱਲੇ ਫ਼ਿਲਮ ਤੱਕ ਪਹੁੰਚੀ ਤੇ ਨਾਇਕਾ ਬਣ ਵੀ ਸ਼ੋਹਰਤ ਲਈ।ਮਿਸ ਪੂਜਾ ਇਸ 24 ਸੰਨ ਦੌਰਾਨ ਅਮਰੀਕਾ ਵਿਖੇ ਸਟੇਜ ਸ਼ੋ ਲਾ ਰਹੀ ਏ ਨਾਲ ਗੀਤਾ ਜ਼ੈਲਦਾਰ ਹੈ ਤੇ ਪੂਜਾ ਦੀ ਪੂਜਾ ਅਜੇ ਵੀ ਸੰਗੀਤ ਪਿਆਰੇ ਕਰਦੇ ਹਨ, ਇਹ ਸਾਫ਼ ਦਿਖਾਈ ਦੇ ਰਿਹਾ ਹੈ।

### ਕਰੇਗਾ ਫ਼ਿਲਮ ਜੱਗ ਤੋਂ ਵੱਖਰੀ ਇਸ ਸਾਲ –ਰਾਜ ਕਾਕੜਾ

ਪੰਜਾਬੀਆਂ ਦਾ ਚਹੇਤਾ ਗੀਤਕਾਰ ਹੈ ਰਾਜ ਕਾਕੜਾ ਜਿਸ ਦੀ ਸ਼ਾਇਰੀ ਤੇ ਪੰਜਾਬ ਪ੍ਰਤੀ ਮੋਹ ਜਰਮਨੀ, ਇਟਲੀ, ਯੂਰਪ, ਅਮਰੀਕਾ ਹਰ ਥਾਂ ਸਰੋਤੇ ਤੇ ਦਰਸ਼ਕ ਦੇਖ ਸੁਣ ਅਸ਼ਕੇ ਬਈ ਅਸ਼ਕੇ ਰਾਜ ਦੇ ਆਖਦੇ ਹਨ। ਹੁਣੇ ਜਿਹੇ ਕਨੇਡਾ ਤੇ ਆਸਟ੍ਰੇਲੀਆ ਸਨਮਾਨ ਲੈਣ ਉਪਰੰਤ ਗੀਤਕਾਰ ਤੋਂ ਗਾਇਕੀ ਬਣੇ ਰਾਜ ਨੇ ਕਿਹਾ ਕਿ ਲੋਕ ਓਹਨਾਂ ਨੂੰ ਫ਼ਿਲਮ ਕਰਨ ਲਈ ਕਹਿ ਰਹੇ ਹਨ ਤੇ ਇਸ ਸਾਲ ਓਹ ਜ਼ਰੂਰ ਕੋਈ ਫ਼ਿਲਮ ਕਰਨਗੇ। 'ਪੱਤਾ ਪੱਤਾ ਸਿੰਘਾਂ ਦਾ ਵੈਰੀ' 'ਕੌਮ ਦੇ ਹੀਰੇ' 'ਧਰਮਯੁੱਧ ਮੋਰਚੇ' ਦੇ ਨਾਇਕ ਰਾਜ ਕਾਕੜਾ ਨੂੰ ਪੰਜਾਬੀਅਤ ਦਾ ਨਾਇਕ ਬਣ ਦਰਸ਼ਕ ਦੇਖਣ ਲਈ ਬੇਤਾਬ ਹਨ।ਵਿਦੇਸ਼ ਵਿਖੇ ਅੱਜਕਲ ਸ਼ੋ ਲਾ ਰਹੇ ਰਾਜ ਕਾਕੜਾ ਤੋਂ ਇਸ ਪ੍ਰਤੀ ਐਲਾਨ ਜਲਦੀ ਹੋਏਗਾ।





### ਪੰਜਾਬੀ ਤੇ ਹਿੰਦੀ ਸੰਗੀਤ ਦੇ ਚੋਟੀ ਦੇ ਸਿਤਾਰੇ ਆਪਣੇ ਨਾਲ– ਰਾਮ ਭੋਗਪੁਰ

ਕਿਸਮਤ ਜਦ ਚਮਕਦੀ ਏ ਤਦ ਰਾਤੋਂ ਦਿਨ ਨਹੀਂ ਚੜ੍ਹਨ ਦਿੰਦੀ ਤੇ ਰਾਤੋ ਰਾਤ ਰਾਮ ਭੋਗਪੁਰ ਦੀ ਤਕਦੀਰ ਦੇ ਟਿਮਕਣੇ ਐਸੇ ਚਮਕੇ ਕਿ ਕਦੇ ਸੁਰੇਸ਼ ਵਦੇਕਰ ਓਸ ਲਈ ਗਾ ਰਿਹਾ ਤੇ ਕਦੇ ਸਾਧਨਾ ਸਰਗਮ, ਕਦੇ ਕੰਵਰ ਗਰੇਵਾਲ ਤੇ ਕਦੇ ਹਰਗੁਣ ਕੌਰ।ਗੱਲ ਕਿ ਰਾਮ ਭੋਗਪੁਰ ਨੇ ਚੋਟੀ ਦੇ ਕਲਾਕਾਰਾਂ ਦੇ ਗਾਣੇ ਆਰ ਜੇ ਬੀਟ ਵਿਚੋਂ ਰਲੀਜ਼ ਕੀਤੇ ਹਨ।ਮਿਹਨਤ ਵੀ ਬਹੁਤ ਕੀਤੀ, ਕਦੇ ਪੰਜਾਬ ਵਿੱਚ ਸਟੇਜ ਤੇ ਜਾਣ ਲਈ ਹਾੜੇ ਤੇ ਹੁਣ ਕਲਾਕਾਰ ਹਾੜੇ ਕੱਢਣ ਕਿ ਸਾਡਾ ਨੰਬਰ ਰਲੀਜ਼ ਕਰੋ। ਖ਼ੈਰ ਤ੍ਰਿਪਤੀ ਸਕਿਆ, ਜਸਪਿੰਦਰ ਨਰੂਲਾ ਤੇ ਅੱਗੇ ਲਾਇਨ ਲੰਬੀ ਹੈ। ਸਾਥ ਪੂਰੀ ਸਾਬ।ਮੁਨੀਸ ਤੇ ਬਾਬਾ ਕਮਲ ਦਾ ਤੇ ਸਿਤਾਰੇ ਚਮਕਣ ਰਾਮ ਭੋਗਪੁਰ ਦੇ ਵਾਹ ਵਾਹ।

### ਹਰ ਕਿਸੇ ਨੂੰ ਨਾਜ ਇਸ ਸਾਲ ਹੋਊ, ਪੱਕੀ ਗੱਲ– ਹਰਨਾਜ ਸੰਧੂ

ਮਿਸ ਸੰਸਾਰ ਬਣ ਜਾਣਾ, ਮਿਸ ਯੂਨੀਵਰਸ ਬਣ ਜਾਣਾ ਆਮ ਜਿਹੀ ਗੱਲ ਨਹੀਂ ਹੈ ਪਰ ਕੋਹਾਲੀ ਪਿੰਡ ਗੁਰਦਾਸਪੁਰ ਦੀ ਜਾਈ ਹਰਨਾਜ ਸੰਧੂ ਨੇ ਬਣ ਦਿਖਾ ਦਿੱਤਾ।ਸੋਹਣੀ ਰੱਜ ਕਿ ਹੈ ਤੇ ਫ਼ਿਲਮਾਂ ਵਾਲੇ ਮਗਰ ਮਗਰ ਪੈਣੇ ਹੀ ਹਨ। ਲੰਬੀ ਬਹੁਤ ਤੇ ਛਮਕ ਜਿਹੀ ਪਤਲੀ, ਪਿਆਰੀ ਹਰਨਾਜ ਨੇ ਹੁਣ ਪੰਜਾਬੀ ਸਿਨੇ ਸੰਸਾਰ ਵਿੱਚ ਆਪਣੇ ਕੂਲੇ ਕੂਲੇ ਪੈਰ ਧਰ ਲਏ ਹਨ। 'ਬਾਈ ਜੀ ਕੁੱਟਣਗੇ' ਫ਼ਿਲਮ ਓਸ ਨੇ ਨਾਇਕਾ ਬਣ ਕੀਤੀ ਹੈ। ਇੱਕ ਹੋਰ ਫ਼ਿਲਮ 'ਯਾਰਾਂ ਦੀਆਂ ਪੌ ਬਾਰਾਂ' ਵੀ ਕੀਤੀ ਹੈ ਤੇ ਇਸ ਸਾਲ ਆਖਦੀ ਏ 4 ਫ਼ਿਲਮਾਂ ਹੋਰ ਹਨ। ਵਾਕਿਆ ਹੀ ਹਰ ਤੇ ਨਾਜ ਪਾਲੀਵੁੱਡ ਕਰ ਰਹੀ ਤੇ ਓਹ ਵੀ ਚਾਹੁੰਦੀ ਏ ਕਿ ਬਾਲੀਵੁੱਡ ਵੀ ਇਸ ਤਰਾਂ ਨਾਜ ਕਰੇ ਤਾਂ ਓਹ ਵੀ ਐਸ਼ਵਰਿਆ ਬਣ ਦਿਖਾਏ।ਬਾਕੀ ਗੱਲ ਤਕਦੀਰ ਦੀ ਪਰ ਹਰ ਕਿਸੇ ਨੂੰ ਨਾਜ ਏ ਕਿ ਪੰਜਾਬਣ ਸੰਧੂਆਂ ਦੀ ਕੁੜੀ ਧਮਾਲ ਪਾਏਗੀ।

### ਹਾਲੀਵੁੱਡ ਸਟਾਰ ਪਾਲੀਵੁੱਡ ਲਿਆਉਣੇ ਹੀ ਲਿਆਉਣੇ ਨੇ– ਇੰਦਰ ਜੇ. ਕੁਮਾਰ

ਬਹੁਤ ਵੱਡੀ ਗੱਲ ਇਸ ਸਾਲ ਪਾਲੀਵੁੱਡ ਲਈ ਹੋਣ ਵਾਲੀ ਏ ਤੇ ਵਿਨ ਮਰਅਲੇ,ਐਮਾ ਵਾਟਸਨ, ਵਿਨ ਡੀਜ਼ਲ ਜਿਹੇ ਹਾਲੀਵੁੱਡ ਸਟਾਰ ਪੰਜਾਬੀ ਫ਼ਿਲਮ ਵਿੱਚ ਦਿਖਾਈ ਦੇਣਗੇ। ਇੰਦਰ ਜੇ. ਕੁਮਾਰ 15 ਸਾਲ ਤੋਂ ਹਾਲੀਵੁੱਡ ਲਈ ਕੰਮ ਕਰ ਰਹੇ ਨੇ ਤੇ ਓਹਨਾਂ ਲਈ ਸਟੰਟ ਤੱਕ ਕਰਦੇ ਹਨ।ਆਪਣੀ ਭਾਸ਼ਾ ਪ੍ਰਤੀ ਪਿਆਰ ਕਿ ਓਹ ਇੱਕ ਅੰਗਰੇਜ਼ੀ ਤੇ ਪੰਜਾਬੀ ਫ਼ਿਲਮ ਤਿਆਰ ਕਰਨ ਦੀ ਕਥਾ ਪਟਕਥਾ ਤਿਆਰ ਕਰ ਰਹੇ ਹਨ। ਨਾਲ ਹੀ ਇੱਕ ਬਾਲੀਵੁੱਡ ਸ਼ੋ ਤਾਂ ਕਿ ਇਹ ਅਮਰੀਕਨ ਫ਼ਿਲਮਾਂ ਦੇ ਸਿਤਾਰੇ ਭਾਰਤ ਆਓਣ ਤੇ ਇਥੇ ਹੀ ਓਹਨਾਂ ਦੇ ਦ੍ਰਿਸ਼ ਲਏ ਜਾਣ। ਕੰਮ ਬਹੁਤ ਵੱਡਾ ਪਰ ਇੰਦਰ ਲਈ ਕੋਈ ਦਿੱਕਤ ਨਹੀਂ ਓਹ 155 ਹਾਲੀਵੁੱਡ ਫ਼ਿਲਮਾਂ ਕਰ ਚੁੱਕੇ ਹਨ। ਇੰਦਰ ਨੇ ਪੰਜਾਬੀ ਗਾਇਕ ਕਾਕਾ ਤੇ ਬਾਲੀਵੁੱਡ ਗਾਇਕ ਬੀ ਪ੍ਰਾਕ਼ ਦੇ ਸ਼ੋ ਕਰਵਾਏ ਹਨ।ਇਸ ਤਰਾਂ ਇੱਕ ਵੱਡੇ ਪੱਧਰ ਦੀ ਪੰਜਾਬੀ ਫ਼ਿਲਮ ਹਾਲੀਵੁੱਡ ਸਿਤਾਰਿਆਂ ਨਾਲ ਸੱਜੀ ਹੋਈ ਇਸ ਸਾਲ ਆਏ, ਕਾਮਨਾ ਕਰਦੇ ਹਾਂ,ਇਹ ਬਹੁਤ ਮਾਣ ਵਾਲੀ ਗੱਲ ਪਾਲੀਵੁੱਡ ਲਈ ਹੋਏਗੀ।

## ਆਪਣੀ ਸਾਹਿਤਕ ਕਲਮ ਰਾਹੀਂ ਤੇ ਕਵਿਤਾ, ਗੀਤ ਰੂਪ ਦੇਣ ਵਾਲੇ ਮਲਕੀਤ ਸਿੰਘ ਦਿਓਲ

ਪੰਜਾਬੀ ਫ਼ਿਲਮਾਂ ਰਾਹੀਂ, ਆਪਣੀ ਸਾਹਿਤਕ ਕਲਮ ਰਾਹੀਂ ਤੇ ਕਵਿਤਾ, ਗੀਤ ਰੂਪ ਵਿੱਚ ਤਾਂ ਲਿਖ ਆਪਣੇ ਅਮੀਰ ਪੰਜਾਬੀ ਵਿਰਸੇ ਨੂੰ ਸੰਭਾਲਣ ਲਈ ਯੋਗਦਾਨ ਦੇ ਰਹੇ ਮਲਕੀਤ ਸਿੰਘ ਦਿਓਲ ਸਮੇਂ ਸਮੇਂ ਤੇ ਸਮਾਜ ਸੇਵਾ ਰਾਹੀਂ ਪੰਜਾਬੀ ਖ਼ੂਨ ਤੋਂ ਮਾਨਵਤਾ ਦੇ ਪਹਿਰੇਦਾਰ ਦਾ ਅਹਿਸਾਸ ਕਰਵਾਉਂਦੇ ਹਨ। ਇਸ ਦੇ ਨਾਲ ਓਹ ਸੱਭਿਆਚਾਰਕ ਮੇਲੇ ਤੇ ਸੰਗੀਤ ਦੇ ਪ੍ਰੋਗਰਾਮ ਵੀ ਕਰਵਾਏ ਜਾਣ ਲਈ ਸਰਗਰਮ ਰਹਿੰਦੇ ਹਨ। ਹੁਣ, "ਧੀਆਂ ਦੀ ਲੋਹੜੀ" ਆਯੋਜਿਤ ਕਰ ਰਹੇ ਹਨ। ਮਲਕੀਤ ਸਿੰਘ ਦਿਓਲ ਲੁਧਿਆਣਾ ਨਾਲ ਸੰਬੰਧਿਤ ਹਨ ਤੇ ਓਹਨਾਂ ਦੀ ਕਵਿਤਾ ਤੇ ਗੀਤ ਸੋਸ਼ਲ ਮੀਡੀਆ ਯੂਟਿਊਬ ਤੇ ਵੀ ਮੌਜੂਦ ਹਨ।ਨਾਲ ਹੀ ਡੀ ਡੀ ਪੰਜਾਬੀ ਤੇ ਅਕਸਰ ਸਾਹਿਤਕ ਸਮਾਗਮ ਸ਼ਿਰਕਤ ਓਹਨਾਂ ਦੀ ਹੁੰਦੀ ਹੈ।ਮਲਕੀਤ ਸਿੰਘ ਦਿਓਲ ਨੇ "ਜਾਗੋ ਪੰਜਾਬ" ਫ਼ਿਲਮ ਨਾਲ ਸੁਸਤ ਪਏ ਪੰਜਾਬੀ ਬੁਰਾਈਆਂ ਦੇ ਪਾਤਰ ਨੂੰ ਅੱਗੇ ਲਿਆ ਪੰਜਾਬੀਆਂ ਨੂੰ ਸੁਚੇਤ ਕੀਤਾ ਤੇ "ਨੰਨ੍ਹੀ ਛਾਂ" ਬੇਟੀਆਂ ਤੇ ਫ਼ਿਲਮ ਰਲੀਜ਼ ਕੀਤੀ। ਮਲਕੀਤ ਸਿੰਘ ਦਿਓਲ "ਸੰਘਰਸ਼" ਦਾ ਨਿਰਮਾਣ ਵੀ ਕਰ ਚੁੱਕੇ ਹਨ।ਓਹਨਾਂ ਨੇ ਕਿਹਾ ਕਿ ਮੇਰੇ ਗੀਤ ਪੰਜਾਬ ਦੇ ਰਿਸ਼ਤਿਆਂ ਨਾਤਿਆਂ ਤੇ ਅਸਲ ਤੱਥਾਂ ਤੇ ਅਧਾਰਿਤ ਹੁੰਦੇ ਹਨ। ਕਹਾਣੀ ਹਮੇਸ਼ਾ ਓਹ ਜਾਗ੍ਰਿਤ ਹੋਏ ਸਮਾਜ ਲਈ ਲਿਖਦੇ ਹਨ।ਸਮਾਜ ਸੇਵੀ ਤੇ ਲੇਖਕ ਦਿਓਲ ਹੁਣ ਨਿਰਮਾਤਾ ਤੇਨਿਰਦੇਸ਼ਕ ਵੀ ਬਣ ਗਏ ਹਨ। ਜਲਦੀ ਹੀ ਓਹ ਇੱਕ ਵੱਡੀ ਪੰਜਾਬੀ ਫ਼ਿਲ੍ਮ ਕਰਨਗੇ ਜਿਸ ਲਈ ਤਿਆਰੀ ਜਾਰੀ ਹੈ। ਇਹ ਸੋਚ ਏ ਕਿ ਪੰਜਾਬੀ ਵਿਰਸਾ ਹੋਰ ਉਤਸ਼ਾਹਿਤ ਹੋਏ,ਪੰਜਾਬੀ ਗਾਇਕੀ ਤੇ ਸੰਗੀਤ ਦੇ ਨਵੇਂ ਸਿਤਾਰੇ ਅੱਗੇ ਲਿਆਵਾਂ ਤੇ ਫ਼ਿਲਮਾਂ ਦੇ ਨਾਲ ਖ਼ੁਦ ਚੰਗੇ ਪੰਜਾਬੀ ਸਮਾਜ ਦਾ ਚੇਹਰਾ ਦੁਨੀਆਂ ਨੂੰ ਦਿਖਾਵਾਂ। ਮਲਕੀਤ ਸਿੰਘ ਦਿਓਲ ਦੇ ਇਹਨਾਂ ਕਾਰਜਾਂ ਨੂੰ ਦੇਖ ਕਿਹਾ ਜਾ ਸਕਦਾ ਏ ਕਿ ਵਿਰਾਸਤ ਤੇ ਕਲਮ ਦਾ ਇਹ ਪਹਿਰੇਦਾਰ ਪੰਜਾਬੀ ਮਨੋਰੰਜਨ ਤੇ ਸਮਾਜਿਕ ਖੇਤਰ ਨੂੰ ਹਰ ਪਲ ਕੁੱਝ ਦੇਣ ਲਈ ਸਰਗਰਮ ਹੈ। **– ਅੰਮ੍ਰਿਤ ਪਵਾਰ**



## ਆਮ ਚੋਣਾਂ ਦੇ ਬਾਵਜੂਦ ਆਈਪੀਐੱਲ ਭਾਰਤ ’ਚ ਹੀ ਹੋਵੇਗਾ

ਨਵੀਂ ਦਿੱਲੀ– ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀਸੀਸੀਆਈ) ਦੇ ਸੂਤਰਾਂ ਅਨੁਸਾਰ ਦੇਸ਼ ਵਿੱਚ ਲੋਕ ਸਭਾ ਚੋਣਾਂ ਹੋਣ ਦੇ ਬਾਵਜੂਦ ਇੰਡੀਅਨ ਪ੍ਰੀਮੀਅਰ ਲੀਗ (ਆਈਪੀਐੱਲ) ਭਾਰਤ ਵਿੱਚ ਹੋਣ ਦੀ ਸੰਭਾਵਨਾ ਹੈ। ਇਹ ਟੂਰਨਾਮੈਂਟ 22 ਮਾਰਚ ਨੂੰ ਸ਼ੁਰੂ ਹੋਣ ਦੀ ਸੰਭਾਵਨਾ ਹੈ ਅਤੇ ਆਮ ਚੋਣਾਂ ਵੀ ਇਸ ਸਮੇਂ ਦੌਰਾਨ ਹੋਣ ਦੀਆਂ ਕਿਆਸਅਰਾਈਆਂ ਹਨ। ਬੀਸੀਸੀਆਈ ਦੇ ਸੂਤਰਾਂ ਨੇ ਪੁਸ਼ਟੀ ਕੀਤੀ ਕਿ ਆਈਪੀਐੱਲ ਭਾਰਤ ਵਿੱਚ ਖੇਡਿਆ ਜਾਵੇਗਾ। ਅਜਿਹਾ ਕੁਝ ਵੀ ਨਹੀਂ ਹੈ, ਟੂਰਨਾਮੈਂਟ ਨੂੰ ਦੇਸ਼ ਤੋਂ ਬਾਹਰ ਤਬਦੀਲ ਕਰਨਾ ਪਏ। ਜੇ ਕੋਈ ਰਾਜ ਕਿਸੇ ਜਾਇਜ਼ ਕਾਰਨ ਉਸ ਸਮੇਂ ਮੈਚ ਦੀ ਮੇਜ਼ਬਾਨੀ ਨਹੀਂ ਕਰਨਾ ਚਾਹੁੰਦਾ ਤਾਂ ਮੈਚ ਕਿਸੇ ਹੋਰ ਸਥਾਨ ‘ਤੇ ਬਦਲ ਦਿੱਤਾ ਜਾਵੇਗਾ।




### ਏਸ਼ਿਆਈ ਟੀਮ ਚੈਂਪੀਅਨਸ਼ਿਪ ਨਾਲ ਪੀਵੀ ਸਿੰਧੂ ਵਾਪਸੀ ਲਈ ਤਿਆਰ

ਗੋਡੇ ਦੀ ਸੱਟ ਤੋਂ ਉਭਰ ਰਹੀ ਦੋ ਵਾਰ ਦੀ ਓਲੰਪਿਕ ਤਗਮਾ ਜੇਤੂ ਬੈਡਮਿੰਟਨ ਖਿਡਾਰਨ ਪੀਵੀ ਸਿੰਧੂ ਏਸ਼ਿਆਈ ਟੀਮ ਚੈਂਪੀਅਨਸ਼ਿਪ ਵਿੱਚ ਵਾਪਸੀ ਕਰੇਗੀ। ਅੱਜ ਉਸ ਨੂੰ ਇਸ ਵੱਕਾਰੀ ਟੂਰਨਾਮੈਂਟ ਲਈ ਭਾਰਤੀ ਟੀਮ ਵਿੱਚ ਸ਼ਾਮਲ ਕੀਤਾ ਗਿਆ ਸੀ। ਐੱਚਐੱਸ ਪ੍ਰਣੌਏ 13 ਤੋਂ 19 ਫਰਵਰੀ ਤੱਕ ਮਲੇਸ਼ੀਆ ’ਚ ਹੋਣ ਵਾਲੇ ਵੱਕਾਰੀ ਮਹਾਦੀਪੀ ਮੁਕਾਬਲੇ ਵਿੱਚ ਭਾਰਤੀ ਟੀਮ ਦੀ ਅਗਵਾਈ ਕਰੇਗਾ। ਸਿੰਧੂ ਤੋਂ ਇਲਾਵਾ 16 ਸਾਲ ਦੀ ਸੀਨੀਅਰ ਕੌਮੀ ਚੈਂਪੀਅਨ ਅਨਮੋਲ, ਏਸ਼ਿਆਈ ਜੂਨੀਅਰ ਚੈਂਪੀਅਨਸ਼ਿਪ ਵਿੱਚ ਤਗਮਾ ਜੇਤੂ ਤਨਵੀ ਸ਼ਰਮਾ ਅਤੇ ਅਸ਼ਮਿਤਾ ਚਾਲੀਹਾ ਨੂੰ ਮਹਿਲਾ ਵਰਗ ’ਚ ਜਗ੍ਹਾ ਮਿਲੀ ਹੈ। ਪੁਰਸ਼ ਟੀਮ ’ਚ ਕਿਦਾਂਬੀ ਸ੍ਰੀਕਾਂਤ, ਲਕਸ਼ੈ ਸੇਨ ਤੇ ਉਸ ਦਾ ਵੱਡਾ ਭਰਾ ਚਿਰਾਗ ਵੀ ਸ਼ਾਮਲ ਹੈ।

### ਨਿਸ਼ਾਨੇਬਾਜ਼ੀ: ਰੁਦਰਾਂਕਸ਼ ਤੇ ਮੇਹੁਲੀ ਨੇ ਸੋਨ ਤਗਮਾ ਜਿੱਤਿਆ

ਰੁਦਰਾਂਕਸ਼ ਪਾਟਿਲ ਅਤੇ ਮੇਹੁਲੀ ਘੋਸ਼ ਦੀ ਜੋੜੀ ਨੇ ਅੱਜ ਇੱਥੇ 10 ਮੀਟਰ ਏਅਰ ਰਾਈਫਲ ਮਿਕਸਡ ਟੀਮ ਮੁਕਾਬਲਾ ਜਿੱਤ ਕੇ ਭਾਰਤ ਨੂੰ ਨਿਸ਼ਾਨੇਬਾਜ਼ੀ ਏਸ਼ਿਆਈ ਓਲੰਪਿਕ ਕੁਆਲੀਫਾਇਰ ’ਚ ਪੰਜਵਾਂ ਸੋਨ ਤਗਮਾ ਜਿਤਾਇਆ। ਭਾਰਤੀ ਜੋੜੀ ਨੇ ਫਾਈਨਲ ਵਿੱਚ ਸ਼ੇਨ ਯੁਫਾਨ ਅਤੇ ਜ਼ੂ ਮਿੰਗਸ਼ੁਆਈ ਦੀ ਚੀਨੀ ਜੋੜੀ ਨੂੰ 16-10 ਨਾਲ ਹਰਾਇਆ। ਉਧਰ ਰਿਦਮ ਸਾਂਗਵਾਨ ਅਤੇ ਅਰਜੁਨ ਸਿੰਘ ਚੀਮਾ ਦੀ ਜੋੜੀ ਨੂੰ 10 ਮੀਟਰ ਏਅਰ ਪਿਸਟਲ ਮਿਕਸਡ ਟੀਮ ਮੁਕਾਬਲੇ ਵਿੱਚ ਚਾਂਦੀ ਦੇ ਤਗਮੇ ਨਾਲ ਹੀ ਸਬਰ ਕਰਨਾ ਪਿਆ। ਜੂਨੀਅਰ ਮਿਕਸਡ ਟੀਮ ਏਅਰ ਰਾਈਫਲ ਵਰਗ ਵਿੱਚ ਈਸ਼ਾ ਟਕਸਾਲੇ ਅਤੇ ਉਮਾਮਹੇਸ਼ ਦੀ ਜੋੜੀ ਨੇ ਸੋਨ ਤਗਮਾ ਜਿੱਤਿਆ।